ਸ਼ੁੱਕਰਵਾਰ, 15 ਅਗਸਤ, 2025
31 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 75

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 15 AUGUST, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

## ਚੋਣ ਕਮਿਸ਼ਨ ਆਖਰ ਲਿਫਿਆ

### ਬਿਹਾਰ ਦੇ 65 ਲੱਖ ਵੋਟਰਾਂ ਦੇ ਕੱਟੇ ਨਾਂਅ ਡਿਸਪਲੇਅ ਕਰਨੇ ਤੇ ਆਧਾਰ ਕਾਰਡ ਦਿਖਾਉਣ 'ਤੇ ਮੁੜ ਸ਼ਾਮਲ ਕਰਨੇ ਮੰਨਿਆ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਫਤਵਾ ਦਿੱਤਾ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਤੋਂ ਬਾਅਦ ਜਾਰੀ ਖਰੜੇ ਵਿੱਚ ਜਿਨ੍ਹਾਂ 65 ਲੱਖ ਵੋਟਰਾਂ ਦੇ ਨਾਂਅ ਹਟਾਏ ਗਏ ਹਨ, ਉਹ ਆਧਾਰ ਕਾਰਡ ਦਿਖਾ ਕੇ ਨਾਂਅ ਸ਼ਾਮਲ ਕਰਨ ਦਾ ਦਾਅਵਾ ਕਰ ਸਕਦੇ ਹਨ। ਕੋਰਟ ਨੇ ਚੋਣ ਕਮਿਸ਼ਨ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਕੱਟੇ ਵੋਟਰਾਂ ਦੇ ਨਾਂਵਾਂ ਬਾਰੇ ਵੋਟ ਕੱਟਣ ਦੇ ਕਾਰਨਾਂ ਸਮੇਤ ਅਖ਼ਬਾਰਾਂ, ਰੇਡੀਓ ਤੇ ਟੀ ਵੀ ਮੀਡੀਆ ਰਾਹੀਂ ਵਿਆਪਕ ਪ੍ਰਚਾਰ ਕਰੇ।

ਜਸਟਿਸ ਸੂਰੀਆ ਕਾਂਤ ਤੇ ਜਸਟਿਸ ਜੋਇਮਾਲਿਆ ਬਾਗਚੀ ਦੀ ਬੈਂਚ ਨੇ ਚੋਣ ਕਮਿਸ਼ਨ ਨੂੰ ਉਸ ਦੇ ਨਿਰਦੇਸ਼ਾਂ ਦੀ ਪਾਲਣਾ ਬਾਰੇ 22 ਅਗਸਤ ਤੱਕ ਹਲਫਨਾਮਾ ਦਾਖਲ ਕਰਨ ਦੀ ਹਦਾਇਤ ਵੀ ਕੀਤੀ ਹੈ।

ਕੁਝ ਦਿਨਾਂ ਤੋਂ ਲਗਾਤਾਰ ਚੱਲ ਰਹੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਪੁੱਛਿਆ ਕਿ ਤੁਸੀਂ ਉਨ੍ਹਾਂ ਲੋਕਾਂ ਦੇ ਨਾਂਅ ਕਿਉਂ ਨਹੀਂ ਦੱਸ ਰਹੇ, ਜਿਹੜੇ ਮਰ ਗਏ ਹਨ, ਪ੍ਰਵਾਸ ਕਰ ਗਏ ਹਨ ਜਾਂ ਹੋਰਨਾਂ ਹਲਕਿਆਂ ਵਿੱਚ ਚਲੇ ਗਏ ਹਨ? ਚੋਣ ਕਮਿਸ਼ਨ ਨੇ ਪਹਿਲਾਂ ਕਿਹਾ ਸੀ ਕਿ ਉਹ ਕਾਨੂੰਨ ਮੁਤਾਬਕ ਇਸ ਦਾ ਪਾਬੰਦ ਨਹੀਂ ਤੇ ਅਜਿਹੇ ਨਾਂਅ ਸੂਬੇ ਦੀਆਂ ਸਿਆਸੀ ਪਾਰਟੀਆਂ ਨੂੰ ਪਹਿਲਾਂ ਹੀ ਦੇ ਦਿੱਤੇ ਹਨ। ਸੁਪਰੀਮ ਕੋਰਟ ਨੇ ਪੁੱਛਿਆ ਕਿ ਇਹ ਨਾਂਅ ਵੈੱਬਸਾਈਟ 'ਤੇ ਕਿਉਂ ਨਹੀਂ ਡਿਸਪਲੇਅ ਕੀਤੇ ਜਾ ਸਕਦੇ, ਤਾਂ ਕਿ ਪ੍ਰਭਾਵਤ ਲੋਕ ਦਰੁਸਤੀ ਕਰਵਾ ਸਕਣ। ਕੋਰਟ ਨਹੀਂ ਚਾਹੁੰਦੀ ਕਿ ਨਾਗਰਿਕ ਸਿਆਸੀ ਪਾਰਟੀਆਂ 'ਤੇ ਨਿਰਭਰ ਰਹਿਣ। ਸੁਪਰੀਮ ਕੋਰਟ ਦੀ ਖਿਚਾਈ ਤੋਂ ਬਾਅਦ ਚੋਣ ਕਮਿਸ਼ਨ ਕੱਟੇ ਨਾਵਾਂ ਨੂੰ ਲੋਕਾਂ ਨਾਲ ਸਾਂਝੇ ਕਰਨਾ ਮੰਨ ਗਿਆ।

ਸੁਪਰੀਮ ਕੋਰਟ ਨੇ ਕਿਹਾ ਕਿ ਕੱਟੇ ਵੋਟਰਾਂ ਦੇ ਨਾਂਅ ਜ਼ਿਲ੍ਹਾ ਪੱਧਰੀ ਵੈੱਬਸਾਈਟਾਂ, ਸਾਰੇ ਪੰਚਾਇਤ ਭਵਨਾਂ, ਬਲਾਕ ਵਿਕਾਸ ਤੇ ਪੰਚਾਇਤ ਦਫਤਰਾਂ ਦੇ ਨੋਟਿਸ ਬੋਰਡਾਂ 'ਤੇ ਡਿਸਪਲੇਅ ਕੀਤੇ ਜਾਣ ਤੇ ਇਹ ਵੀ ਦੱਸਿਆ ਜਾਵੇ ਕਿ ਨਾਂਅ ਕਿਉਂ ਕੱਟੇ। ਕੋਰਟ ਨੇ ਇਹ ਵੀ ਕਿਹਾ ਕਿ ਜਿਹੜੇ ਭਾਸ਼ਾਈ ਅਖਬਾਰ ਕਾਫੀ ਛਪਦੇ ਹਨ ਅਤੇ ਦੂਰਦਰਸ਼ਨ ਤੇ ਹੋਰਨਾਂ ਚੈਨਲਾਂ 'ਤੇ ਇਸ ਬਾਰੇ ਜਾਣਕਾਰੀ ਦਿੱਤੀ ਜਾਵੇ।

## ਲੈਂਡ ਪੂਲਿੰਗ ਨੀਤੀ ਵਾਪਸ ਲੈਣ ਨੂੰ ਕੈਬਨਿਟ ਦੀ ਮਨਜ਼ੂਰੀ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵੀਰਵਾਰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਲਈ ਪ੍ਰਵਾਨਗੀ ਦੇ ਦਿੱਤੀ ਗਈ।ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ 164 ਪਿੰਡਾਂ ਵਿੱਚ 65533 ਏਕੜ ਜ਼ਮੀਨ ਐਕੁਆਇਰ ਕੀਤੀ ਜਾਣੀ ਸੀ, ਪਰ ਕਿਸਾਨਾਂ ਤੇ ਆਪੋਜ਼ੀਸ਼ਨ ਪਾਰਟੀਆਂ ਦੇ ਵਿਰੋਧ ਤੋਂ ਬਾਅਦ ਸਰਕਾਰ ਨੇ ਨੀਤੀ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਸੀ।ਇਸ ਦੌਰਾਨ ਕਿਸਾਨ ਜਥੇਬੰਦੀਆਂ ਨੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਨੋਟੀਫਿਕੇਸ਼ਨ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਸੀ।

ਕੈਬਨਿਟ ਨੇ ਪੰਜਾਬੀ ਸਹਿਕਾਰੀ ਸੁਸਾਇਟੀਆਂ ਐਕਟ 1961 ਵਿੱਚ ਸੋਧ ਅਤੇ ਸਹਿਕਾਰੀ ਸੁਸਾਇਟੀਆਂ ਦੀਆਂ ਕੁੱਝ ਸ਼੍ਰੇਣੀਆਂ ਲਈ ਅਸ਼ਟਾਮ ਡਿਊਟੀ ਤੇ ਰਜਿਸਟਰੇਸ਼ਨ ਫੀਸ ਛੋਟਾਂ ਵਾਪਸ ਲੈਣ ਦੀ ਪ੍ਰਵਾਨਗੀ ਵੀ ਦਿੱਤੀ। ਪੰਜਾਬ ਸਹਿਕਾਰੀ ਸੁਸਾਇਟੀਆਂ ਐਕਟ 1961 ਤਹਿਤ ਲਾਜ਼ਮੀ ਰਜਿਸਟਰੇਸ਼ਨ ਲਈ ਛੋਟਾਂ ਦਿੱਤੀਆਂ ਗਈਆਂ ਸਨ, ਜੋ ਅਸਲ ਵਿੱਚ ਸਹਿਕਾਰੀ ਸੰਸਥਾਵਾਂ ਦੇ ਵਿਕਾਸ ਨੂੰ ਸੁਚਾਰੂ ਬਣਾਉਣ ਲਈ ਸਨ, ਪਰ ਇਸ ਨਾਲ ਇਕ ਅਜਿਹੀ ਸਥਿਤੀ ਪੈਦਾ ਹੋ ਗਈ, ਜੋ ਜਾਇਦਾਦ ਦੇ ਲੈਣ-ਦੇਣ (ਖਾਸ ਕਰਕੇ ਸ਼ਹਿਰੀ ਹਾਊਸਿੰਗ ਸਭਾਵਾਂ ਵਿੱਚ) ਨੂੰ ਰਸਮੀ ਰਜਿਸਟਰੇਸ਼ਨ ਜਾਂ ਅਸ਼ਟਾਮ ਡਿਊਟੀ ਅਤੇ ਰਜਿਸਟਰੇਸ਼ਨ ਫੀਸ ਦੇ ਭੁਗਤਾਨ ਤੋਂ ਬਿਨਾਂ ਹੋਣ ਦੀ ਆਗਿਆ ਦਿੰਦੀ ਸੀ। ਇਸ ਨਾਲ ਗ਼ੈਰ ਰਜਿਸਟਰਡ ਕਬਜ਼ੇ, ਬੇਨਾਮੀ ਲੈਣ-ਦੇਣ ਅਤੇ ਕਾਨੂੰਨੀ ਪੱਖੋਂ ਜੋਖ਼ਮ ਵਾਲੇ ਹੋਰ ਪ੍ਰਬੰਧਾਂ ਨੂੰ ਹੁਲਾਰਾ ਮਿਲਿਆ। ਇਸ ਲਈ ਇਸ ਐਕਟ ਦੀ ਧਾਰਾ 37 ਵਿੱਚ ਸੋਧ ਕਰਕੇ ਧਾਰਾ 2 ਅਤੇ 3 ਜੋੜੀ ਗਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸੂਬਾ ਸਰਕਾਰ ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਰਾਹੀਂ ਇਹ ਨਿਰਦੇਸ਼ ਦੇ ਸਕਦੀ ਹੈ ਕਿ ਉਪ ਧਾਰਾ (1) ਜਾਂ ਇਸ ਦੇ ਕਿਸੇ ਵੀ ਹਿੱਸੇ ਅਧੀਨ ਸਹਿਕਾਰੀ ਸਭਾਵਾਂ ਦੇ ਅਜਿਹੇ ਵਰਗ ਜਾਂ ਵਰਗਾਂ ਜਾਂ ਵਿਸ਼ੇਸ਼ ਪ੍ਰਬੰਧਾਂ ਦੀਆਂ ਅਜਿਹੀਆਂ ਸ਼੍ਰੇਣੀਆਂ ਜਿਵੇਂ ਕਿ ਨੋਟੀਫਿਕੇਸ਼ਨ ਵਿੱਚ ਦਰਸਾਇਆ ਜਾ ਸਕਦਾ ਹੈ, ਮੁਤਾਬਕ ਛੋਟ ਹੋਵੇਗੀ। ਅਜਿਹਾ ਨੋਟੀਫਿਕੇਸ਼ਨ ਜਾਰੀ ਹੋਣ 'ਤੇ ਨੋਟੀਫਾਈ ਕੀਤੇ ਵਿਸ਼ੇਸ਼ ਪ੍ਰਬੰਧ ਭਾਰਤੀ ਰਜਿਸਟਰੇਸ਼ਨ ਐਕਟ, 1908 ਦੀ ਧਾਰਾ 17 ਦੀ ਉਪ-ਧਾਰਾ (1) ਦੇ ਉਪ-ਧਾਰਾ (ਬੀ) ਤੇ (ਸੀ) ਦੇ ਦਾਇਰੇ ਵਿੱਚ ਆਉਂਦਾ ਮੰਨਿਆ ਜਾਵੇਗਾ ਅਤੇ ਇਸ ਅਨੁਸਾਰ ਉਸ ਐਕਟ ਅਧੀਨ ਲਾਜ਼ਮੀ ਰਜਿਸਟਰੇਸ਼ਨ ਅਧੀਨ ਹੋਵੇਗਾ।

ਢੁਕਵੀਂ ਕਾਰਜਕੁਸ਼ਲਤਾ ਤੇ ਨਿਗਰਾਨੀ ਰਾਹੀਂ ਪੇਂਡੂ ਇਲਾਕਿਆਂ ਦੇ ਵਿਕਾਸ ਨੂੰ ਰਫ਼ਤਾਰ ਦੇਣ ਲਈ ਕੈਬਨਿਟ ਨੇ ਪੰਚਾਇਤ ਸਕੱਤਰਾਂ ਤੇ ਗ੍ਰਾਮ ਸੇਵਕਾਂ (ਪਿੰਡ ਵਿਕਾਸ ਅਫ਼ਸਰਾਂ) ਦੇ ਕਾਡਰ ਦਾ ਰਲੇਵਾਂ ਕਰਕੇ 'ਪੰਚਾਇਤ ਵਿਕਾਸ ਸਕੱਤਰ' ਦੀ ਅਸਾਮੀ ਸਿਰਜਣ ਦੀ ਮਨਜ਼ੂਰੀ ਵੀ ਦੇ ਦਿੱਤੀ। ਇਸ ਤੋਂ ਬਾਅਦ ਪੰਜਾਬ ਭਰ ਵਿੱਚ ਪੇਂਡੂ ਵਿਕਾਸ ਨੂੰ ਤੇਜ਼ ਕਰਨ ਲਈ ਇਨ੍ਹਾਂ ਅਸਾਮੀਆਂ ਲਈ ਇਕ ਸੂਬਾਈ ਕਾਡਰ ਦਾ ਗਠਨ ਕੀਤਾ ਜਾਵੇਗਾ। ਮੌਜੂਦਾ ਪੰਚਾਇਤ ਸਕੱਤਰਾਂ ਲਈ ਇਕ 'ਡਾਇੰਗ ਕਾਡਰ' ਦੀ ਸਿਰਜਣਾ ਕੀਤੀ ਜਾਵੇਗੀ, ਜਿਨ੍ਹਾਂ ਨੂੰ ਉਨ੍ਹਾਂ ਦੇ ਸਵੈ-ਘੋਸ਼ਣਾ ਪੱਤਰਾਂ ਦੇ ਆਧਾਰ ਉਪਰ ਅਤੇ ਉਨ੍ਹਾਂ ਦੀ ਸੀਨੀਆਰਤਾ ਦੇ ਅਨੁਸਾਰ ਸੀਨੀਆਰਤਾ ਸੂਚੀ ਵਿੱਚ ਮੌਜੂਦਾ ਗ੍ਰਾਮ ਸੇਵਕਾਂ (ਵੀ.ਡੀ.ਓ.) ਦੇ ਬਾਅਦ ਰੱਖਿਆ ਜਾਵੇਗਾ।

## ਢਾਹਾਂ ਸਾਹਿਤ ਪੁਰਸਕਾਰ ਲਈ ਪਰਵਾਨਾ, ਰਸੂਲਪੁਰੀ ਤੇ ਬਸ਼ੀਰ ਸਿਲੈਕਟ



**ਸਰੀ** : ਪੰਜਾਬੀ ਦੇ ਸਭ ਤੋਂ ਵੱਧ ਰਾਸ਼ੀ ਵਾਲੇ ਢਾਹਾਂ ਸਾਹਿਤ ਪੁਰਸਕਾਰਾਂ ਲਈ ਸਾਲ 2025 ਵਾਸਤੇ ਤਿੰਨ ਪੰਜਾਬੀ ਪੁਸਤਕਾਂ ਤੇ ਉਨ੍ਹਾਂ ਦੇ ਲੇਖਕਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਤਿੰਨ ਫਾਈਨਲਿਸਟਾਂ ਵਿੱਚ ਉਘੇ ਲੇਖਕ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ', ਪਾਕਿਸਤਾਨੀ ਲੇਖਕ ਮੁਦੱਸਰ ਬਸ਼ੀਰ ਦੇ ਨਾਵਲ 'ਗੋਇਲ' ਅਤੇ ਕਹਾਣੀਕਾਰ ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਨੂੰ ਚੁਣਿਆ ਗਿਆ ਹੈ। 25000 ਹਜ਼ਾਰ ਡਾਲਰ ਦੇ ਪਹਿਲੇ ਇਨਾਮ ਅਤੇ 10-10 ਹਜ਼ਾਰ ਦੇ ਦੋ ਦੂਸਰੇ ਇਨਾਮਾਂ ਅਤੇ 6000 ਡਾਲਰ ਦੇ ਲਿਪੀਅੰਤਰ ਇਨਾਮ ਸਮੇਤ ਕੁਲ 51,000 ਡਾਲਰ ਦੇ ਇਨਾਮਾਂ ਲਈ ਮੁੱਖ ਸਮਾਗਮ 13 ਨਵੰਬਰ ਨੂੰ ਨਾਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿਖੇ ਕੀਤਾ ਜਾਵੇਗਾ, ਜਿਥੇ ਜੇਤੂ ਸਾਹਿਤਕਾਰਾਂ ਨੂੰ ਸਨਮਾਨਤ ਕੀਤਾ ਜਾਵੇਗਾ।

ਜਿਊਰੀ ਨੂੰ ਇਸ ਸਾਲ ਇਸ ਪੁਰਸਕਾਰ ਲਈ ਭਾਰਤ, ਕੈਨੇਡਾ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂ ਕੇ ਤੋਂ 55 ਯੋਗ ਅਰਜ਼ੀਆਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ ਉਕਤ ਤਿੰਨ ਪੁਸਤਕਾਂ ਤੇ ਲੇਖਕਾਂ ਦੀ ਚੋਣ ਕੀਤੀ ਗਈ।ਪਹਿਲੇ ਇਨਾਮ ਜੇਤੂ ਦਾ ਐਲਾਨ ਸਮਾਰੋਹ ਦੌਰਾਨ ਕੀਤਾ ਜਾਵੇਗਾ।

## ਦਰਜਾ ਬਹਾਲੀ ਦੀ ਸੁਣਵਾਈ ਦੌਰਾਨ ਚੀਫ ਜਸਟਿਸ ਵੱਲੋਂ ਪਹਿਲਗਾਮ ਦਾ ਜ਼ਿਕਰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਦਾ ਰਾਜ ਵਜੋਂ ਦਰਜਾ ਬਹਾਲ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਕੇਂਦਰ ਤੋਂ ਜਵਾਬ ਮੰਗ ਲਿਆ ਹੈ। ਚੀਫ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੀ ਸ਼ਮੂਲੀਅਤ ਵਾਲੀ ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ਦਾ ਵੀ ਨੋਟਿਸ ਲਿਆ ਕਿ 'ਫੈਸਲਾ ਲੈਣ ਦੇ ਅਮਲ ਵਿਚ ਕਈ ਗੱਲਾਂ 'ਤੇ ਵਿਚਾਰ ਸ਼ਾਮਲ ਹਨ।'

ਸਿੱਖਿਆ ਸ਼ਾਸਤਰੀ ਜ਼ਹੂਰ ਅਹਿਮਦ ਭੱਟ ਅਤੇ ਸਮਾਜੀ-ਸਿਆਸੀ ਕਾਰਕੁੰਨ ਅਹਿਮਦ ਮਲਿਕ ਵੱਲੋਂ ਦਾਇਰ ਪਟੀਸ਼ਨ ਨੂੰ ਅੱਠ ਹਫਤਿਆਂ ਬਾਅਦ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ।ਭੱਟ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਜਲਦੀ ਸੁਣਵਾਈ ਦੀ ਮੰਗ ਕੀਤੀ ਤਾਂ ਚੀਫ ਜਸਟਿਸ ਨੇ ਕਿਹਾ, "ਪਹਿਲਗਾਮ ਵਿੱਚ ਜੋ ਕੁਝ ਹੋਇਆ, ਤੁਸੀਂ ਉਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ... ਇਹ ਸੰਸਦ ਅਤੇ ਕਾਰਜਪਾਲਿਕਾ ਦਾ ਫੈਸਲਾ ਹੈ।"

ਸੁਪਰੀਮ ਕੋਰਟ ਨੇ 11 ਦਸੰਬਰ, 2023 ਨੂੰ ਸੁਣਾਏ ਹੁਕਮਾਂ ਵਿੱਚ ਸਰਬਸੰਮਤੀ ਨਾਲ ਧਾਰਾ 370 ਰੱਦ ਕਰਨ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ। ਸਿਖਰਲੀ ਕੋਰਟ ਨੇ ਹਾਲਾਂਕਿ ਹੁਕਮ ਦਿੱਤਾ ਸੀ ਕਿ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸਤੰਬਰ 2024 ਤੱਕ ਵਿਧਾਨ ਸਭਾ ਚੋਣਾਂ ਕਰਵਾਈਆਂ ਜਾਣ ਅਤੇ ਇਸ ਦਾ ਰਾਜ ਦਾ ਦਰਜਾ 'ਜਲਦੀ ਤੋਂ ਜਲਦੀ' ਬਹਾਲ ਕੀਤਾ ਜਾਵੇ। ਪਿਛਲੇ ਸਾਲ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਕੇਂਦਰ ਨੂੰ ਦੋ ਮਹੀਨਿਆਂ ਦੇ ਅੰਦਰ ਜੰਮੂ-ਕਸ਼ਮੀਰ ਦਾ ਰਾਜ ਵਜੋਂ ਦਰਜਾ ਬਹਾਲ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਪਹਿਲਗਾਮ ਵਰਗੀਆਂ ਘਟਨਾਵਾਂ ਤਾਂ ਉਦੋਂ ਵੀ ਹੁੰਦੀਆਂ ਸਨ, ਜਦੋਂ ਜੰਮੂ-ਕਸ਼ਮੀਰ ਰਾਜ ਸੀ। ਭਾਰਤ ਦੇ ਗੁਆਂਢੀਆਂ ਨਾਲ ਸੰਬੰਧ ਠੀਕ ਨਾ ਹੋਣ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ।

## ਕਿਸ਼ਤਵਾੜ 'ਚ ਬੱਦਲ ਫਟਣ ਨਾਲ 38 ਮੌਤਾਂ

**ਸ੍ਰੀਨਗਰ** : ਵੀਰਵਾਰ ਜੰਮੂ ਖੇਤਰ ਦੇ ਪਹਾੜੀ ਜ਼ਿਲ੍ਹੇ ਕਿਸ਼ਤਵਾੜ ਦੇ ਪੱਡਰ ਵਿੱਚ ਬੱਦਲ ਫਟਣ ਕਾਰਨ 38 ਵਿਅਕਤੀਆਂ ਦੀ ਮੌਤ ਹੋ ਗਈ। ਇਹ ਗਿਣਤੀ ਹੋਰ ਵਧ ਸਕਦੀ ਹੈ। ਪ੍ਰਭਾਵਤ ਖੇਤਰ 'ਚ 200 ਤੋਂ 300 ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਮਚੈਲ ਮਾਤਾ ਯਾਤਰਾ ਦੇ ਰਸਤੇ 'ਤੇ ਸਥਿਤ ਪਿੰਡ ਚਸੋਤੀ 'ਚ ਬੱਦਲ ਫਟਣ ਤੋਂ ਬਾਅਦ ਫੌਜ ਸਮੇਤ ਬਚਾਅ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ।

ਇਲਾਕੇ ਨੂੰ ਜਾਣ ਵਾਲੀਆਂ ਸੜਕਾਂ ਤਬਾਹ ਹੋ ਗਈਆਂ ਹਨ। ਬੁੱਧਵਾਰ ਦੇਰ ਰਾਤ ਤੋਂ ਇਸ ਖੇਤਰ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਪਾਣੀ ਦਾ ਵਹਾਅ ਪਹਿਲਾਂ ਹੀ ਵਧ ਰਿਹਾ ਸੀ। ਘਟਨਾ ਤੋਂ ਬਾਅਦ ਮੰਦਰ ਦੀ ਸਾਲਾਨਾ ਯਾਤਰਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

## ਸਭਰਾਵਾਂ ਨਹਿਰ 'ਚ ਵੱਡਾ ਪਾੜ, ਕਈ ਖੇਤਾਂ 'ਚ ਪਾਣੀ

**ਰਈਆ** : ਸਭਰਾਵਾਂ ਬਰਾਂਚ ਨਹਿਰ ਵਿੱਚ ਫਾਟਕ ਕੋਲ ਵੱਡਾ ਪਾੜ ਪੈਣ ਕਾਰਨ ਨੀਵੇਂ ਖੇਤਾਂ ਵਿੱਚ ਪੰਜ-ਛੇ ਫੁੱਟ ਤੋ ਵੱਧ ਪਾਣੀ ਭਰ ਗਿਆ ਹੈ।ਤਿੰਨ ਪਿੰਡਾਂ ਦੀ ਫਸਲ ਪੂਰੀ ਤਰ੍ਹਾਂ ਡੁੱਬ ਗਈ ਹੈ ਅਤੇ ਪਾਣੀ ਰਈਆ-ਨਾਥ ਦੀ ਖੂਹੀ ਨੂੰ ਜਾਂਦੀ ਸੜਕ ਨੂੰ ਪਾਰ ਕਰਕੇ ਦੂਸਰੇ ਪਾਸੇ ਖੇਤਾਂ ਵਿੱਚ ਪਹੁੰਚ ਗਿਆ ਹੈ।

ਪਿੰਡਾਂ ਵਾਸੀਆਂ ਵੱਲੋਂ ਪ੍ਰਸ਼ਾਸਨ ਦੀ ਸਹਾਇਤਾ ਨਾਲ ਪਾੜ ਪੂਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੀ ਮੌਕੇ 'ਤੇ ਸਨ।

ਲੋਕਾਂ ਨੇ ਦੋਸ਼ ਲਾਇਆ ਕਿ ਨਹਿਰੀ ਕੰਢਾ ਖੁਰਨ ਸੰਬੰਧੀ ਕਈ ਵਾਰ ਨਹਿਰੀ ਵਿਭਾਗ ਨੂੰ ਸੂਚਿਤ ਵੀ ਕੀਤਾ ਗਿਆ ਸੀ, ਪਰ ਉਨ੍ਹਾਂ ਕੋਈ ਧਿਆਨ ਨਾ ਦਿੱਤਾ, ਜਿਸ ਕਾਰਨ ਕਿਸਾਨਾਂ ਦੀ ਸੈਂਕੜੇ ਏਕੜ ਫਸਲ ਬਰਬਾਦ ਹੋ ਗਈ ਹੈ।

## ਛੁੱਟੀ ਦਾ ਐਲਾਨ

ਸਮੂਹ ਪਾਠਕਾਂ ਨੂੰ ਆਜ਼ਾਦੀ ਦਿਵਸ ਦੇ ਸ਼ੁੱਭ ਦਿਹਾੜੇ ਦੀਆਂ ਮੁਬਾਰਕਾਂ। 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਛੁੱਟੀ ਹੋਣ ਕਾਰਨ 'ਨਵਾਂ ਜ਼ਮਾਨਾ' ਦੇ ਸਾਰੇ ਦਫਤਰ ਬੰਦ ਰਹਿਣਗੇ, ਜਿਸ ਕਰਕੇ 16 ਅਗਸਤ ਨੂੰ 'ਨਵਾਂ ਜ਼ਮਾਨਾ' ਮਾਰਕਿਟ ਵਿੱਚ ਨਹੀਂ ਆਵੇਗਾ।

**-ਜਨਰਲ ਮੈਨੇਜਰ**

## ਇੱਕ ਹਜ਼ਾਰ ਸਾਥੀ ਰੈਲੀ 'ਚ ਪੁੱਜਣਗੇ : ਅਰਸ਼ੀ, ਚੌਹਾਨ

### ਮੌਕੇ 'ਤੇ 57 ਹਜ਼ਾਰ ਰੁਪਏ ਫੰਡ ਜਮ੍ਹਾਂ



**ਮਾਨਸਾ** : ਕਾਮਰੇਡ ਹਰਦੇਵ ਅਰਸ਼ੀ ਸਾਬਕਾ ਵਿਧਾਇਕ ਦੀ ਅਗਵਾਈ ਵਿੱਚ ਮਾਨਸਾ ਜ਼ਿਲ੍ਹਾ ਪਾਰਟੀ ਵੱਲੋਂ ਸੀ ਪੀ ਆਈ ਪਾਰਟੀ ਕਾਂਗਰਸ ਲਈ ਫੰਡ ਮੁਹਿੰਮ ਨਵੀਂਆਂ ਉਚਾਈਆਂ ਛੂਹ ਰਹੀ ਹੈ। ਸੂਬੇ ਵੱਲੋਂ ਲੱਗੇ ਫੰਡ ਕੋਟੇ ਤੋਂ ਕਿਤੇ ਵੱਧ ਫੰਡ ਸੂਬਾ ਪਾਰਟੀ ਨੂੰ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਹੁਣ 21 ਸਤੰਬਰ ਦੀ ਰੈਲੀ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹਨ। ਸਾਥੀ ਅਰਸ਼ੀ ਨੇ ਦੱਸਿਆ ਕਿ ਇੱਕ ਹਜ਼ਾਰ ਤੋਂ ਵੱਧ ਸਾਥੀ ਰੈਲੀ ਵਿੱਚ ਸ਼ਾਮਲ ਕਰਨ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਖਰਚੇ ਲਈ ਵੀ ਲਗਾਤਾਰ ਫੰਡ ਮੁਹਿੰਮ ਜਾਰੀ ਹੈ।

ਬੀਤੇ ਕੱਲ੍ਹ ਉਨ੍ਹਾ ਤੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਵੱਲੋਂ ਕੀਤੀ ਪਹੁੰਚ 'ਤੇ ਹੇਠ ਦਿੱਤੇ ਅਨੁਸਾਰ ਫੰਡ ਇਕੱਠਾ ਕੀਤਾ ਗਿਆ। ਤਰਸੇਮ ਚੰਦ 21000 ਰੁਪਏ, ਸੁਰਿੰਦਰ ਪੱਪੀ ਦਾਨੇਵਾਲੀਆ 15000 ਰੁਪਏ, ਬੱਬੀ ਦਾਨੇਵਾਲੀਆ 11000 ਰੁਪਏ ਤੇ ਭੂਸ਼ਨ ਕੁਮਾਰ ਨੇ 1000 ਰੁਪਏ ਖੁਸ਼ੀ-ਖੁਸ਼ੀ ਭੇਟ ਕੀਤੇ।

## ਅੱਜ-ਨਾਮਾ

ਆਇਆ ਦਿਨ ਆਜ਼ਾਦੀ ਦਾ ਜਦੋਂ ਮੁੜ ਕੇ,
ਕੋਈ ਤਾਂ ਰੋਂਦਾ ਤੇ ਕੋਈ ਰਿਹਾ ਹੱਸ ਬੇਲੀ।
ਗਾਉਂਦਾ ਕੋਈ ਆਜ਼ਾਦੀ ਦੇ ਬਹੁਤ ਸੋਹਲੇ,
ਬੜਾ ਆਜ਼ਾਦੀ ਦਾ ਲਾਭ ਰਿਹਾ ਦੱਸ ਬੇਲੀ।
ਚੱਲਦੀ ਬਾਤ ਵਿੱਚ ਕੋਈ ਹੈ ਆਣ ਵੜਦਾ,
ਹਰ ਇੱਕ ਪੱਖੋਂ ਵਿਅੰਗ ਰਿਹਾ ਕੱਸ ਬੇਲੀ।
ਬਹੁਤੇ ਲੋਕ ਨਹੀਂ ਲਾਭ ਨਾ ਹਾਣ ਸਮਝਣ,
ਗਿਣਤੀ-ਮਿਣਤੀ ਨਾ ਉਨ੍ਹਾਂ ਦੇ ਵੱਸ ਬੇਲੀ।
ਗੁਲਾਮੀ ਹਟੀ ਤਾਂ ਹੋਇਆ ਸੀ ਬੜਾ ਚੰਗਾ,
ਗੁਣ ਜੇ ਬਹੁਤ ਤਾਂ ਨੁਕਸ ਵੀ ਕਈ ਬੇਲੀ।
ਮਾੜੀ ਸਾਰਿਆਂ ਤੋਂ ਚੁਭਦੀ ਗੱਲ ਇਹ ਹੀ,
ਸਮਾਜ ਤੋਂ ਵੰਡ ਨਾ ਕਾਣੀ ਹੈ ਗਈ ਬੇਲੀ।

**-ਤੀਸ ਮਾਰ ਖਾਂ**

## ਵੀ ਸੀ ਅਕਾਲ ਤਖਤ 'ਤੇ ਤਲਬ

**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ ਸੀ ਪ੍ਰੋਫੈਸਰ ਕਰਮਜੀਤ ਸਿੰਘ ਨੂੰ 15 ਦਿਨਾਂ ਵਿੱਚ ਆਪਣਾ ਸਪੱਸ਼ਟੀਕਰਨ ਸ੍ਰੀ ਅਕਾਲ ਤਖਤ ਵਿਖੇ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਦੇਣ ਦੇ ਆਦੇਸ਼ ਦਿੱਤੇ ਹਨ। ਕੁਝ ਦਿਨ ਪਹਿਲਾਂ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਵੀ ਸੀ ਕੋਚੀ ਵਿੱਚ ਹੋਏ ਇੱਕ ਸਮਾਗਮ ਵਿੱਚ ਆਰ ਐੱਸ ਐੱਸ ਦੇ ਮੁਖੀ ਸਾਹਮਣੇ ਗੱਲਬਾਤ ਕਰ ਰਹੇ ਸਨ।ਇਹ ਕੋਚੀ ਵਿੱਚ ਵਾਈਸ ਚਾਂਸਲਰਾਂ ਦਾ ਉੱਚ ਸਿੱਖਿਆ ਬਾਰੇ ਇੱਕ ਸਮਾਗਮ ਸੀ। ਉਹ ਯੂਨੀਵਰਸਿਟੀ ਵਿੱਚ ਸਿੱਖ ਚੇਅਰ ਸਥਾਪਤ ਕਰਨ ਅਤੇ ਇਸ ਦੇ ਰਾਹੀਂ ਰਿਗਵੇਦ ਅਤੇ ਸਿੱਖ ਧਰਮ ਨਾਲ ਆਪਸੀ ਸੰਬੰਧ ਸਥਾਪਤ ਕਰਨ ਬਾਰੇ ਗੱਲ ਕਰ ਰਹੇ ਸਨ। ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਗਿਆ ਸੀ। ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਜਥੇਬੰਦੀ ਵੱਲੋਂ ਵੀ ਸ੍ਰੀ ਅਕਾਲ ਤਖਤ ਵਿਖੇ ਸ਼ਿਕਾਇਤ ਪੱਤਰ ਦਿੱਤਾ ਗਿਆ ਸੀ।






15-AUG-PAGE-1.qxd 8/14/2025 8:45 PM Page 2



# ਪੀ ਆਰ ਟੀ ਸੀ ਦੇ ਠੇਕਾ ਕਾਮਿਆਂ ਵੱਲੋਂ ਹੜਤਾਲ ਸ਼ੁਰੂ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਰੋਡਵੇਜ਼, ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ 25/11 ਵੱਲੋਂ ਪੰਜਾਬ ਸਰਕਾਰ ਵੱਲੋਂ ਮੰਗਾਂ ਨਾ ਮੰਨਣ 'ਤੇ 14 ਅਗਸਤ ਤੋਂ ਹੜਤਾਲ ਕਰਨ ਦੇ ਦਿੱਤੇ ਸੱਦੇ ਤਹਿਤ ਪੀਆਰਟੀਸੀ ਦੇ ਠੇਕਾ ਕਾਮਿਆਂ ਵੱਲੋਂ ਬੱਸਾਂ ਦਾ ਚੱਕਾ ਜਾਮ ਕਰਕੇ ਹੜਤਾਲ ਸ਼ੁਰੂ ਕਰ ਦਿੱਤੀ ਹੈ। ਪੀਆਰਟੀਸੀ ਦੇ ਠੇਕਾ ਕਾਮਿਆਂ ਵੱਲੋਂ ਸਰਕਾਰ ਨੂੰ ਦਿੱਤੇ ਅਲਟੀਮੇਟਮ ਖਤਮ ਹੋਣ ਤੇ ਸਵੇਰੇ 10 ਵਜੇ ਤੋਂ ਸੂਬੇ ਭਰ ਵਿੱਚ ਪੀਆਰਟੀਸੀ ਦੇ 27 ਡਿੱਪੂਆਂ ਵਿੱਚ ਹੜਤਾਲ ਕਰਕੇ ਸੂਬਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਧਰਨੇ ਲਾਏ ਗਏ ਹਨ। ਪੀਆਰਟੀਸੀ ਦੇ ਠੇਕਾ ਕਾਮਿਆਂ ਦੀ ਹੜਤਾਲ ਕਾਰਨ ਵੱਡੀ ਗਿਣਤੀ ਵਿੱਚ ਬੱਸਾਂ ਬੰਦ ਹੋਣ ਨਾਲ ਸਵਾਰੀਆਂ ਨੂੰ ਵੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਬੱਸ ਸਟੈਂਡ ਵਿੱਚ ਭੀੜ ਲੱਗ ਚੁੱਕੀ ਹੈ। ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਹਰਕੇਸ ਕੁਮਾਰ ਵਿੱਕੀ ਨੇ ਦੱਸਿਆ ਕਿ ਸਰਕਾਰ ਵੱਲੋਂ ਯੂਨੀਅਨ ਦੀਆਂ ਮੰਗਾਂ ਸਬੰਧੀ ਟਾਲਮਟੋਲ ਦੀ ਨੀਤੀ ਅਪਣਾਉਣ ਕਾਰਨ ਕ੍ਰਮਚਾਰੀਆਂ ਵਿੱਚ ਭਾਰੀ ਰੋਸ ਹੈ, ਜਿਸ ਕਾਰਨ ਦੋ ਦਿਨਾ ਹੜਤਾਲ ਸ਼ੁਰੂ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 27 ਡਿੱਪੂਆਂ ਦੇ ਲਗਪਗ 8000 ਹਜ਼ਾਰ ਮੁਲਾਜ਼ਮ ਹੜਤਾਲ 'ਤੇ ਹਨ, ਜਿਸ ਕਾਰਨ 90 ਫ਼ੀਸਦੀ ਬੱਸਾਂ ਬੰਦ ਹਨ। ਉਨ੍ਹਾਂ ਕਿਹਾ ਕਿ 15 ਅਗਸਤ 2025 ਨੂੰ ਅਜ਼ਾਦੀ ਦਿਹਾੜੇ ਨੂੰ ਗੁਲਾਮੀ ਦਿਵਸ ਵਜੋਂ ਮਨਾਉਂਦੇ ਹੋਏ ਜਿਥੇ ਵੀ ਮੁੱਖ ਮੰਤਰੀ, ਟਰਾਂਸਪੋਰਟ ਮੰਤਰੀ ਸਮੇਤ ਕੈਬਨਿਟ ਮੰਤਰੀ ਝੰਡਾ ਲਹਿਰਾਉਣ ਆਉਣਗੇ, ਉਥੇ ਕਾਲੇ ਝੋਲੇ ਪਾ ਕੇ, ਕਾਲੀਆਂ ਝੰਡੀਆਂ ਲੈ ਕੇ ਵਿਰੋਧ ਕੀਤਾ ਜਾਵੇਗਾ।

## ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਸਰਕਲ ਡੈਲੀਗੇਟਾਂ ਦੀ ਮੀਟਿੰਗ ਹੋਈ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਸਰਕਲ ਦੇ ਡੈਲੀਗੇਟਾਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੀਟਿੰਗ ਹਾਲ 'ਚ ਹੋਈ।ਜ਼ਿਲ੍ਹਾ ਪ੍ਰਧਾਨ ਬਨਣ ਮਗਰੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਇਸ ਪਹਿਲੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਉਨ੍ਹਾਂ ਵੱਲੋਂ ਤਿੰਨ ਸਰਕਲ ਪ੍ਰਧਾਨ ਬਣਾਏ ਗਏ।ਉਨ੍ਹਾਂ ਵੱਲੋਂ ਵਾਰਡ ਨੰਬਰ 1 ਤੋਂ 10 ਤੱਕ ਦਾ ਪ੍ਰਧਾਨ ਸੁਰਿੰਦਰ ਕੁਮਾਰ ਛਿੰਦੀ, 11 ਤੋਂ 20 ਤੱਕ ਅਜੀਤ ਸਿੰਘ ਕੰਗ ਤੇ 21 ਤੋਂ 31 ਬੋਹੜ ਸਿੰਘ ਨੂੰ ਸਰਕਲ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਸਰਕਲ ਦੇ ਡੈਲੀਗੇਟਾਂ ਨੇ ਨਵ ਨਿਯੁਕਤ ਜਿਲਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ, ਉੱਥੇ ਹੀ ਉਨ੍ਹਾਂ ਹੱਥ ਖੜੇ ਕਰਕੇ ਜ਼ਿਲ੍ਹਾ ਪ੍ਰਧਾਨ ਨੂੰ ਸਰਕਲ ਪ੍ਰਧਾਨ ਬਣਾਉਣ ਦੇ ਅਧਿਕਾਰ ਦਿੱਤੇ, ਜਿਸ ਮਗਰੋਂ ਜ਼ਿਲ੍ਹਾ ਪ੍ਰਧਾਨ ਨੇ ਮੌਜੂਦ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ-ਵਟਾਂਦਰਾ ਕਰਨ ਮਗਰੋਂ ਤਿੰਨੇ ਸਰਕਲ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਜ਼ਿਲੇ ਸਕੱਤਰ ਜਨਰਲ ਬਿੰਦਰ ਗੋਨਿਆਣਾ ਨੇ ਨਿਭਾਈ।

### ਭੋਗ 'ਤੇ ਵਿਸ਼ੇਸ਼

## ਸਮਾਜ ਸੇਵੀ ਸ਼ਖ਼ਸੀਅਤ ਸਨ ਪਿਆਰਾ ਸਿੰਘ



**ਪਾਤੜਾਂ** : ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਹਾਮਝੇੜੀ ਦੇ ਟਰੱਸਟੀ ਸਵ: ਪਿਆਰਾ ਸਿੰਘ ਕੁੱਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ।ਸਵ: ਪਿਆਰਾ ਸਿੰਘ ਨੇ ਸਾਰੀ ਜ਼ਿੰਦਗੀ ਲੋਕ ਸੇਵਾ ਦੇ ਲੇਖੇ ਲਾਈ।ਟਰਾਂਸਪੋਰਟ ਖੇਤਰ ਨਾਲ ਜੁੜੇ ਹੋਣ ਕਰਕੇ ਉਹ ਲੰਮੇ ਸਮੇਂ ਤੋਂ ਟਰੱਕ ਯੂਨੀਅਨ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਸਨ।

ਪ੍ਰਸਿੱਧ ਸਮਾਜ ਸੇਵੀ ਤੇ ਟਰੱਸਟ ਤੇ ਬਾਨੀ ਪ੍ਰਧਾਨ ਕਾਮਰੇਡ ਹਰਪਾਲ ਸਿੰਘ ਘੱਗਾ ਦੀ ਅਗਵਾਈ ਵਿੱਚ 1985 ਵਿੱਚ ਹੋਂਦ ਵਿੱਚ ਆਏ ਪਬਲਿਕ ਐਜੂਕੇਸ਼ਨ ਟਰੱਸਟ ਦੇ ਮੁੱਢਲੇ ਮੈਂਬਰਾਂ ਵਿੱਚੋਂ ਪਿਆਰਾ ਸਿੰਘ ਇੱਕ ਸਨ।ਪਿੰਡ ਹਾਮਝੇੜੀ ਵਿਖੇ ਟਰੱਸਟ ਵੱਲੋਂ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਿੱਦਿਆ ਦਾ ਚਾਨਣ ਵੰਡਣ ਦੇ ਮਕਸਦ ਨਾਲ 1995 ਵਿੱਚ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਹਾਮਝੇੜੀ ਬਣਾਇਆ ਗਿਆ। ਇਸ ਸਕੂਲ ਦੇ ਨਿਰਮਾਣ ਵਿੱਚ ਸਾਬਕਾ ਸਰਪੰਚ ਸਤਪਾਲ ਸਿੰਗਲਾ, ਜਸਪਾਲ ਸਿੰਗਲਾ, ਬਲਬੀਰ ਚੰਦ, ਕ੍ਰਿਸ਼ਨ ਚੰਦ ਸ਼ਰਮਾ ਅਤੇ ਸਾਬਕਾ ਸਰਪੰਚ ਹਰਚਰਨ ਸਿੰਘ ਨਾਲ ਸਵ: ਪਿਆਰਾ ਸਿੰਘ ਦਾ ਅਹਿਮ ਰੋਲ ਸੀ।ਉਨ੍ਹਾਂ ਦੱਸਿਆ ਕਿ ਸਵ: ਪਿਆਰਾ ਸਿੰਘ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ 15 ਅਗਸਤ ਨੂੰ ਗੁਰਦੁਆਰਾ ਸਾਹਿਬ ਪਿੰਡ ਹਾਮਝੇੜੀ ਵਿਖੇ ਹੋਵੇਗਾ, ਜਿਸ ਦੌਰਾਨ ਵੱਖ-ਵੱਖ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

*- ਭੁਪਿੰਦਰਜੀਤ ਮੌਲਵੀਵਾਲਾ, ਪਾਤੜਾਂ*

## ਨੌਜਵਾਨ ਭਾਰਤ ਸਭਾ ਵੱਲੋਂ ਏਰੀਆ ਅਜਲਾਸ ਕਰਨ ਸੰਬੰਧੀ ਮੀਟਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)**

ਨੌਜਵਾਨ ਭਾਰਤ ਸਭਾ ਦੇ ਸਰਗਰਮ ਨੌਜਵਾਨਾਂ ਦੀ ਮੀਟਿੰਗ ਹੋਈ, ਜਿਸ ਵਿਚ ਤੈਅ ਕੀਤਾ ਗਿਆ ਕਿ ਨੌਜਵਾਨ ਭਾਰਤ ਸਭਾ ਦੇ ਦੋ ਇਲਾਕਾ ਇਜਲਾਸ ਕੀਤੇ ਜਾਣਗੇ।ਇਜਲਾਸ 29 ਅਗਸਤ ਨੂੰ ਪਿੰਡ ਰੋਡੇ ਤੇ ਇਲਾਕਾ ਨਿਹਾਲ ਸਿੰਘ ਵਾਲਾ ਦਾ ਇਜਲਾਸ 31 ਅਗਸਤ ਨੂੰ ਮੋਗਾ ਵਿਖੇ ਕੀਤਾ ਜਾਵੇਗਾ।



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਜ਼ਿਲ੍ਹਾ ਪ੍ਰਧਾਨ ਰਾਜਦੀਪ ਸਿੰਘ ਨੇ ਕਿਹਾ ਕਿ ਇਜਲਾਸ ਕਰਨ ਤੋਂ ਪਹਿਲਾਂ ਦਰਜਨਾਂ ਪਿੰਡਾਂ 'ਚ ਮੈਂਬਰਸ਼ਿਪ ਕਰਕੇ ਕਮੇਟੀਆਂ ਦੀ ਚੋਣ ਕੀਤੀ ਜਾਵੇਗੀ।ਇਸ ਉਪਰੰਤ ਡੈਲੀਗੇਟ ਚੁਣ ਕੇ ਇਜਲਾਸ ਕੀਤੇ ਜਾਣਗੇ।ਡੈਲੀਗੇਟ ਹੀ ਇਜਲਾਸ ਵਿਚੋਂ ਏਰੀਆ ਕਮੇਟੀਆਂ ਦੀ ਚੋਣ ਕਰਨਗੇ।ਉਨ੍ਹਾਂ ਕਿਹਾ ਕਿ ਜਦੋਂ ਜਵਾਨੀ ਨਸ਼ਾ, ਗੈਂਗਵਾਰ ਦਾ ਸ਼ਿਕਾਰ ਹੈ।ਵਿਦੇਸ਼ਾਂ ਨੂੰ ਜਾਣ ਲਈ ਮਜਬੂਰ ਹਨ।ਇਸ ਦੀ ਵਜ੍ਹਾ ਬੇਰੁਜ਼ਗਾਰੀ ਹੈ।ਖੇਤੀ ਘਾਟੇਵੰਧ ਧੰਦਾ ਹੋਣ ਕਰਕੇ, ਪੰਜਾਬ 'ਚ ਖੇਤੀ ਅਧਾਰਤ ਸਨਅਤ ਨਾ ਹੋਣ ਕਰਕੇ, ਸੇਵਾਵਾਂ ਖੇਤਰ ਵਿਚ ਨਿੱਜੀਕਰਨ ਹੋਣ ਕਰਕੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਜਾ ਰਹੇ ਹਨ।ਨੌਜਵਾਨਾਂ ਨੂੰ ਇਸ ਦੇ ਲਈ ਲਾਮਬੰਦ ਹੋਣ ਲਈ ਇਨਕਲਾਬੀ ਨੌਜਵਾਨ ਜਥੇਬੰਦੀ ਦੀ ਜ਼ਰੂਰਤ ਹੈ।ਨੌਜਵਾਨ ਭਾਰਤ ਸਭਾ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਬਣਾਈ ਗਈ ਅਜਿਹੀ ਜਥੇਬੰਦੀ ਹੈ, ਜਿਸ ਨਾਲ ਨੌਜਵਾਨਾਂ ਨੂੰ ਜੁੜਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਇਤਿਹਾਸਕ ਯਾਦਗਾਰਾਂ ਬਚਾਉਣ, ਆਧੁਨਿਕ ਖੇਡ ਢਾਂਚਾ ਵਿਕਸਿਤ ਕਰਾਉਣ, ਪੁਲਸ ਸਿਆਸੀ ਨਸ਼ਾ ਸਮਗਲ ਗਠਜੋੜ ਖਿਲਾਫ਼ ਲਾਮਬੰਦੀ ਕਰਨ ਤੇ ਹੋਰ ਲੋਕਪੱਖੀ ਕਾਰਜ ਕਰਨ ਦੇ ਫ਼ੈਸਲੇ ਲਏ ਜਾਣਗੇ।ਉਨ੍ਹਾਂ ਕਿਹਾ ਕਿ ਜਥੇਬੰਦੀ ਦੀਆਂ ਨਵੀਆਂ ਕਮੇਟੀਆਂ ਦੀ ਚੋਣ ਕਰਕੇ ਜਥੇਬੰਦੀ ਦੇ ਆਈ ਕਾਰਡ ਬਣਾ ਕੇ ਮੈਂਬਰ ਨੌਜਵਾਨਾਂ ਨੂੰ ਦਿੱਤੇ ਜਾਣਗੇ।




# ਅਜ਼ਾਦੀ ਦਿਵਸ 'ਤੇ ਪੁਲਿਸ ਜ਼ਿਲਾ ਖੰਨਾ ਦਾ ਵਿਸ਼ੇਸ਼ ਸਪਲੀਮੈਂਟ
















ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

15-AUG-PAGE-3.qxd 8/14/2025 8:47 PM Page 1






ਸਾਰੇ ਦੇਸ਼ ਵਾਸੀਆਂ ਨੂੰ

79ਵੇਂ ਸੁਤੰਤਰਤਾ ਦਿਵਸ

ਦੀਆਂ ਤਹਿ ਦਿਲੋਂ ਸ਼ੁਭਕਾਮਨਾਵਾਂ

"ਅੱਜ ਅਸੀਂ ਆਜ਼ਾਦ ਰਾਸ਼ਟਰ ਵਜੋਂ 78 ਵਰ੍ਹੇ ਪੂਰੇ ਕਰ ਲਏ ਹਨ। ਮਹਾਨ ਆਜ਼ਾਦੀ ਘੁਲਾਟੀਆਂ ਅਤੇ ਕੌਮੀ ਨਾਇਕਾਂ ਦੇ ਸੁਪਨੇ ਸਾਕਾਰ ਕਰਨ ਲਈ ਮੇਰੀ ਸਰਕਾਰ ਨੇ ਸੂਬੇ ਵਿੱਚ ਸਿੱਖਿਆ, ਸਿਹਤ ਸੰਭਾਲ ਅਤੇ ਰੋਜ਼ਗਾਰ ਦੇ ਖੇਤਰਾਂ ਨੂੰ ਮਜ਼ਬੂਤ ਕਰਨ 'ਤੇ ਵਧੇਰੇ ਜ਼ੋਰ ਦਿੱਤਾ ਹੈ। ਇਸ ਦੇ ਨਾਲ ਹੀ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਅਲਾਮਤ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਸਖ਼ਤੀ ਨਾਲ ਅਪਣਾਈ ਹੋਈ ਹੈ।"

ਭਗਵੰਤ ਸਿੰਘ ਮਾਨ

ਮੁੱਖ ਮੰਤਰੀ, ਪੰਜਾਬ




ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

15-Aug-PAGE--4.qxd 8/14/2025 10:50 PM Page 1



# ਆਜ਼ਾਦੀ ਘੁਲਾਟੀਆਂ ਦੇ ਸੁਪਨੇ ਤੇ ਆਜ਼ਾਦੀ

ਮੱਖਣ ਕੁਹਾੜ



ਦੇਸ਼ ਆਜ਼ਾਦ ਹੋਏ 78 ਸਾਲ ਹੋ ਗਏ ਹਨ। ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪਾਉਣ ਲਈ ਲੱਖਾਂ ਕੁਰਬਾਨੀਆਂ ਦੇਣੀਆਂ ਪਈਆਂ। ਆਜ਼ਾਦੀ ਦੀ ਜੰਗ ਵਿਚ ਗ਼ਦਰੀ ਬਾਬਿਆਂ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਵਰਗਿਆਂ ਲੱਖਾਂ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ। ਪੰਜਾਬ ਨੂੰ ਤਾਂ ਇਸ ਆਜ਼ਾਦੀ ਦਾ ਮੁੱਲ ਦੇਸ਼ ਦੀ ਵੰਡ ਸਮੇਂ 10 ਲੱਖ ਦੇ ਕਰੀਬ ਲੋਕਾਂ ਦੀਆਂ ਜਾਨਾਂ ਦੇ ਕੇ ਤਾਰਨਾ ਪਿਆ ਸੀ।



ਆਜ਼ਾਦੀ ਦੇ ਸੰਗਰਾਮ ਸਮੇਂ ਕਾਂਗਰਸ, ਜੋ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਲੜਾਈ ਦੀ ਅਗਵਾਈ ਕਰ ਰਹੀ ਸੀ, ਵੱਲੋਂ ਲੋਕਾਂ ਦੇ ਦੱਬੇ ਹੋਏ ਹੱਕ ਤੇ ਵਿਤਕਰੇ ਭਰਪੂਰ ਜੀਵਨ ਤੋਂ ਬੰਦਖ਼ੁਲਾਸੀ ਦਾ ਵਾਅਦਾ ਕੀਤਾ ਗਿਆ ਸੀ। ਜਗੀਰੂ ਰਾਜ ਤੋਂ ਛੁਟਕਾਰਾ, ਨਾ ਬਰਾਬਰੀ, ਜਾਤਪਾਤ, ਛੂਆ-ਛੂਤ, ਉਚ-ਨੀਚ ਦਾ ਖ਼ਾਤਮਾ, ਗ਼ਰੀਬੀ ਦੂਰ ਕਰਨ ਦੇ ਵਾਅਦੇ ਤਹਿਤ ਗ਼ਰੀਬੀ-ਅਮੀਰੀ ਦਾ ਪਾੜਾ ਖ਼ਤਮ ਜਾਂ ਬਹੁਤ ਘੱਟ ਕਰਨ, ਮੁਫ਼ਤ ਤੇ ਮਿਆਰੀ ਸਿੱਖਿਆ ਦਾ ਵਾਅਦਾ, ਮੁਫ਼ਤ ਤੇ ਵਧੀਆ ਇਲਾਜ, ਕੁੱਲੀ, ਗੁੱਲੀ, ਜੁੱਲੀ ਦੀ ਗਰੰਟੀ, ਪੀਣ ਲਈ ਸਾਫ਼ ਪਾਣੀ, ਬਿਜਲੀ, ਵਧੀਆ ਆਵਾਜਾਈ ਦੇ ਸਾਧਨ, ਖੇਤਾਂ-ਫ਼ਸਲਾਂ ਲਈ ਸਿੰਚਾਈ ਸਾਧਨ ਤੇ ਫ਼ਸਲਾਂ ਦਾ ਵਾਜਬ ਮੁੱਲ, ਅਨਾਜ ਦਾ ਮੰਡੀਕਰਨ, ਹਰ ਇਕ ਨੂੰ ਰੁਜ਼ਗਾਰ ਦੀ ਗਰੰਟੀ, ਬੋਲਣ, ਲਿਖਣ, ਭਾਰਤ ’ਚ ਕਿਧਰੇ ਵੀ ਵੱਸਣ, ਧਾਰਮਕ ਵਿਤਕਰੇ ਖ਼ਤਮ ਕਰਨ, ਧਰਮ ਨਿਰਪੱਖਤਾ ਤੇ ਸਮਾਜਵਾਦੀ ਢਾਂਚੇ ਵਾਲਾ ਸਮਾਜ ਬਣਾਉਣ ਦਾ ਵਾਅਦਾ ਵਾਰ-ਵਾਰ ਦੁਹਰਾਇਆ ਜਾਂਦਾ ਸੀ।


ਲੋਕ ਖ਼ੁਸ਼ਹਾਲ ਜੀਵਨ ਜਿਉਣ ਦੀ ਤਾਂਘ ਲੈ ਕੇ ਲਗਾਤਾਰ ਲੜੇ ਤੇ ਖ਼ੂਬ ਲੜੇ। ਆਜ਼ਾਦੀ ਸੰਘਰਸ਼ ਦੇ ਆਗੂਆਂ ਜੋ ਵੀ ਕੁਰਬਾਨੀ ਮੰਗੀ, ਲੋਕਾਂ ਦਿੱਤੀ। ਅੰਗਰੇਜ਼ਾਂ ਨੂੰ ਦੇਸ਼ ’ਚੋਂ ਬਾਹਰ ਕੱਢਣ ਲਈ ਲੰਮੀ ਤੇ ਲਹੂ-ਵੀਟਵੀਂ ਲੜਾਈ ਲੜੀ ਗਈ। ਅਖ਼ੀਰ ਭਾਰਤ ਦੇ ਦੋ ਹਿੱਸੇ ਹੋ ਕੇ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਹੋ ਗਿਆ।

ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਸਮੇਂ ਦੋ ਵਿਚਾਰ-ਧਾਰਾਵਾਂ ਚੱਲਦੀਆਂ ਸਨ। ਇਕ ਸੀ ਕਿ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾ ਕੇ ਸਰਮਾਏਦਾਰੀ ਪ੍ਰਬੰਧ ਸਥਾਪਤ ਕੀਤਾ ਜਾਵੇ, ਦੂਜੀ ਸੀ ਕਿ ਆਜ਼ਾਦੀ ਬਾਅਦ ਸਮਾਜਵਾਦੀ ਪ੍ਰਬੰਧ ਸਥਾਪਤ ਹੋਵੇ, ਜਿਸ ਤਹਿਤ ਮਜ਼ਦੂਰ ਵਰਗ ਦੇ ਹੱਥ ਤਾਕਤ ਆਵੇ, ਨਾ ਕਿ ਸਰਮਾਏਦਾਰਾਂ ਦੇ। ਪਹਿਲੀ ਵਿਚਾਰਧਾਰਾ ਦੀ ਅਗਵਾਈ ਕਾਂਗਰਸ ਦੇ ਰੂਪ ਵਿਚ ਮਹਾਤਮਾ ਗਾਂਧੀ ਅਤੇ ਨਹਿਰੂ, ਮੌਲਾਨਾ ਆਜ਼ਾਦ ਆਦਿ ਕਰਦੇ ਸਨ ਤੇ ਦੂਜੀ ਦੀ ਗ਼ਦਰੀ ਬਾਬੇ, ਭਗਤ ਸਿੰਘ ਹੁਰੀਂ, ਤੇ ਨੌਜਵਾਨ ਭਾਰਤ ਸਭਾ ਤੇ ਹੋਰ ਇਨਕਲਾਬੀ ਕਰਦੇ ਸਨ। ਇੱਕ ਤੀਸਰੀ ਫਿਰਕੂ ਸੋਚ ਵੀ ਸੀ ਕਿ ਹਿੰਦੂ ਰਾਜ ਸਥਾਪਤ ਕਰਕੇ ਮਨੂੰ ਸਿਮਰਤੀ ਨੂੰ ਸੰਵਿਧਾਨ ਬਣਾਇਆ ਜਾਵੇ, ਪਰ ਇਹ ਅਵਾਜ਼ ਲੋਕਾਂ ਦੇ ਦਬਾਅ ਅੱਗੇ ਜਲਦ ਦਮ ਤੋੜ ਗਈ। ਅਖ਼ੀਰ ਗੋਰੇ ਕਾਰਪੋਰੇਟ ਸਰਮਾਏਦਾਰਾਂ ਦੀ ਦੀ ਥਾਂ ਕਾਲੇ ਕਾਰਪੋਰੇਟੀ ਸਰਮਾਏਦਾਰਾਂ ਨੇ ਰਾਜ ’ਤੇ ਕਬਜ਼ਾ ਕਰ ਲਿਆ, ਪਰ ਲੋਕਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਸੰਵਿਧਾਨ ਦੀ ਭੂਮਿਕਾ ਵਿਚ ‘ਸਮਾਜਵਾਦੀ’ ਸ਼ਬਦ ਲਿਖ ਦਿੱਤਾ ਤੇ ਧਰਮ ਨਿਰਪੱਖ ਵਾਲਾ ਬਰਾਬਰਤਾ ਵਾਲਾ ਪ੍ਰਬੰਧ ਉਸਾਰਨ ਦਾ ਵਾਅਦਾ ਕਰ ਦਿੱਤਾ ਗਿਆ। 1857 ਤੋਂ 1947 ਦੇ ਕਰੀਬ 100 ਸਾਲ ਦੀ ਲੰਮੀ ਲੜਾਈ ਦੇ ਬਾਅਦ ਆਜ਼ਾਦੀ ਤਾਂ ਮਿਲ ਗਈ, ਪਰ ਲੋਕਾਂ ਦੇ ਸੁਪਨੇ ਜਿਉਂ ਦੇ ਤਿਉਂ ਹੀ ਰਹਿ ਗਏ। ਸਿਰਫ਼ ਝੰਡੇ ਦਾ ਰੰਗ ਰੂਪ-ਯੂਨੀਅਨ ਜੈਕ ਦੀ ਥਾਂ ਤਿਰੰਗਾ ਝੰਡਾ ਬਦਲ ਦਿੱਤਾ ਗਿਆ। ਲੋਕਾਂ ਨੂੰ ਹੱਕ ਮੰਗਣ ਦੀ ਜੋ ਆਜ਼ਾਦੀ ਮਿਲੀ, ਉਸ ਤਹਿਤ ਲੋਕ ਆਪਣੇ ਸੁਪਨਿਆਂ ਦੀ ਪੂਰਤੀ ਲਈ ਫੇਰ ਤੋਂ ਲੜਨ ਲੱਗ ਪਏ। ਲੋਕਾਂ ਨੇ ਆਜ਼ਾਦੀ ਦੇ ਇਸ ਦਿਹਾੜੇ ਨੂੰ ਕਦੇ ਵੀ ਲੋਹੜੀ, ਦੀਵਾਲੀ, ਵਿਸਾਖੀ, ਹੋਲੀ ਦੇ ਤਿਉਹਾਰ ਵਾਂਗ ਨਹੀਂ ਮਨਾਇਆ। ਆਜ਼ਾਦੀ ਦਾ ਦਿਹਾੜਾ ‘ਸਰਕਾਰ’ ਮਨਾਉਂਦੀ ਹੈ, ਲੋਕ ਨਹੀਂ। ਸਰਕਾਰੀ ਤੰਤਰ ਦੇ ਲੋਕ ਵੀ ਹੁਕਮ ਦੇ ਬੱਝੇ ਹੀ ਤਿਰੰਗਾ ਝੁਲਾਉਣ ਦੀ ਰਸਮ ਵਿਚ ਸ਼ਾਮਲ ਹੁੰਦੇ ਹਨ। ਹਰ ਸਾਲ ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀਆਂ ਵੱਲੋਂ ਦਿੱਤੇ ਜਾਂਦੇ ਭਾਸ਼ਣ ਸੁਣ-ਸੁਣ ਲੋਕ ਅੱਕ ਚੁੱਕੇ ਹਨ। ਉਥੇ ਬੋਲਿਆ ਕਦੇ ਵੀ ਕੁਝ ਸੱਚ ਨਹੀਂ ਹੋਇਆ। ਸਰਕਾਰਾਂ ਵੱਲੋਂ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਸਾਰਾ ਹੀ ਤਾਣਾਬਾਣਾ ਵੋਟਾਂ ਬਟੋਰਨ ਲਈ ਬੁਣਿਆ ਜਾਂਦਾ ਹੈ। ਅੱਜ ਲੋਕਾਂ ਵਿਚ ਵੱਡੀ ਪੱਧਰ ’ਤੇ ਬੇਚੈਨੀ ਹੈ। ਲੋਕ ਅੱਜ ਆਰਥਕ ਆਜ਼ਾਦੀ ਲਈ ਸਮੂਹਕ ਲੜਾਈ ਲੜਨਾ ਲੋਚਦੇ ਹਨ, ਉਸ ਆਜ਼ਾਦੀ ਲਈ, ਜਿਸ ਦੇ ਉਨ੍ਹਾਂ 1947 ਤੋਂ ਪਹਿਲਾਂ ਸੁਪਨੇ ਸਜਾਏ ਸਨ। ਅੱਜ ਗ਼ਰੀਬੀ-ਅਮੀਰੀ ਦਾ ਪਾੜਾ ਜ਼ਮੀਨ-ਅਸਮਾਨ ਦਾ ਅੰਤਰ ਬਣਾਈ ਖੜਾ ਹੈ। 10 ਫ਼ੀਸਦੀ ਅਮੀਰਾਂ ਕੋਲ ਦੇਸ਼ ਦੀ ਕਰੀਬ 90 ਫ਼ੀਸਦੀ ਜਾਇਦਾਦ ਹੈ। ਉਪਰਲੇ 1 ਫ਼ੀਸਦੀ ਘਰਾਣੇ ਹੀ 99 ਫ਼ੀਸਦੀ ਲੋਕਾਂ ’ਤੇ ਰਾਜ ਕਰ ਰਹੇ ਹਨ। ਮੋਦੀ ਦੀ ਬੀ ਜੇ ਪੀ ਸਣੇ ਹੁਣ ਤੱਕ ਲਗਾਤਾਰ ਸਭ ਸਰਕਾਰਾਂ ਨੇ ਇਸ 1ਫ਼ੀਸਦੀ ਵੱਡੇ ਅਮੀਰਾਂ ਦੀ ਆਮਦਨ ਹੋਰ ਤੋਂ ਹੋਰ ਵਧਾਈ ਹੈ। ਜਦ ਉਨ੍ਹਾਂ ਦੀ ਇਹ ਆਮਦਨ ਘਟ ਜਾਂਦੀ ਹੈ, ਤਦ ਆਰਥਕ ਸੰਕਟ ਕਹਿ ਕੇ ਐਮਰਜੈਂਸੀ ਲਾਈ ਜਾਂਦੀ ਹੈ, ਕਦੇ ਐਲਾਨੀਆ ਕਦੇ ਹੁਣ ਦੀ ਭਾਜਪਾ ਸਰਕਾਰ ਵਾਂਗ ਅਣ-ਐਲਾਨੀ।





ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਲਗਾਤਾਰ ਜਾਰੀ ਹੈ, ਸਗੋਂ ਹੁਣ ਭਾਜਪਾ ਵੇਲੇ ਤੇਜ਼ ਹੋਇਆ ਹੈ। ਭਲਾ ਲੇਬਰ ਚੌਕ ਖੜੀ ਦਿਹਾੜੀਦਾਰਾਂ ਦੀ ਭੀੜ ’ਚੋਂ ਕਿਸੇ ਨੂੰ ਪੁੱਛੋ ਆਜ਼ਾਦੀ ਕੀ ਹੁੰਦੀ ਹੈ। ਭੱਠੇ ’ਤੇ ਕੰਮ ਕਰਦੀਆਂ ਨਿੱਕੜੀਆਂ ਬਾਲੜੀਆਂ ਸਣੇ ਸਾਰੇ ਪਰਵਾਰ ਨੂੰ ਇੱਟਾਂ ਪੱਥਦੇ ਨੂੰ ਇਹ ਸਵਾਲ ਕੀਤਾ ਜਾਵੇ? ਅੱਤ ਦੀ ਗਰਮੀ ਤੇ ਤਪਦੇ ਪਾਣੀ ’ਚ ਝੋਨਾ ਲਾਉਂਦੀਆਂ ਮੁਟਿਆਰਾਂ ਨੂੰ ਪੁੱਛ ਕੇ ਦੇਖੋ। ਉਨ੍ਹਾਂ ਪਰਵਾਰਾਂ ਤੋਂ ਵੀ ਪੁੱਛੋ, ਜਿਨ੍ਹਾਂ ਦੇ ਮੁਖੀ ਨੂੰ ਇਸ ਸ਼ੱਕ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਕਿ ਉਨ੍ਹਾਂ ਦੇ ਘਰ ਗਊ ਮਾਸ ਹੈ ਜਾਂ ਉਹ ਗਊਆਂ ਵੇਚਦੇ ਹਨ। ਉਸ ਮੁਟਿਆਰ ਨੂੰ ਪੁੱਛੋ ਜਾਂ ਉਸ ਮੁਟਿਆਰ ਦੇ ਮਾਂ-ਪਿਓ ਨੂੰ ਪੁੱਛੋ, ਜਿਨ੍ਹਾਂ ਦੀ ਧੀ ਦੀ ਵਿਆਹ ਦੀ ਉਮਰ ਦਾਜ ਖੁਣੋਂ ਲੰਘ ਗਈ ਹੈ। ਉਸ ਮੁਟਿਆਰ ਨੂੰ ਪੁੱਛੋ ਜਿਸ ਦਾ ਪਤੀ ਵਿਦੇਸ਼ ਚਲਾ ਗਿਆ ਹੈ ਤੇ ਉਹ ਕਈ ਸਾਲਾਂ ਤੋਂ ਹਿਜ਼ਰ ਦੀ ਭੱਠੀ ’ਚ ਰਾਤ-ਦਿਨ ਭੁੱਜ ਰਹੀ ਹੈ। ਉਨ੍ਹਾਂ ਮਾਪਿਆਂ ਤੋਂ ਪੁੱਛੋ, ਜਿਨ੍ਹਾਂ ਦੇ ਪੁੱਤਰ ਵਿਦੇਸ਼ੀਂ ਜਾ ਕੇ ਵਸ ਗਏ ਨੇ ਤੇ ਉਹ ਇਕੱਲੇ ਰਹਿ ਗਏ ਹਨ। ਕੋਈ ਬੁਢਾਪੇ ਦੀ ਡੰਗੋਰੀ ਨਹੀਂ ਬਚੀ। ਉਸ ਕਿਸਾਨ ਜਾਂ ਮਜ਼ਦੂਰ ਨੂੰ ਪੁੱਛੋ ਜਿਸਦਾ ਕਮਾਊ ਮੁਖੀ ਕਰਜ਼ੇ ਜਾਂ ਆਰਥਕ ਤੰਗੀਆਂ ਕਾਰਨ ਫਾਹਾ ਲੈ ਕੇ ਮਰ ਗਿਆ ਹੈ। ਉਨ੍ਹਾਂ ਫ਼ੌਜਣਾਂ ਨੂੰ ਪੁੱਛੋ ਜਿਨ੍ਹਾਂ ਦੇ ਪਤੀ ਕਸ਼ਮੀਰ ਦੀ ਜੰਗ ਵਿਚ ਰੋਜ਼ ਸ਼ਹੀਦ ਹੋ ਰਹੇ ਹਨ ਤੇ ਪਹਾੜ ਜਿੱਡੀ ਜ਼ਿੰਦਗੀ ਉਨ੍ਹਾਂ ਦੇ ਸਾਹਮਣੇ ਖੜੀ ਹੈ। ਉਸ ਔਰਤ ਤੋਂ ਪੁੱਛੋ ਜਿਸਦਾ ਪਤੀ ਨਿੱਕੇ-ਨਿੱਕੇ ਬੱਚੇ ਛੱਡ ਕੇ ਸਾਈਕਲ ’ਤੇ ਜਾਂ ਪੈਦਲ ਕੰਮ ’ਤੇ ਜਾਂਦਾ ਕਾਰ ਦੇ ਹੇਠ ਆ ਕੇ ਮਾਰਿਆ ਗਿਆ। ਉਸ ਪਾਹੜੇ ਨੂੰ ਪੁੱਛੋ, ਜਿਸ ਨੂੰ ਉਚੀ ਪੜ੍ਹਾਈ ਦੀਆਂ ਫ਼ੀਸਾਂ ਦੀ ਅਣਹੋਂਦ ਕਾਰਨ ਪੜ੍ਹਾਈ ਛੱਡ ਕੇ ਦਿਹਾੜੀਦਾਰ ਬਣਨਾ ਪਿਆ ਹੈ ਤੇ ਦਿਹਾੜੀ ਕਦੇ ਮਿਲਦੀ ਹੀ ਨਹੀਂ, ਲੇਬਰ ਚੌਕ ਵਿਚ ਸਾਰਾ ਦਿਨ ਖਲੋ ਕੇ ਖ਼ਾਲੀ ਹੱਥ ਵਾਪਸ ਘਰ ਪਰਤਦਾ ਹੈ।



ਇਸ ਵੇਲੇ ਮੋਦੀ ਸਰਕਾਰ 80 ਕਰੋੜ ਲੋਕਾਂ ਨੂੰ 5 ਕਿਲੋ ਅਨਾਜ ਦੇ ਰਹੀ ਹੈ। ਭਾਵ 140 ਕਰੋੜ ਦੀ ਅਬਾਦੀ ਦਾ 57 ਫੀਸਦੀ ਦੇ ਕਰੀਬ ਜਨਤਾ ਗ਼ਰੀਬੀ ਰੇਖਾਂ ਤੋਂ ਹੇਠਾਂ ਜਿਉਂਦੀ ਹੈ। ਜਨਤਕ ਖੇਤਰ ਦੇ ਭਾਰਤ ਦੇ ਸਾਰੇ ਜਨਤਕ ਖੇਤਰ ਦੇ ਉਦਯੋਗਿਕ ਤੇ ਹੋਰ ਅਦਾਰੇ ਕਾਰਪੋਰੇਟਾਂ, ਖ਼ਾਸ ਕਰਕੇ ਅਡਾਨੀਆਂ-ਅੰਬਾਨੀਆਂ ਦੇ ਹਵਾਲੇ ਕਰ ਦਿੱਤੇ ਹਨ।

ਜਨਤਕ ਅਦਾਰੇ ਤਾਂ ਬਹੁਤ ਸਸਤੇ ਭਾਅ ਕਾਰਪੋਰੇਟ ਸੈਕਟਰ ਨੂੰ ਵੇਚੇ ਹੀ ਹਨ, ਤਿੰਨ ਕਾਲੇ ਕਾਨੂੰਨ ਬਣਾ ਕੇ ਕਿਸਾਨਾਂ ਦੀ ਜ਼ਮੀਨ ਜਿਸ ਤੋਂ ਸਾਰਾ ਦੇਸ਼ ਢਿੱਡ ਭਰਦਾ ਹੈ ਉਹ ਵੀ ਜੇ ਕਿਸਾਨ ਸੰਯੁਕਤ ਕਿਸਾਨ ਮੋਰਚਾ ਬਣਾ ਕੇ ਮਿਸਾਲੀ ਤੇ ਪੁਰਅਮਨ ਲੜਾਈ ਲੜ ਕੇ ਰੱਦ ਨਾ ਕਰਾਉਂਦੇ ਤਾਂ ਉਹ ਵੀ ਇਨ੍ਹਾਂ ਦੇ ਹਵਾਲੇ ਹੋ ਜਾਣੀ ਸੀ। ਹਰ ਸਰਕਾਰੀ ਵਿਭਾਗ ਦਾ ਨਿੱਜੀਕਰਨ ਕਰ ਦਿੱਤਾ ਹੈ। ਹਰ ਤਰ੍ਹਾਂ ਦੀ ਭਰਤੀ ਠੇਕੇ ’ਤੇ ਅਤੇ ਆਊਟਸੋਰਸਿੰਗ ਰਾਹੀਂ ਹੋ ਰਹੀ ਹੈ। ਏਥੋਂ ਤੱਕ ਕਿ ਫ਼ੌਜ ਦੀ ਵੀ ‘ਅਗਨੀਵੀਰ’ ਦੇ ਰੂਪ ਵਿਚ ਠੇਕਾ ਆਧਾਰਤ ਭਰਤੀ ਕਰਨੀ ਸ਼ੁਰੂ ਕਰ ਦਿੱਤੀ ਹੈ। ਦੇਸ਼ ਦਾ ਹਰ ਨਾਗਰਿਕ ਆਪਣੇ ਮਿਹਨਤਾਨੇ ਤੋਂ ਕਿਤੇ ਵਧੇਰੇ ਦੇਸ਼ ਨੂੰ ਕਮਾਈ ਕਰਕੇ ਦੇਂਦਾ ਹੈ, ਪਰੰਤੂ ਉਸ ਨੂੰ ਬੁਢਾਪੇ ਸਮੇਂ ਘੱਟੋ-ਘੱਟ ਜੀਣਯੋਗ ਪੈਨਸ਼ਨ ਦੀ ਗਰੰਟੀ ਦੀ ਥਾਂ 1-1-04 ਤੋਂ ਮੁਲਾਜ਼ਮਾਂ ਤੋਂ ਵੀ ਪੈਨਸ਼ਨ ਖੋਹ ਲਈ ਹੈ। ਇਹ ਕੈਸੀ ਆਜ਼ਾਦੀ ਹੈ, ਜਿਸ ਨੇ ਸਮਾਜਵਾਦੀ ਢਾਂਚੇ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ। ਧਰਮ ਨਿਰਪੱਖਤਾ ਤਬਾਹ ਕਰ ਦਿੱਤੀ ਹੈ। ਸੰਵਿਧਾਨ ਦੀ ਭੂਮਿਕਾ ’ਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਦੇ ਸ਼ਬਦ ਹਟਾਏ ਜਾ ਰਹੇ ਹਨ। ਮੁਸਲਮਾਨ ਧਰਮ ਨਾਲ ਸੰਬੰਧਤ ਲੋਕ ਅਤਿਅੰਤ ਸਹਿਮ ਦੇ ਸਾਏ ਹੇਠ ਜੀਅ ਰਹੇ ਹਨ। ਕਦੋਂ ਉਨ੍ਹਾਂ ਦੇ ਘਰਾਂ ’ਤੇ ਬਲਡੋਜ਼ਰ ਚੱਲ ਜਾਵੇ ਪਤਾ ਨਹੀਂ। ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਮੁਸਲਮਾਨਾਂ ਨੂੰ ਆਪਣੀਆਂ ‘ਬਸਤੀਆਂ’ ਵਿਚ ਨਾ ਮਕਾਨ ਬਣਾਉਣ ਲਈ ਪਲਾਟ ਵੇਚਣ ਤੇ ਨਾ ਹੀ ਕਿਰਾਏ ’ਤੇ ਦੇਣ। ਉਨ੍ਹਾਂ ਦਾ ਮੁਕੰਮਲ ਬਾਈਕਾਟ ਕਰਨ ਦੇ ਨਾਅਰੇ ਦਿੱਤੇ ਜਾ ਰਹੇ ਹਨ। ਸਾਰੀਆਂ ਧਾਰਮਕ ਘੱਟ ਗਿਣਤੀਆਂ ਦਹਿਸ਼ਤ ਅਧੀਨ ਹਨ। ਮਸਜਿਦਾਂ ਹੇਠ ਮੰਦਰ ਹੋਣ ਦਾ ਢੰਡੋਰਾ ਪਿੱਟ ਕੇ ਉਹਨਾਂ ਨੂੰ ਢਾਹਿਆ ਜਾ ਰਿਹਾ ਹੈ। ਮੁੱਖ ਦੁਸ਼ਮਣੀ ਗ਼ਰੀਬੀ ਦੀ ਥਾਂ ਮੁਸਲਮਾਨਾਂ ਨਾਲ ਪਾ ਲਈ ਹੈ।



ਬੋਲਣ-ਲਿਖਣ ਦੇ ਮੌਲਿਕ ਅਧਿਕਾਰ ਕੁਚਲ ਦਿੱਤੇ ਗਏ ਹਨ। ਜੋ ਵੀ ਸਰਕਾਰ ਵਿਰੁੱਧ ਬੋਲਦਾ ਜਾਂ ਲਿਖਦਾ ਹੈ, ਯੂ ਏ ਪੀ ਏ ਲਾ ਕੇ ਜੇਲ੍ਹ ਅੰਦਰ ਡੱਕ ਦਿੱਤਾ ਜਾਂਦਾ ਹੈ। ਕਿੰਨੇ ਹੀ ਸਾਰੇ ਬੁੱਧੀਜੀਵੀ ਜੇਲ੍ਹਾਂ ਵਿਚ ਏਸ ਕਰਕੇ ਬੰਦ ਹਨ ਕਿ ਉਨ੍ਹਾਂ ਮੌਜੂਦਾ ਮੋਦੀ ਸਰਕਾਰ ਦੀ ਅਲੋਚਨਾ ਕੀਤੀ ਹੈ। ਵਿਰੋਧੀਆਂ ਉਪਰ ਈ.ਡੀ., ਸੀ.ਬੀ.ਆਈ. ਐੱਨ ਆਈ ਏ, ਇਨਕਮ ਟੈਕਸ ਦੇ ਛਾਪੇ ਮਾਰਵਾਏ ਜਾਂਦੇ ਹਨ। ਆਰ ਬੀ ਆਈ ਤੇ ਚੋਣ ਕਮਿਸ਼ਨ ਸਮੇਤ ਸਾਰੇ ਖ਼ੁਦਖਤਿਆਰ ਅਦਾਰੇ ਮੋਦੀ ਦੀ ਭਾਜਪਾ ਸਰਕਾਰ ਨੇ ਆਪਣੇ ਅਧੀਨ ਕਰ ਲਏ ਹਨ। ਮਜ਼ਦੂਰਾਂ ਦੇ ਹੱਕ ’ਚ ਬਣੇ ਸਾਰੇ ਕਾਨੂੰਨ ਰੱਦ ਕਰਕੇ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਦਿਹਾੜੀ ਵੀ 8 ਦੀ ਥਾਂ 12 ਘੰਟੇ ਕਰ ਦਿੱਤੀ ਹੈ। ਲੋਕ ਰੋਹ ਨੂੰ ਕੁਚਲਣ ਲਈ ਨਵੇਂ ਤਿੰਨ ਫ਼ੌਜਦਾਰੀ ਕਾਲੇ ਕਾਨੂੰਨ ਲਿਆ ਕੇ ਪੁਲਸ ਨੂੰ ਅਥਾਹ ਅਖਤਿਆਰ ਦੇ ਦਿੱਤੇ ਹਨ। ਦੇਸ਼ ਵਿਚ ਅਣਐਲਾਨੀ ਐਮਰਜੈਂਸੀ ਵਾਲਾ ਹਾਲ ਹੈ। ਪਾਰਲੀਮੈਂਟ ਵਿਚ ਤੇ ਉਸ ਤੋਂ ਬਾਹਰ ਵੀ ਸਭ ਕੁਝ ਹਕੀਕਤਾਂ ਦੇ ਉਲਟ ਕਿਹਾ ਜਾ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਚਰਮ ਸੀਮਾ ’ਤੇ ਹੈ। ਕਰੋੜਾਂ ਹੱਥ ਤੇ ਸਿਰ ਬੇਕਾਰ ਵਿਹਲੇ ਫਿਰ ਰਹੇ ਹਨ। ਲੋਕ ਦੇਸ਼ ਛੱਡ ਵਿਦੇਸ਼ਾਂ ਨੂੰ ਦੌੜ ਰਹੇ ਹਨ। ਸ੍ਰੀਲੰਕਾ, ਪਾਕਿਸਤਾਨ, ਮਿਆਂਮਾਰ ਬੰਗਲਾਦੇਸ਼ ਵਾਲੇ ਹਾਲਾਤ ਬਣ ਰਹੇ ਹਨ। ਲੋਕ ਮਿਲੀ ਆਜ਼ਾਦੀ ਤੋਂ ਅੱਕ ਚੁੱਕੇ ਹਨ। ਹੱਕ ਮੰਗਦੇ ਲੋਕਾਂ ਨੂੰ ਕੁਚਲਣ ਲਈ ਨਵੇਂ ਫ਼ੌਜਦਾਰੀ ਕਾਨੂੰਨ ਬਣਾ ਕੇ ਪੁਲਸ ਨੂੰ ਅਥਾਹ ਅਖਤਿਆਰ ਦੇ ਦਿੱਤੇ ਹਨ। ਵੋਟਾਂ ਵਿੱਚ ਵੱਡੇ ਪੱਧਰ ਹੇਰਾਫੇਰੀ ਕੀਤੀ ਜਾ ਰਹੀ ਹੈ। ਬਿਹਾਰ ਵਿੱਚ ਵੋਟਾਂ ਦੀ ਪੁਨਰ ਤਫ਼ਤੀਸ਼ ਕਰਨ ਦੇ ਬਹਾਨੇ ਵਿਰੋਧੀ ਵੋਟਾਂ ਕੱਟ ਦਿੱਤੀਆਂ ਹਨ। ਚੋਣ ਕਮਿਸ਼ਨ ’ਤੇ ਲੋਕਾਂ ਦਾ ਇਤਬਾਰ ਨਹੀਂ ਰਿਹਾ। ਲੋਕਾਂ ਨੂੰ ਖੱਬੀਆਂ ਪਾਰਟੀਆ ਤੋਂ ਹੀ ਇਹ ਆਸ ਸੀ ਕਿ ਉਹ ਸਮਾਜਵਾਦੀ ਢਾਂਚੇ ਦੀ ਉਸਾਰੀ ਲਈ ਕੁਝ ਕਰਨਗੀਆਂ। ਲੋਕ ਉਨ੍ਹਾਂ ਪਿੱਛੇ ਲੱਗ ਕੇ ਅਧੂਰੀ ਆਜ਼ਾਦੀ ਨੂੰ ਸੰਪੂਰਨ ਕਰਨ ਲਈ ਇਕ ਵਾਰ ਫੇਰ ਹਰ ਕੁਰਬਾਨੀ ਲਈ ਤਿਆਰ ਹਨ, ਪਰੰਤੂ ਖੱਬੀਆਂ ਪਾਰਟੀਆਂ ਵੀ ਹੁਣ ਅਨੇਕ ਤੋਂ ਏਕ ਹੋਣ ਦੀ ਥਾਂ ਏਕ ਤੋਂ ਅਨੇਕ ਹੋ ਕੇ ਹੋਰ-ਹੋਰ ਖਿੰਡਰਦੀਆਂ ਜਾ ਰਹੀਆਂ ਹਨ।

ਮੌਜੂਦਾ ਮੋਦੀ ਸਰਕਾਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਬੇਹੱਦ ਕਾਹਲੀ ਹੈ। ਇਹ ਇਕ ਹਕੀਕਤ ਹੈ ਕਿ ਜੇ 2024 ਦੀਆਂ ਚੋਣਾਂ ਵਿਚ ਭਾਜਪਾ ਦਾ 400 ਸੀਟਾਂ ਦਾ ਨਾਅਰਾ ਪੂਰਾ ਹੋ ਜਾਂਦਾ ਤਾਂ ਹਿੰਦੂ ਰਾਸ਼ਟਰ ਬਣਨਾ ਹੀ ਬਣਨਾ ਸੀ ਤੇ ਦੇਸ਼ ਦੀ ਹਾਲਤ ਪਾਕਿਸਤਾਨ, ਬੰਗਲਾਦੇਸ਼ ਵਰਗੀ ਹੋ ਜਾਣੀ ਸੀ। ਇਸ ਤੋਂ ਦੇਸ਼ ਦੇ ਲੋਕ ਸੁਚੇਤ ਤਾਂ ਹੋ ਗਏ ਹਨ। ਜੋ ‘ਇੰਡੀਆ’ ਗੱਠਜੋੜ ਬਣਿਆ ਹੈ, ਉਸ ਨੇ ਹਾਲੇ ਤੀਕ ਇਸ ਕਾਰਪੋਰੇਟੀ ਲੁੱਟ ਵਾਲੇ ਪ੍ਰਬੰਧ ਦਾ ਬਦਲਵਾਂ ਢਾਂਚਾ ਉਸਾਰਨ ਦਾ ਕੋਈ ਸੰਕਲਪ ਨਹੀਂ ਕੀਤਾ ਤੇ ਨਾ ਕੋਈ ਐਸੀ ਆਰਥਕ ਨੀਤੀ ਜੱਗ ਜ਼ਾਹਰ ਕੀਤੀ ਹੈ, ਜਿਸ ’ਤੇ ਲੋਕਾਂ ਨੂੰ ਵਿਸ਼ਵਾਸ ਬੱਝੇ। ਲੋਕਾਂ ਨੂੰ ਅਸਲ ਆਜ਼ਾਦੀ ਦੀ ਝਲਕ ਮਿਲ ਸਕੇ, ਜਿਸ ਨਾਲ ਮੁਸ਼ਕਲਾਂ ਤੋਂ ਨਿਜਾਤ ਹਾਸਲ ਹੋ ਸਕੇ। ਦੇਸ਼ ਦੇ ਲੋਕ ਪਰੇਸ਼ਾਨ ਹਨ ਕਿ ਉਹ ਆਜ਼ਾਦੀ, ਜਿਸ ਦੇ ਉਹਨਾਂ ਸੁਪਨੇ ਸਿਰਜੇ ਸਨ, ਕਦੋਂ ਆਏਗੀ।

**# ਸੰਪਰਕ : 95013-65522**

# ਆਜ਼ਾਦ ਭਾਰਤ ’ਚ ਆਜ਼ਾਦੀ ਦੇ ਅਸਲ ਅਰਥ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਅੱਜ ਆਜ਼ਾਦੀ ਦਿਵਸ ਹੈ। ਅੱਜ ਤੋਂ ਤਕਰੀਬਨ 78 ਕੁ ਸਾਲ ਪਹਿਲਾਂ ਅਨੇਕਾਂ ਹੀ ਸੂਰਬੀਰਾਂ ਅਤੇ ਸਿਰਲੱਥ ਯੋਧਿਆਂ ਨੇ ਆਪਣੇ ਪ੍ਰਾਣਾਂ ਦੀ ਬਲੀ ਦੇ ਕੇ ਸਾਡੇ ਗੁਲਾਮ ਮੁਲਕ ਨੂੰ ਵਿਦੇਸ਼ੀ ਜਰਵਾਣਿਆਂ ਤੋਂ ਮੁਕਤ ਕਰਵਾਇਆ ਸੀ। ਅੱਜ ਜਿੱਥੇ ਲਾਸਾਨੀ ਕੁਰਬਾਨੀਆਂ ਦੇਣ ਵਾਲੇ ਮਹਾਨ ਸ਼ਹੀਦਾਂ ਨੂੰ ਦਿਲੀ ਸ਼ਰਧਾਜਲੀ ਭੇਟ ਕਰਨ ਦਾ ਦਿਨ ਹੈ, ਉੱਥੇ ਹੀ ਇਸ ਗੱਲ ਦਾ ਚਿੰਤਨ ਕਰਨ ਦਾ ਵੀ ਦਿਨ ਹੈ ਕਿ ਇਸ ਆਜ਼ਾਦ ਮੁਲਕ ਦੇ ਬਾਸ਼ਿੰਦਿਆਂ (ਨਾਗਰਿਕਾਂ) ਦਾ ਆਜ਼ਾਦੀ ਦੇ ਅਠੱਤਰ ਵਰ੍ਹੇ ਬਾਅਦ ਕੀ ਹਾਲ ਹੈ? ਅਤੇ ਕੀ ਆਜ਼ਾਦੀ ਵਾਕਿਆ ਹੀ ਦੇਸ਼ ਦੇ ਆਮ ਨਾਗਰਿਕ ਤੱਕ ਪਹੁੰਚ ਪਾਈ ਹੈ? ਇਹ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਸਾਡੇ ਆਜ਼ਾਦ ਮੁਲਕ ਵਿਚਲੇ ਡਾਕਟਰਾਂ ਨੇ ਗਰੀਬ ਲੋਕਾਂ ਦੇ ਗੁਰਦੇ ਅਤੇ ਹੋਰ ਅੰਗ ਚੋਰੀ ਕੱਢ ਕੇ ਮਹਿੰਗੇ ਮੁੱਲ ਵੇਚ ਲਏ। ਇਸ ਪਵਿੱਤਰ ਪੇਸ਼ੇ ਅੰਦਰ ਪ੍ਰਵੇਸ਼ ਪਾ ਗਏ ਕੁਝ ਸ਼ੈਤਾਨੀ ਸੋਚ ਵਾਲੇ ਡਾਕਟਰਾਂ ਨੇ ਅਣਜੰਮੀਆਂ ਧੀਆਂ ਦੇ ਕਬਰਸਤਾਨ ਗਲੀ-ਗਲੀ ਬਣਾ ਦਿੱਤੇ। ਬੇਲੋੜੇ ਟੈਸਟਾਂ, ਸਕੈਨਿੰਗਾਂ ਅਪ੍ਰੇਸ਼ਨਾਂ ਅਤੇ ਦਵਾਈਆਂ ਵਿਚ ਮਰੀਜ਼ਾਂ ਨੂੰ ਉਲਝਾਉਣ ਵਾਲੇ ਡਾਕਟਰਾਂ ਰਿਸ਼ਵਤ ਦੇ ਕੇ ਆਪਣੇ ਧੀਆਂ-ਪੁੱਤਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਵਾਉਣ ਵਾਲੇ ਡਾਕਟਰਾਂ ਅਤੇ ਪੈਸੇ ਲੈ ਕੇ ਧਾਰਾ 326 ਦੇ ਪਰਚੇ ਬਣਾਉਣ ਵਾਲੇ ਅਖੌਤੀ ਡਾਕਟਰਾਂ ਨੇ ਆਜ਼ਾਦੀ ਦੇ ਬਾਅਦ ਵਾਲੇ ਇਨ੍ਹਾਂ ਵਰ੍ਹਿਆਂ ਵਿਚ ਆਪਣੇ ਪਾਵਨ ਪੇਸ਼ੇ ਨੂੰ ਕਲੰਕਿਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਬੀਤੇ ਸਾਲਾਂ ਵਿਚ ਉੱਚੇ-ਸੁੱਚੇ ਸਿਧਾਂਤਾਂ ਨਾਲ ਓਤਪੋਤ ਰਾਜਨੀਤੀਵਾਨਾਂ ਦੀ ਥਾਂ ਉਨ੍ਹਾਂ ਨੇਤਾਵਾਂ ਨੇ ਲੈ ਲਈ, ਜਿਨ੍ਹਾਂ ਦਾ ਰੋਮ-ਰੋਮ ਭ੍ਰਿਸ਼ਟਾਚਾਰ ਵਿਚ ਡੁੱਬਿਆ ਪਿਆ ਹੈ। ਲੱਖਾਂ ਤੋ ਲੈ ਕੇ ਅਰਬਾਂ ਰੁਪਿਆਂ ਤੱਕ ਦੀ ਦਲਾਲੀ ਖਾਣ ਵਾਲੇ ਰਾਜਨੇਤਾ ਵੱਡੇ-ਵੱਡੇ ਅਹੁਦਿਆਂ ’ਤੇ ਬਿਰਾਜਮਾਨ ਰਹੇ, ਲੱਥ ਗਏ, ਮਰ ਗਏ, ਪਰ ਲੰਮੇ ਹੱਥਾਂ ਦਾ ਦਾਅਵਾ ਕਰਨ ਵਾਲਾ ਕਾਨੂੰਨ ਉਨ੍ਹਾ ਦਾ ‘ਕੱਖ’ ਵੀ ਨਾ ਵਿਗਾੜ ਸਕਿਆ। ਘੁਟਾਲੇਬਾਜ਼ਾਂ ਨੇ ‘ਆਜ਼ਾਦੀ ਭਰਪੂਰ’ ਜੀਵਨ ਬਤੀਤ ਕੀਤਾ ਤੇ ਲੰਮੀਆਂ ਉਮਰਾਂ ਭੋਗੀਆਂ, ਵਿਧਾਨ ਸਭਾਵਾਂ ਅਤੇ ਸੰਸਦ ਵਿਚ ਉਹ ਲੋਕ ਵੀ ਚੁਣ ਕੇ ਆ ਗਏ, ਜਿਨ੍ਹਾਂ ’ਤੇ ਡਕੈਤੀ, ਫਿਰੌਤੀ, ਬਲਾਤਕਾਰ ਜਾਂ ਹੱਤਿਆ ਜਿਹੇ ਸੰਗੀਨ ਮੁਕੱਦਮੇ ਚੱਲ ਰਹੇ ਸਨ। ਹੋਰ ਤਾਂ ਹੋਰ ਬੀਤੇ ਸਾਲਾਂ ਵਿਚ ਸੰਸਦ ਮੈਂਬਰਾਂ ਦੀ ਖ਼ਰੀਦੋ-ਫ਼ਰੋਖਤ ਦਾ ਨੰਗਾ ਨਾਚ ਲੋਕਤੰਤਰ ਦੀਆਂ ਬਰੂਹਾਂ ’ਤੇ ਕੀਤਾ ਗਿਆ, ਪਰ ਆਜ਼ਾਦ ਭਾਰਤ ਦਾ ਸੰਵਿਧਾਨ ਕਾਨੂੰਨ ਅਤੇ ਜਨਤਾ, ਗਾਂਧੀ ਜੀ ਦੇ ਤਿੰਨ ਬਾਂਦਰਾਂ ਦੀ ਤਰ੍ਹਾਂ ਖ਼ਾਮੋਸ਼ ਬੈਠੇ ‘ਤਮਾਸ਼ਾ’ ਵੇਖਦੇ ਰਹੇ।

ਆਜ਼ਾਦੀ ਦੇ ਇਨ੍ਹਾਂ ਲੰਘੇ ਵਰ੍ਹਿਆਂ ਵਿਚ ਹੋਈਆਂ ਦੁਸ਼ਮਣ ਦੇਸ਼ਾਂ ਵਿਰੋਧੀ ਜੰਗਾਂ ਵਿਚ ਸ਼ਾਇਦ ਐਨੇ ਨਿਰਦੋਸ਼ ਲੋਕ ਨਾ ਮਾਰੇ ਗਏ ਹੋਣ, ਜਿੰਨੇ ਦਿੱਲੀ, ਗੁਜਰਾਤ, ਭਾਗਲਪੁਰ ਅਤੇ ਮੁਜ਼ੱਫਰਨਗਰ ਦੇ ਦੰਗਿਆਂ ਵਿਚ ਮਾਰੇ ਗਏ। ਇਹ ‘ਆਜ਼ਾਦੀ’ ਦਾ ਹੀ ‘ਪ੍ਰਤੀਕ’ ਮੰਨਿਆ ਜਾ ਸਕਦਾ ਹੈ ਕਿ ਚਿੱਟੇ ਦਿਨੀਂ ਗਲਾਂ ਵਿਚ ਟਾਇਰ ਪਾ ਕੇ ਅਨੇਕਾਂ ਸਿੱਖ ਜਿਊਂਦੇ ਸਾੜ ਦਿੱਤੇ ਗਏ, ਗੁਜਰਾਤ ਵਿਚ ਰੇਲ ਗੱਡੀ ਅਤੇ ਬੇਕਰੀ ਅੰਦਰ ਤੂੜ ਕੇ ਅਨੇਕਾਂ ਹੀ ਮਾਸੂਮ ਲੋਕ ਅਗਨ ਭੇਟ ਕਰ ਦਿੱਤੇ ਗਏ ਤੇ ਬਿਲਕਿਸ ਬਾਨੋ ਵਰਗੀਆਂ ਨਿਰਦੋਸ਼ ਇਸਤਰੀਆਂ ਨਾਲ ਜੱਗੋਂ ਤੇਰ੍ਹਵੀਂ ਹੋਈ, ਪਰ ਉਨ੍ਹਾਂ ਦਾ ਘਾਣ ਕਰਨ ਵਾਲਿਆਂ ਦਾ ਕੋਈ ਵਾਲ ਵੀ ਵਿੰਗਾ ਨਾ ਕਰ ਸਕਿਆ। ਕਾਤਲ ਅਤੇ ਲੁਟੇਰੇ ਪੂਰੀ ‘ਆਜ਼ਾਦੀ’ ਮਾਣਦੇ ਰਹੇ ਤੇ ਸਮਾਜ ਦੇ ਅਤਿ ਪ੍ਰਤਿਸ਼ਠਾਵਾਨ ਸ਼ਖ਼ਸ ਬਣ ਕੇ ਵਿਚਰਦੇ ਰਹੇ।

ਆਜ਼ਾਦੀ ਤੋਂ ਬਾਅਦ ਦੇ ਇਨ੍ਹਾਂ ਅਠੱਤਰ ਸਾਲਾਂ ਵਿਚ ਨੌਜਵਾਨ ਮੁੰਡਿਆਂ ਤੇ ਕੁੜੀਆਂ ਦੀ ਜੋ ਬੇਪਤੀ ਅਤੇ ਖੁਆਰੀ ਹੋਈ ਹੈ, ਉਹ ਆਜ਼ਾਦੀ ਤੋ ਪਹਿਲਾਂ ਦੇ ਹਾਲਾਤ ਤੋਂ ਵੀ ਬਦਤਰ ਹੈ। ਨੌਜਵਾਨ ਕੁੜੀਆਂ,ਅਣਭੋਲ ਬੱਚਿਆਂ ਅਤੇ ਬਜ਼ੁਰਗ ਔਰਤਾਂ ਨਾਲ ਨਿੱਤ ਵਾਪਰਦੀਆਂ ਬਲਾਤਕਾਰ ਅਤੇ ਦਰਦਨਾਕ ਕਤਲਾਂ ਦੀਆਂ ਵਾਰਦਾਤਾਂ ਇਹ ਸਾਬਿਤ ਕਰਨ ਲਈ ਕਾਫੀ ਹਨ ਕਿ ਇਸ ਮੁਲਕ ਵਿਚ ਆਜ਼ਾਦੀ ਦੇ ਮਾਅਨੇ ਕੀ ਹਨ? ਲੱਖਾਂ ਰੁਪਏ ਖ਼ਰਚ ਕੇ ਅਤੇ ਜ਼ਿੰਦਗੀ ਦੇ ਕਈ ਕੀਮਤੀ ਸਾਲ ਲੇਖੇ ਲਾ ਕੇ ਵੱਡੀਆਂ-ਵੱਡੀਆਂ ਡਿਗਰੀਆਂ ਹਾਸਿਲ ਕਰਨ ਵਾਲੇ ਨੌਜਵਾਨਾਂ ਨੂੰ ਚੰਦ ਰੁਪਿਆਂ ਦੀ ਨੌਕਰੀ ਹਾਸਿਲ ਕਰਨ ਲਈ ਅੱਜ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਨਿਰਾਸ਼ਤਾ ਦੇ ਭੰਨੇ ਅਜੋਕੇ ਨੌਜਵਾਨ ਡਕੈਤੀਆਂ, ਠੱਗੀਆਂ, ਨਸ਼ਿਆਂ ਜਾਂ ਫਿਰ ਆਤਮਹੱਤਿਆ ਦੇ ਰਾਹੇ ਪੈ ਰਹੇ ਹਨ ਤੇ ਸਰਕਾਰਾਂ ਅਤੇ ਸਮਾਜ ‘ਆਜ਼ਾਦੀ ਦਿਵਸ’ ਮਨਾਏ ਜਾਣ ਦਾ ਢੌਂਗ ਕਰ ਰਹੇ ਹਨ। ਅੱਜ ਇਸ ਮੁਲਕ ਵਿਚ ਆਪਣੇ ਹੱਕ ਲੈਣ ਖ਼ਾਤਿਰ ਜੀਅ-ਤੋੜ ਸੰਘਰਸ਼ ਦਾ ਸਹਾਰਾ ਲੈਣਾ ਪੈਂਦਾ ਹੈ। ਲਾਠੀਆਂ ਵਰ੍ਹਦੀਆਂ ਹਨ, ਪਾਣੀ ਦੀਆਂ ਬੁਛਾੜਾਂ ਪੈਂਦੀਆਂ ਹਨ, ਲਾਠੀਚਾਰਜ ਦੀ ਆੜ ਵਿਚ ਨੌਜਵਾਨ ਕੁੜੀਆਂ ਦੀ ਬੇਪਤੀ ਕੀਤੀ ਜਾਂਦੀ ਹੈ ਤੇ ਆਜ਼ਾਦੀ ਉੱਥੇ ਖੜੀ ਬਿਟ-ਬਿਟ ਤੱਕਦੀ ਰਹਿ ਜਾਂਦੀ ਹੈ।

ਆਜ਼ਾਦ ਭਾਰਤ ਵਿਚੋਂ ਝੁੱਗੀਆਂ-ਝੌਂਪੜੀਆਂ ਖ਼ਤਮ ਕਰ ਕੇ ਲੋਕਾਂ ਨੂੰ ਸਿਰ ਢੱਕਣ ਲਈ ਛੱਤ ਅਜੇ ਤੱਕ ਨਹੀਂ ਦਿੱਤੀ ਜਾ ਸਕੀ। ਚੀਜ਼ਾਂ ਦੇ ਭਾਅ ਅਸਮਾਨ ਛੂਹ ਰਹੇ ਹਨ ਤੇ ਸਰਕਾਰਾਂ ਜੀ ਐੱਸ ਟੀ ਜਿਹੇ ਲੋਕ ਮਾਰੂ ਟੈਕਸਾਂ ਨੂੰ ਦੇਸ਼ ਵਾਸੀਆਂ ਦਾ ਦੇਸ਼ ਦੀ ਤਰੱਕੀ ਲਈ ਕੀਤਾ ਗਿਆ ‘ਯੋਗਦਾਨ’ ਮੰਨ ਰਹੀਆਂ ਹਨ। ਆਰਥਕ ਥੁੜ੍ਹਾਂ ਦਾ ਮਾਰਿਆ ਦੇਸ਼ ਦਾ ਅੰਨਦਾਤਾ (ਕਿਸਾਨ) ਖ਼ੁਦਕੁਸ਼ੀਆਂ ਕਰ ਰਿਹਾ ਹੈ ਤੇ ਮਹਿੰਗਾਈ ਵਿਚ ਬੇਤਹਾਸ਼ਾ ਵਾਧੇ ਦੇ ਮੁਕਾਬਲਤਨ ਮਜ਼ਦੂਰਾਂ ਦੀਆਂ ਉਜਰਤਾਂ ਨਿਗੂਣੀਆਂ ਦੀਆਂ ਨਿਗੂਣੀਆਂ ਹੀ ਖੜ੍ਹੀਆਂ ਹਨ। ਸਰਕਾਰੀ ਅਫ਼ਸਰਾਂ ਅਤੇ ਮੰਤਰੀਆਂ ਜਾਂ ਵਿਧਾਇਕਾਂ ਦੀਆਂ ਤਨਖ਼ਾਹਾਂ ਵਿਚ ਨਿਰੰਤਰ ਤੇ ਚੋਖਾ ਵਾਧਾ ਹੋ ਰਿਹਾ ਹੈ। ਅਮੀਰ ਅਤੇ ਗਰੀਬ ਵਿਚਲਾ ਪਾੜਾ ਪਲ-ਪਲ ਵਧ ਰਿਹਾ ਹੈ ਤੇ ਆਜ਼ਾਦ ਭਾਰਤ ਆਪਣੀ ਹੀ ਤਰਸਯੋਗ ਹਾਲਤ ’ਤੇ ਝੂਰਦਾ ਹੋਇਆ ਬੇਵੱਸ ਖੜ੍ਹਾ ਪ੍ਰਤੀਤ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਦੇ ਇਨ੍ਹਾਂ ਵਰ੍ਹਿਆਂ ਵਿਚ ਅਖੌਤੀ ਸੰਤਾਂ, ਬਾਬਿਆਂ ਅਤੇ ਜੋਤਸ਼ੀਆਂ ਦੇ ਕਾਰੋਬਾਰ ਅਤੇ ਮਾਇਆ ਭੰਡਾਰਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਬੀਤੇ ਸਾਲਾਂ ਵਿਚ ਅਨੇਕਾਂ ਅਜਿਹੇ ਸੰਤ ਤੇ ਬਾਬੇ ਆਏ ਹਨ, ਜੋ ਆਧੁਨਿਕ ਸੰਚਾਰ ਅਤੇ ਪ੍ਰਚਾਰ ਸਾਧਨਾਂ ਦੀ ਬਦੌਲਤ ਸ਼ੋਹਰਤ ਦੀ ਟੀਸੀ ’ਤੇ ਪੁੱਜੇ ਅਤੇ ਵੱਡੇ ਕੁਕਰਮ ਕਰਨ ਦੇ ਬਾਵਜੂਦ ਪੂਜਣਯੋਗ ਬਣੇ ਰਹੇ। ਹੱਤਿਆ, ਬਲਾਤਕਾਰ ਅਤੇ ਕਈ ਹੋਰ ਸੰਗੀਨ ਦੋਸ਼ਾਂ ਵਿਚ ਲਥਪਥ ਕੁਝ ਬਾਬੇ ਅੱਜ ਵੀ ਇਸ ਆਜ਼ਾਦ ਦੇਸ਼ ਵਿਚ ਆਜ਼ਾਦ ਹੀ ਘੁੰਮ ਰਹੇ ਹਨ।

ਮੁੱਕਦੀ ਗੱਲ ਇਹ ਹੈ ਕਿ ਸੰਨ 1947 ਤੋਂ ਲੈ ਕੇ ਹੁਣ ਤੱਕ ਭਾਰਤ ਵਿਚ ਹਰ ਲੁਟੇਰੇ, ਭ੍ਰਿਸ਼ਟਾਚਾਰੀ, ਵਿਭਚਾਰੀ ਅਤੇ ਹੱਤਿਆਰੇ ਨੂੰ ਹਰ ਕੰਮ ਕਰਨ ਦੀ ਪੂਰੀ ਆਜ਼ਾਦੀ ਰਹੀ ਹੈ, ਪਰ ਕੁੱਲੀ,ਗੁੱਲੀ ਤੇ ਜੁੱਲੀ ਜਿਹੀਆਂ ਮੁੱਢਲੀਆਂ ਲੋੜਾਂ ਦੀ ਖ਼ਾਤਿਰ ਆਪਣਾ ਖ਼ੂਨ ਸਾੜਨ ਵਾਲਾ ਗਰੀਬ ਭਾਰਤੀ ਅੱਜ ਵੀ ਭੁੱਖੇ ਢਿੱਡ ਸੌਣ ਲਈ ਮਜਬੂਰ ਹੈ, ਕਿਉਂਕਿ ਉਸ ਦੇ ਲਈ ਉਹ ਆਜ਼ਾਦੀ ਬਿਲਕੁਲ ਹੀ ਬੇਮਾਅਨੀ ਹੈ, ਜੋ ਉਸ ਦਾ ਕੁਝ ਵੀ ਨਾ ਸੁਆਰ ਸਕੇ।

**# ਸੰਪਰਕ : 97816-46008**



ਬਰਸੀ ’ਤੇ ਵਿਸ਼ੇਸ਼

## ਮਹਾਨ ਗ਼ਦਰੀ ਜਰਨੈਲ

# ਬਾਬਾ ਹਰੀ ਸਿੰਘ ਉਸਮਾਨ


ਜਸਦੇਵ ਸਿੰਘ ਲਲਤੋਂ

ਬਾਬਾ ਹਰੀ ਸਿੰਘ ਉਸਮਾਨ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਬੱਦੋਵਾਲ ਵਿਖੇ 20 ਅਕਤੂਬਰ 1879 ਨੂੰ ਹੋਇਆ। ਪੂਰੇ 19 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਕੇ 20-10-1898 ਤੋਂ ਲੈ ਕੇ 01-04-1905 ਤੱਕ ਕਰੀਬ ਸਾਢੇ ਛੇ ਸਾਲ ਸਰਕਾਰੀ ਨੌਕਰੀ ਕੀਤੀ। ਅਣਖੀਲੇ ਸੁਭਾਅ ਦੇ ਮਾਲਕ ਹੋਣ ਕਰਕੇ ਫੌਜੀ ਗੁਲਾਮੀ ਨੂੰ ਲੱਤ ਮਾਰ ਕੇ ਪਿੰਡ ਵਾਪਸ ਆ ਗਏ ਤੇ ਢਾਈ ਸਾਲ ਖੇਤੀਬਾੜੀ ਦਾ ਕੰਮ ਕੀਤਾ। 30 ਅਕਤੂਬਰ 1907 ਨੂੰ ਰੋਟੀ-ਰੋਜ਼ੀ ਦੀ ਭਾਲ ਵਿੱਚ ਫਿਲਪਾਈਨ ਲਈ ਰਵਾਨਾ ਹੋ ਗਏ। ਦੋ ਸਾਲ ਫਿਲਪਾਈਨ ਦੇ ਸ਼ਹਿਰ ਮਨੀਲਾ ਵਿੱਚ ਮਜ਼ਦੂਰੀ ਤੇ ਪਹਿਰੇਦਾਰੀ ਕੀਤੀ। ਅੱਗੋਂ ਅਮਰੀਕਾ ਜਾ ਕੇ ਕੈਲੀਫੋਰਨੀਆ, ਇੰਪੀਰੀਅਲ ਵੈਲੀ ’ਚ ਮਜ਼ਦੂਰੀ ਕਰਨ ਪਿੱਛੋਂ ਅਮਰੀਕਾ - ਮੈਕਸੀਕੋ ਹੱਦ ’ਤੇ ਮੈਕਸੀਕਾਲੀ ਕਸਬੇ ਨੇੜੇ 200 ਏਕੜ ਜ਼ਮੀਨ ਠੇਕੇ ’ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗੇ। ਬੇਹੱਦ ਤੇ ਮਿਹਨਤੀ ਤੇ ਸਿਰੜੀ ਸੀ ਹਰੀ ਸਿੰਘ। ਖ਼ੂਨ-ਪਸੀਨਾ ਇੱਕ ਕਰਕੇ ਸਾਢੇ ਚਾਰ ਸਾਲਾਂ ਵਿੱਚ ਜਮ੍ਹਾਂ ਕੀਤੇ ਕਾਫੀ ਡਾਲਰ। ਦੂਜੇ ਪਾਸੇ ਗੋਰਿਆਂ ਵੱਲੋਂ ਪੈਰ-ਪੈਰ ’ਤੇ ਗੁਲਾਮੀ ਵਾਲੇ ਸਲੂਕ ਦੇ ਸ਼ੇਲੇ ਅਣਖੀ ਹਰੀ ਸਿੰਘ ਦੇ ਦਿਲ-ਦਿਮਾਗ ਨੂੰ ਕਰਦੇ ਜ਼ਖਮੀ। ਅਜਿਹੇ ਹਾਲਾਤ ਅੰਦਰ ਸਾਨਫਰਾਂਸਿਸਕੋ ਦੇ ‘ਯੁਗਾਂਤਰ ਆਸ਼ਰਮ’ (ਹੈੱਡਕੁਆਟਰ ਗ਼ਦਰ ਪਾਰਟੀ) ’ਚੋਂ ਨਿਕਲਦੇ ਗ਼ਦਰ ਅਖਬਾਰ ਦਾ ਪਹਿਲਾ ਪਰਚਾ ਹਰੀ ਸਿੰਘ ਨੂੰ ਮਿਲਿਆ। ਆਪ ਨੇ ਪੜ੍ਹੇ ਹੇਠ ਲਿਖੇ ਚਾਰ ਸਬਕ :

ਪਹਿਲਾ ਸਬਕ :- ਹਥਿਆਰਬੰਦ ਇਨਕਲਾਬ, ਦੂਜਾ ਸਬਕ :- ਧਰਮ ਆਪੋ-ਆਪਣਾ, ਤੀਜਾ ਸਬਕ :- ਸਭ ਗੁਲਾਮ ਦੇਸ਼ਾਂ ਦੀ ਆਜ਼ਾਦੀ ਦੇ ਘੋਲਾਂ ਵਿੱਚ ਹਿੱਸਾ ਲੈਣਾ, ਚੌਥਾ ਸਬਕ:- ਤਨਖਾਹ ਮੌਤ ਤੇ ਇਨਾਮ ਆਜ਼ਾਦੀ। ਚਾਰੇ ਸਬਕ ਕਰ ਲਏ ਹਰੀ ਸਿੰਘ ਨੇ ਪਾਠ ਦੀ ਤਰ੍ਹਾਂ ਯਾਦ। ਲੱਗਾ ਕੰਮ ਕਰਦਾ ‘ਗ਼ਦਰ’ ਦੀ ਕਵਿਤਾ ਗਾਉਣ:-

‘ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ,
ਆਓ ਸ਼ੇਰੋ ਗ਼ਦਰ ਮਚਾਈਏ ਵੇਲਾ ਨਹੀਂ ਖੁੰਝਾਵਣ ਦਾ।’

ਆਜ਼ਾਦੀ ਦੀ ਮਚਦੀ ਲਾਟ ਦੇ ਸੱਜਰੇ ਬਣੇ ਪਰਵਾਨੇ ਨੇ ਸੋਚਿਆ ਕਿ ਹੁਣ ਵੇਲਾ ਖੁੰਝਣ ਨਹੀਂ ਦੇਣਾ। 15 ਅਕਤੂਬਰ 1914 ਨੂੰ ‘ਯੁਗਾਂਤਰ ਆਸ਼ਰਮ’ ਪੁੱਜ ਕੇ ਬਣ ਗਏ ਗ਼ਦਰ ਪਾਰਟੀ ਦੇ ਪੱਕੇ ਮੈਂਬਰ ਤੇ ਬੰਦ ਪਏ ਅਖਬਾਰ ਗ਼ਦਰ ਨੂੰ ਮੁੜ ਚਾਲੂ ਕਰਨ ਵਾਲੇ ਨਵੇਂ ਸੰਪਾਦਕ। ਗ਼ਦਰ ਪਾਰਟੀ ਦੇ ਫੈਸਲੇ ਮੁਤਾਬਕ ਆਪਣੇ ਸਾਥੀਆਂ ਹਰਨਾਮ ਚੰਦ, ਕਿਸ਼ਨ ਚੰਦ, ਮੰਗੂ ਤੇ ਰਘਵੀਰ ਸਮੇਤ ਆਪ ‘ਜਹਾਂਗੀਰ’ ਗੁਪਤ ਨਾਂਅ ਹੇਠ 15 ਅਪ੍ਰੈਲ 1915 ਨੂੰ ਜਰਮਨ ਕੌਂਸਲ ਦੀ ਮਦਦ ਨਾਲ ਅਮਰੀਕਾ ਤੋਂ ਹਿੰਦ ਦੀ ਗ਼ਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆ ਸਮੁੰਦਰੀ ਜਹਾਜ਼ ਲੈ ਕੇ ਰਵਾਨਾ ਹੋ ਗਏ। 5 ਮਹੀਨੇ ਦੀਆਂ ਘੁੰਮਣਘੇਰੀਆਂ ਪਿੱਛੋਂ ਫੜੇ ਗਏ ਸਤੰਬਰ 1915 ’ਚ, ਪ੍ਰੰਤੂ ਜਕਾਰਤਾ (ਜਾਵਾ) ਵਿਖੇ ਜਰਮਨ ਕੌਂਸਲ ਦੀ ਸਹਾਇਤਾ ਨਾਲ ਬਚ ਨਿਕਲੇ। ਜਾਵਾ ਦੇ ਪੱਛਮੀ ਹਿੱਸੇ ਦੇ ਪਹਾੜੀ ਖੇਤਰ ‘ਗੰਗਹਾਲੂ’ ਦੇ ਜੰਗਲਾਂ ਵਿੱਚ 01-01-16 ਤੋਂ 01-01-38 ਤੱਕ ‘ਉਸਮਾਨ ਖਾਂ’ ਦੇ ਨਾਂਅ ਹੇਠ ਤੀਜੇ ਰੂਪ ’ਚ ਗੁਪਤਵਾਸ ਜੀਵਨ ਬਤੀਤ ਕਰਦੇ ਰਹੇ। ਉਥੋ ਦੇ ‘ਸੂਡਾਨਿਸ਼’ ਲੋਕਾਂ ਦੀ ਬੋਲੀ /ਸੱਭਿਆਚਾਰ ਨੂੰ ਬਹੁਤ ਹੀ ਜਲਦੀ ਗ੍ਰਹਿਣ ਕਰਨ ਉਪਰੰਤ ਇੱਕ ਬੀਬੀ ਨਾਲ ਵਿਆਹ ਕਰਵਾਇਆ, ਜਿਸ ਦੀ ਕੁੱਖੋਂ ਤਿੰਨ ਧੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ। ਆਪ ਨੇ ਇਸ ਵਕਤ 25 ਏਕੜ ਦੀ ਜ਼ਮੀਨ ’ਤੇ ਖੇਤੀ ਕੀਤੀ। ਸ਼ੰਘਾਈ ਦੀ ਅੰਗਰੇਜ਼ ਪੁਲਸ ’ਤੇ ਸੀ ਆਈ ਡੀ ਤਿੰਨ ਸਾਲ ਆਪ ਨੂੰ ਜਾਵਾ ’ਚ ਭਾਲ-ਭਾਲ ਕੇ ਫੇਲ੍ਹ ਹੋ ਗਈ ਤੇ ਵਾਪਸ ਮੁੜ ਗਈ। ਆਪ ਦੇ ਰੌਸ਼ਨ ਦਿਮਾਗ ’ਚ ਗ਼ਦਰ ਸੁਪਨਾ ਸਦਾ ਜਿਉਂਦਾ ਰਿਹਾ।



ਇੰਗਲੈਂਡ ਤੇ ਜਾਪਾਨ ਦੇ ਵਿਚਕਾਰ ਜੰਗ ਦੇ ਆਸਾਰ ਬਣਦੇ ਹੀ ਆਪ ਨੇ ਹਿੰਦ ’ਚ ਗ਼ਦਰ ਕਰਨ ਦੇ ਦੂਜੇ ਮੌਕਾ ਮੇਲ ਨੂੰ ਬੁਝ ਲਿਆ। ਸਿੱਟੇ ਵਜੋਂ 01-01-1938 ਨੂੰ ਆਪ ਆਪਣੀ ਪਤਨੀ ਤੇ ਬੱਚਿਆਂ ਨੂੰ ਸੁੱਤੇ ਪਏ ਹੀ ਛੱਡ ਗਏ। ਗ਼ਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ। ਸ਼ੰਘਾਈ ਤੇ ਸਿੰਘਾਪੁਰ ਨੂੰ ਗੜ੍ਹ ਬਣਾਉਂਦੇ ਹੋਏ ਆਜ਼ਾਦ ਹਿੰਦ ਲੀਗ ਤੇ ਫੌਜ ’ਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਹੋਏ ਜਨਵਰੀ 1938 ਤੋਂ ਨਵੰਬਰ 1944 ਤੱਕ ਅਨੇਕਾਂ ਰਾਜਸੀ ਤੌਰ ’ਤੇ ਚੇਤਨ ਗ਼ਦਰੀ ਫੌਜੀ ਤਿਆਰ ਕੀਤੇ ਅਤੇ ਹਾਂਗਕਾਂਗ , ਪਿਨਾਂਗ, ਸਿੰਘਾਪੁਰ, ਰੰਗੂਨ ਤੇ ਬੈਂਕਾਕ ’ਚ ਪ੍ਰਚਾਰ ਕਰਨ ਲਈ ਅਤੇ ਹਿੰਦ ’ਚ ਗ਼ਦਰ ਦਾ ਯੁੱਧ ਕਰਨ ਲਈ ਭੇਜੇ, ਜਿਹਨਾਂ ’ਚੋਂ ਕਈ ਅੰਗਰੇਜ਼ ਹਕੂਮਤ ਨੇ ਫਾਂਸੀ ਲਾਏ, ਗੋਲੀਆਂ ਨਾਲ ਸ਼ਹੀਦ ਕੀਤੇ ਤੇ ਕਾਲੇ ਪਾਣੀ ਭੇਜੇ। ਬਾਕੀ ਗ਼ਦਰ ਲਈ ਜੂਝਦੇ ਰਹੇ। ਆਪ ਦਾ ਪਹਿਲਾ ਸਪੁੱਤਰ ਵੱਡਾ ਹੈਰੀ (ਵੱਡਾ ਹਰੀ ਸਿੰਘ) ਆਜ਼ਾਦ ਹਿੰਦ ਫੌਜ ਦੇ ਲੈਫਟੀਨੈਂਟ ਦੇ ਰੂਪ ’ਚ ਇੰਫਾਲ ਫਰੰਟ ’ਤੇ ਅੰਗਰੇਜ਼ਾਂ ਵਿਰੁੱਧ ਹਿੰਦ ਦੀ ਮੁਕਤੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ। ਦੂਜਾ ਸਪੁੱਤਰ ਛੋਟਾ ਹੈਰੀ (ਛੋਟਾ ਹਰੀ ਸਿੰਘ) ਨੇ ਫੌਜ ਦੇ ਖੁਫੀਆ ਕਾਰਜਾਂ ਬਦਲੇ ਅੰਗਰੇਜ਼, ਡੱਚ ’ਤੇ ਜਾਵਾ ਹਾਕਮਾਂ ਦੇ ਅਸਹਿ ਤੇ ਅਕਹਿ ਤਸੀਹੇ ਝੱਲੇ। 1945 ’ਚ ਮੁੜ ਜਾਵਾ ਵਾਪਸੀ ’ਤੇ ਨਵੰਬਰ 45 ’ਚ ਮੁਸਲਿਮ ਕੱਟੜਪੰਥੀਆਂ ਵੱਲੋਂ ਸੁਣਾਈ ਸਜ਼ਾ ਏ ਮੌਤ ਹੋਣ ਤੋਂ ਪਹਿਲਾਂ ਆਪ ਤੇ ਛੋਟਾ ਹੈਰੀ ਦੋਨੋਂ ਬਚਣ ’ਚ ਸਫਲ ਹੋ ਗਏ। ਜਨਵਰੀ ਤੋਂ ਸਤੰਬਰ 1948 ਤੱਕ ਡੱਚ ਸਾਮਰਾਜੀਆਂ ਦੀ ਕੈਦ ਕੱਟੀ ਤੇ 1 ਅਕਤੂਬਰ 1948 ਨੂੰ ਵਾਪਸ ਬੱਦੋਵਾਲ ਪਰਤੇ। ਗੁੰਮਨਾਮ ਪ੍ਰੰਤੂ ਚੜ੍ਹਦੀ ਕਲਾ ਵਾਲਾ, ਲੋਕ ਸੇਵਾ ਵਾਲਾ, ਕ੍ਰਾਂਤੀ ’ਚ ਅਟੱਲ ਵਿਸ਼ਵਾਸ ਵਾਲਾ ਦੇਸ਼ ਨੂੰ ਸਮਰਪਣ ਵਾਲਾ ਫਕੀਰੀ ਜੀਵਨ ਜਿਉਂਦੇ ਹੋਏ 15 ਅਗਸਤ 1969 ਨੂੰ ਬੱਦੋਵਾਲ ਵਿਖੇ ਵਤਨ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਜੀ ਦਾ ਮਹਾਨ ਤੇ ਉੱਚੇ-ਸੁੱਚੇ ਕਿਰਦਾਰ ਵਾਲਾ ਜੀਵਨ ਤੇ ਬੇਮਿਸਾਲ ਕੁਰਬਾਨੀਆਂ ਸੂਹੇ ਰਾਹਾਂ ਦੇ ਰਾਹੀਆਂ ਨੂੰ ਸਦਾ ਲਈ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਅਮੁੱਕ ਸੋਮਾ ਬਣੀਆਂ ਰਹਿਣਗੀਆਂ। ਅੱਜ ਮਹਾਨ ਕਰਾਂਤੀਕਾਰੀ ਜਰਨੈਲ ਨੂੰ ਉਨ੍ਹਾ ਦੇ ਵਾਰਿਸ ਦੇਸ਼-ਪ੍ਰਦੇਸ਼ ਵਿੱਚ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ ਕਰਨਗੇ।

**# ਸੰਪਰਕ : 96464-02470**

# ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਾਉਣ 'ਚ ਕੋਈ ਕਸਰ ਨਹੀਂ ਛੱਡਾਂਗੇ : ਗਦਾਈਆ



**ਨਾਭਾ (ਵਰਿੰਦਰ ਵਰਮਾ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੇ ਸੱਦੇ 'ਤੇ ਦੋ ਦਰਜਨ ਪਿੰਡਾਂ ਦੇ ਕਾਮਿਆਂ ਨੇ ਕੰਮ ਪ੍ਰਾਪਤੀ ਲਈ ਅਰਜ਼ੀਆਂ ਦਰਜ ਕਰਾਉਣ ਲਈ ਭਾਰੀ ਉਤਸ਼ਾਹ ਦਿਖਾਇਆ, ਕਿਉਂਕਿ ਪਿਛਲੇ ਦਿਨੀਂ ਨਰੇਗਾ ਕਾਮਿਆਂ ਨੂੰ ਗੁੰਮਰਾਹਕੁੰਨ ਪ੍ਰਚਾਰ ਕੀਤਾ ਗਿਆ ਕਿ ਨਰੇਗਾ ਬੰਦ ਹੋ ਰਿਹਾ ਹੈ, ਕਿ ਨਰੇਗਾ 2005 ਨੂੰ ਨਹੀਂ ਕੀਤਾ ਜਾ ਰਿਹਾ। ਪੇਂਡੂ ਨਰੇਗਾ ਕਾਮਿਆਂ ਨੇ ਕੰਮ ਦੀ ਮੰਗ ਕਰਨੀ ਹੈ ਤਾਂ 14 ਦਿਨਾਂ ਬਾਅਦ ਕੰਮ ਦੇਣਾ ਲਾਜ਼ਮੀ ਹੈ। ਬੀਡੀਪੀਓ ਪ੍ਰੋਗਰਾਮ ਅਫਸਰ ਹੈ। ਇਨ੍ਹਾਂ ਅਰਜ਼ੀਆਂ ਨੂੰ ਦਰਜ ਕਰਾ ਰਸੀਦ ਲੈਣ ਵਾਲਾ ਕਾਮਾ ਕੰਮ ਨਾ ਮਿਲਣ 'ਤੇ ਬੇਰੁਜ਼ਗਾਰੀ ਭੱਤੇ ਦੇ ਹੱਕਦਾਰ ਹਨ। ਇਸ ਲਈ ਨਰੇਗਾ ਕਾਮੇ ਅਰਜ਼ੀਆਂ ਵੀ ਦਰਜ ਕਰਾਉਣਗੇ ਤਾਂ ਜੁ ਕੰਮ ਜਾਂ ਬੇਰੁਜ਼ਗਾਰੀ ਭੱਤਾ ਪ੍ਰਾਪਤ ਕੀਤਾ ਜਾ ਸਕੇ। ਨਰੇਗਾ ਕਾਮਿਆਂ ਨੇ ਮੰਗ ਪੱਤਰ ਬੀਡੀਪੀਓ ਨੂੰ ਦਿੱਤਾ, ਜਿਸ ਵਿੱਚ ਅਰਜ਼ੀਆਂ ਦਰਜ ਕਰਨ ਲਈ ਕੀਤੀ ਜਾਂਦੀ ਆਨਾਕਾਨੀ ਬੰਦ ਕੀਤੀ ਜਾਵੇ, ਕੰਮ ਨਾ ਮਿਲਣ ਤੇ ਬਲਾਕ ਪ੍ਰੋਗਰਾਮ ਅਫਸਰ ਦੀ ਜ਼ਿੰਮੇਵਾਰੀ ਹੈ, ਉਹ ਇਸ ਜ਼ਿੰਮੇਵਾਰੀ ਦੇ ਤਹਿਤ ਕਾਮਿਆਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਬੇਰੁਜ਼ਗਾਰੀ ਭੱਤੇ ਦੀਆਂ ਅਰਜ਼ੀਆਂ ਦਰਜ ਕਰਨ, ਮੇਟ ਨੂੰ ਸੇਮੀ ਸਕਿਲਡ ਕਾਮਾ ਮੰਨ ਕੇ ਉਸ ਦੀ ਹਾਜ਼ਰ ਨਰੇਗਾ ਕਾਮਿਆਂ ਵਿੱਚ ਨਾ ਲਾਈ ਜਾਵੇ। ਇਸ ਸਮੇਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਕੌਰ ਗਦਾਈਆ ਨੇ ਕਿਹਾ ਕਿ ਨਰੇਗਾ 'ਚ ਕੰਮ ਕਰਨ ਵਾਲੇ ਅੱਤ ਦੀ ਗ਼ਰੀਬੀ ਹੰਢਾਅ ਕਾਮਿਆਂ ਨਾਲ ਦੋਨੋਂ ਸਰਕਾਰਾਂ ਇਨਸਾਫ਼ ਨਹੀਂ ਕਰ ਰਹੀਆਂ। ਇਨ੍ਹਾਂ ਕਾਮਿਆਂ ਕੋਲ ਨਰੇਗਾ ਤੋਂ ਸਵਾਏ ਹੋਰ ਕੋਈ ਕੰਮ ਨਹੀਂ ਹੈ। ਜੇਕਰ ਇਹਨਾਂ ਨੂੰ ਹੋ 100 ਦਿਨ ਕੰਮ ਨਹੀਂ ਮਿਲਦਾ ਤਾਂ ਇਨ੍ਹਾਂ ਦੇ ਘਰੇਲੂ ਹਾਲਾਤ ਬਹੁਤ ਮਾੜੇ ਹੋ ਜਾਣਗੇ।

ਕਾਮਿਆਂ ਨੂੰ ਸੰਬੋਧਨ ਕਰਦਿਆਂ ਅਮਨਦੀਪ ਕੌਰ ਕਕਰਾਲਾ, ਮਨਪ੍ਰੀਤ ਕੌਰ ਬਿਸ਼ਨਗੜ੍ਹ, ਲੀਲੂ ਸਿੰਘ ਤੁੰਗਾ, ਜਗਤਾਰ ਸਿੰਘ ਜੱਗੀ ਤੁੰਗਾ, ਤਰਸੇਮ ਸਿੰਘ ਤੁੰਗਾ, ਰਾਮ ਸਿੰਘ ਬਿਸ਼ਨਗੜ੍ਹ, ਮਹਿੰਦਰ ਕੌਰ ਗਦਾਈਆ, ਅਮਰਜੀਤ ਸਿੰਘ ਗਦਾਈਆ ਨੇ ਕਿਹਾ ਕਿ ਅਸੀਂ ਬੀਡੀਪੀਓ ਨਾਭਾ ਬੀਬੀ ਬਲਜੀਤ ਕੌਰ ਖ਼ਾਲਸਾ ਨੂੰ ਮੰਗ ਪੱਤਰ ਦੇ ਰਹੇ ਹਾਂ, ਕੰਮ ਦੀਆਂ ਅਰਜ਼ੀਆਂ ਦਰਜ ਕਰਾ ਚੱਲੇ ਹਾਂ, ਜੇਕਰ ਸਾਨੂੰ ਹੁੰਗਾਰਾ ਨਹੀਂ ਮਿਲਦਾ ਤਾਂ 29 ਅਗਸਤ ਨੂੰ ਦੁਬਾਰਾ ਰੋਸ ਮੁਜ਼ਾਹਰਾ ਕਰਾਂਗੇ ਜਾਂ ਹੋ ਸਕਿਆ ਤਾਂ 2 ਘੰਟੇ ਲਈ ਚੱਕਾ ਜਾਮ ਵੀ ਕੀਤਾ ਜਾਵੇਗਾ।

# ਸੀਨੀਅਰ ਸਿਟੀਜ਼ਨ ਕੌਂਸਲ ਦੀ ਕਾਰਜਕਾਰਨੀ ਦੀ ਮੀਟਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)**-ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰਾਂ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਸਕੱਤਰੇਤ ਵਿਖੇ ਸੀਨੀਆਰ ਸਿਟੀਜ਼ਨ ਡੇ ਕੇਅਰ ਸੈਂਟਰ ਵਿਖੇ ਹੋਈ।ਮੀਟਿੰਗ ਦੇ ਆਰੰਭ ਵਿਚ ਕਾਮਰਾ ਨੇ ਸੀਨੀਅਰ ਸਿਟੀਜ਼ਨ ਕੌਂਸਲ ਮੈਂਬਰਾਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਡਾ. ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਬਜ਼ੁਰਗਾਂ ਦੇ ਮਸਲੇ ਹੱਲ ਕਰਨ ਲਈ ਬਣਾਈ ਸਬ ਕਮੇਟੀ ਦੀ ਮੀਟਿੰਗ ਹਰ ਸੋਮਵਾਰ ਕੌਂਸਲ ਦਫਤਰ ਵਿਚ ਹੋਇਆ ਕਰੇਗੀ।

ਉਨ੍ਹਾਂ ਕਮੇਟੀ ਚੇਅਰਮੈਨ ਨੂੰ ਕਿਹਾ ਕਿ ਬਜ਼ੁਰਗਾਂ ਲਈ ਬਣੇ ਕਨੂੰਨਾਂ ਦੀ ਫਾਇਲ ਤਿਆਰ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜ਼ਨ ਐਕਟ 2007 ਅਧੀਨ ਬਣਦੀ ਸਹਾਇਤਾ ਪ੍ਰਦਾਨ ਕਰਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇ।ਕਾਮਰਾ ਨੇ ਦੱਸਿਆ ਕਿ ਸਮਾਜ ਭਲਾਈ ਮੰਤਰੀ ਨਾਲ ਮੀਟਿੰਗ ਕਰਕੇ ਬਜ਼ੁਰਗਾਂ ਲਈ ਬੁਢਾਪਾ ਪੈਨਸ਼ਨ ਵਿਚ ਵਾਧਾ ਕਰਨ ਤੇ ਬਜ਼ੁਰਗਾਂ ਲਈ ਵੱਖਰਾ ਮਹਿਕਮਾ ਬਨਾਉਣ ਦੀ ਮੰਗ ਕੀਤੀ ਹੈ।

ਕਾਮਰਾ ਨੇ ਅੱਗੇ ਕਿਹਾ ਕਿ ਕੌਂਸਲ ਮੈਂਬਰਾਂ ਵਲੋਂ ਉਠਾਏ ਮਸਲੇ ਅਨੁਸਾਰ ਰੇਲਵੇ ਦੇ ਡਵੀਜਨਲ ਰੇਲਵੇ ਮੈਨੇਜਰ ਫਿਰੋਜ਼ਪੁਰ ਨੂੰ ਪੱਤਰ ਲਿਖਿਆ ਜਾਵੇ ਕਿ ਬਜ਼ੁਰਗਾਂ ਲਈ ਰੇਲਵੇ ਸਫ਼ਰ ਲਈ ਛੋਟ ਬਹਾਲ ਕਰਾਉਣ ਲਈ ਕਾਰਵਾਈ ਕਰਨ।ਮੀਟਿੰਗ ਵਿਚ ਪ੍ਰੈਸ ਸਕੱਤਰ ਗਿਆਨ ਸਿੰਘ ਵੱਲੋ ਬਜ਼ੁਰਗਾਂ ਨੂੰ ਪੰਜਾਬ ਸਕੱਤਰੇਤ ਵਿਚ ਜਾਣ ਸਮੇਂ ਪਾਸ ਬਣਾਉਣ ਲਈ ਆਉਂਦੀ ਮੁਸ਼ਕਲ ਦੂਰ ਕਰਾਉਣ ਲਈ ਮਸਲਾ ਸਰਕਾਰ ਨਾਲ ਉਠਾਇਆ ਜਾਵੇ।ਕਾਮਰਾ ਨੇ ਇਸ ਤੇ ਫੈਸਲਾ ਲੈਂਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖਿਆ ਜਾਵੇ ਕਿ ਪੰਜਾਬ ਸਰਕਾਰ ਦੇ ਚੰਡੀਗੜ੍ਹ ਸਥਿਤ ਦੋਵਾਂ ਸਕੱਤਰੇਤ ਵਿਚ ਬਜ਼ੁਰਗਾਂ ਨੂੰ ਈ ਪਾਸਾਂ ਤੋਂ ਛੋਟ ਦੇ ਕੇ ਸਨਾਖਤੀ ਕਾਰਡਾਂ ਰਾਹੀਂ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਪਹਿਲਾਂ ਵਾਂਗ ਪਾਸਾਂ ਦੀ ਸਹੂਲਤ ਦਿੱਤੀ ਜਾਵੇ।

ਦਰਬਾਰਾ ਸਿੰਘ ਗਿੱਲ ਨੇ ਮੀਟਿੰਗ ਦੀ ਕਾਰਵਾਈ ਚਲਾਉਦਿਆਂ ਨਵੀ ਕਾਰਜਕਾਰਨੀ ਕਮੇਟੀ ਮੈਂਬਰਾਂ ਦਾ ਸਵਗਤ ਕਰਦਿਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਪ੍ਰੇਰਣਾ ਕੀਤੀ।ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਹਨਾਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੇ ਦਫਤਰ ਨਾਲ ਤਾਲਮੇਲ ਕਰਕੇ ਬਜ਼ੁਰਗਾਂ ਲਈ ਕੇਂਦਰ/ਪੰਜਾਬ ਸਰਕਾਰ ਵਲੋ ਬਣਾਏ ਕਨੂੰਨਾਂ ਦੀਆਂ ਕਾਪੀਆਂ ਪ੍ਰਾਪਤ ਕਰਨ ਲਈ ਯਤਨ ਕੀਤਾ ਹੈ।ਗੁਰਚਰਨ ਸਿੰਘ ਸੁਪਰਡੈਂਟ ਨੇ ਕੌਂਸਲ ਦੀ ਬੇਹਤਰੀ ਲਈ ਸਲਾਹ ਦਿੱਤੀ। ਜੋਗਿੰਦਰ ਸਿੰਘ ਸੰਘਾ ਉਪ ਪ੍ਰਧਾਨ ਨੇ ਕਿਹਾ ਕਿ ਕੌਂਸਲ ਵੱਲੋਂ ਜਿਹੜੀ ਜ਼ਿੰਮੇਵਾਰੀ ਸੌਂਪੀ ਜਾਵੇਗੀ, ਉਹ ਨਿਭਾਉਣਗੇ।ਇਕਬਾਲ ਸਿੰਘ ਲੋਹਾਮ ਪ੍ਰੋਜੈਕਟ ਅਫਸਰ ਨੂੰ ਆਜਾਦੀ ਦਿਵਸ ਦੇ ਸੱਦਾ ਪੱਤਰ ਪ੍ਰਾਪਤ ਕਰਨ ਲਈ ਡਿਊਟੀ ਲਾਈ ਗਈ।ਜੋਗਿੰਦਰ ਲੋਹਾਮ ਨੇ ਮੈਂਬਰਾਂ ਨੂੰ ਬੂਟੇ ਲਾਉਣ ਤੇ ਸੰਭਾਲ ਕਰਨ ਦੀ ਅਪੀਲ ਕੀਤੀ।



## ਨਰੇਗਾ ਵਰਕਰ ਕੰਮ ਲੈਣ ਲਈ ਬੀ ਡੀ ਪੀ ਓ ਦਫਤਰ ਪਹੁੰਚੇ



**ਕੋਟਕਪੂਰਾ (ਰਛਪਾਲ ਭੁੱਲਰ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਇਕੱਠੇ ਹੋਏ ਮਜ਼ਦੂਰਾਂ ਨੇ ਮੌਜੂਦਾ ਸਰਕਾਰਾਂ ਤੇ ਪ੍ਰਸ਼ਾਸਨ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਕੱਠੇ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਪੱਪੀ ਸਿੰਘ ਢਿੱਲਵਾਂ, ਗੋਰਾ ਸਿੰਘ ਪਿਪਲੀ ਜ਼ਿਲ੍ਹਾ ਸਕੱਤਰ, ਰੇਸ਼ਮ ਸਿੰਘ ਜਟਾਣਾ, ਚਰਨਜੀਤ ਸਿੰਘ ਚਮੇਲੀ, ਬਲੀ ਸਿੰਘ ਢਿੱਲਵਾਂ, ਰੁਪਿੰਦਰ ਕੌਰ ਔਲਖ ਨੇ ਦੋਸ਼ ਲਾਇਆ ਕਿ ਕੇਂਦਰ ਤੇ ਪੰਜਾਬ ਸਰਕਾਰ ਨਰੇਗਾ ਕਾਨੂੰਨ ਦੀ ਲਗਾਤਾਰ ਉਲੰਘਣਾ ਕਰ ਰਹੀ ਹੈ। ਕੰਮ ਮੰਗਣ ਦੇ ਬਾਵਜੂਦ ਨਰੇਗਾ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ। ਨਰੇਗਾ ਕੰਮ ਦੀਆਂ ਅਰਜ਼ੀਆਂ ਫੜ ਕੇ ਰਸੀਦ ਨਹੀਂ ਦਿੱਤੀ ਜਾ ਰਹੀ। ਜੇਕਰ ਰਸੀਦ ਕੋਲ ਹੋਵੇ ਤਾਂ ਮਜ਼ਦੂਰ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਹੁੰਦਾ ਹੈ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਰਸੀਦ ਦੇਣ ਤੋਂ ਭੱਜ ਰਿਹਾ ਹੈ, ਜੋ ਯੂਨੀਅਨ ਬਰਦਾਸ਼ਤ ਨਹੀਂ ਕਰੇਗੀ। ਮਜ਼ਦੂਰਾਂ ਨੇ ਸਹਾਇਕ ਪ੍ਰੋਗਰਾਮ ਅਫਸਰ ਨੂੰ ਮੰਗ ਪੱਤਰ ਦਿੱਤਾ। ਅਧਿਕਾਰੀ ਨੇ ਮੰਗ ਪੱਤਰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਪੁੱਜਦਾ ਕਰਨ ਤੇ ਛੇਤੀ ਕੰਮ ਦੇਣ ਦਾ ਭਰੋਸਾ ਦਿੱਤਾ। ਮਜ਼ਦੂਰਾਂ ਨੇ ਚੇਤਾਵਨੀ ਦਿੱਤੀ ਕਿ ਜੇ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਅਸੀਂ ਵੱਡਾ ਸੰਘਰਸ਼ ਕਰਨ ਤੋਂ ਵੀ ਗੁਰੇਜ ਨਹੀਂ ਕਰਾਂਗੇ।

## ਵਾਈ.ਐਸ.ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਅਜ਼ਾਦੀ ਦਿਹਾੜਾ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਾਈ.ਐਸ.ਪਬਲਿਕ ਸੀਨੀਅਰ ਸੈਕੰਡਰੀ ਸਕੂਲ ਥਾਂਦੇਵਾਲਾ ਵਿਖੇ ਚੇਅਰਮੈਨ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਸੁਤੰਤਰਤਾ ਦਿਵਸ ਮਨਾਇਆ ਗਿਆ। ਸੁਤੰਤਰਤਾ ਦਿਵਸ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਤਿਰੰਗਾ ਲਹਿਰਾ ਕੇ ਕੀਤੀ। ਉਪਰੰਤ ਰਾਸ਼ਟਰੀ ਗਾਣ ਗਾਇਆ ਗਿਆ। ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਤ ਕੋਰਿਓਗ੍ਰਫੀ, ਭਾਸ਼ਣ, ਨਾਟਕ, ਪੇਸ਼ ਕੀਤਾ ਗਿਆ। ਨਾਲ ਹੀ ਬੱਚਿਆਂ ਨੇ ਕਾਮਿਆਂ ਦੀ ਆਰਥਿਕ ਸਥਿਤੀ ਨੂੰ ਪੇਸ਼ ਕਰਦੀ ਕੋਰਿਓਗਾਫੀ ਕੀਤੀ। ਦੇਸ਼ ਭਗਤੀ ਦੇ ਨਾਲ ਨਾਲ ਬੱਚਿਆਂ ਨੇ ਨਸ਼ੇ ਦੇ ਨਾਲ ਸਬੰਧਤ ਨਾਟਕ ਨੂੰ ਪੇਸ਼ ਕੀਤਾ। ਸਟੇਜ ਦੀ ਭੂਮਿਕਾ ਸਕੂਲ ਦੇ ਮੈਡਮ ਰਮਨਦੀਪ ਕੌਰ ਦੋਦਾ ਤੇ ਮੈਡਮ ਵੀਰਪਾਲ ਕੌਰ ਨੇ ਨਿਭਾਈ। ਸਕੂਲ ਦੇ ਪ੍ਰਿੰਸੀਪਲ ਮੈਡਮ ਬੀਰਪਾਲ ਕੌਰ ਨੇ ਬੱਚਿਆਂ ਨੂੰ ਦੇਸ ਦੀ ਆਜ਼ਾਦੀ ਦੇ ਇਤਿਹਾਸ ਤੋਂ ਜਾਣੂ ਕਰਾਇਆ ਕਿ ਇਹ ਆਜ਼ਾਦੀ ਸਾਨੂੰ ਆਸਾਨੀ ਨਾਲ ਨਹੀਂ ਮਿਲੀ।

## ਕਾਤਰਾਂ

### ਐਸ ਡੀ ਐਮ ਕੌਮੀ ਤਿਰੰਗਾ ਲਹਿਰਾਉਣਗੇ

**ਧੂਰੀ (ਮਨੋਹਰ ਸਿੰਘ ਸੱਗੂ)**-ਦੇਸ਼ ਦਾ 78 ਵਾਂ ਆਜ਼ਾਦੀ ਦਿਹਾੜਾ ਉਪ ਮੰਡਲ ਪੱਧਰ 'ਤੇ ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਮਨਾਇਆ ਜਾਵੇਗਾ। ਐਸ ਡੀ ਐਮ ਰਿਸ਼ਭ ਬਾਂਸਲ ਕੌਮੀ ਤਿਰੰਗਾ ਲਹਿਰਾਉਣ ਦੀ ਰਸ਼ਮ ਨਿਭਾਉਣਗੇ ਤੇ ਮਾਰਚ ਪਾਸਟ ਤੋਂ ਸਲਾਮੀ ਲੈਣਗੇ ਇਸੇ ਤਰ੍ਹਾਂ ਨਗਰ ਕੌਂਸਲ ਵਿਖੇ ਆਜ਼ਾਦੀ ਦਿਹਾੜੇ 'ਤੇ ਨਗਰ ਕੌਂਸਲ ਦੀ ਪ੍ਰਧਾਨ ਸ੍ਰੀਮਤੀ ਪੁਸ਼ਪਾ ਤਾਇਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਨਿਭਾਉਣਗੇ।

### ਹੜਤਾਲ ਕਾਰਨ ਪੰਜਾਬ 'ਚ ਬੱਸਾਂ ਦਾ ਚੱਕਾ ਜਾਮ, ਮੁਸਾਫ਼ਰ ਪ੍ਰੇਸ਼ਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ 'ਚ ਸਰਕਾਰੀ ਬੱਸਾਂ ਦੀ ਤਰ੍ਹਾਂ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਬੱਸਾਂ ਦੀ ਹੜਤਾਲ ਕਾਰਨ ਹਜ਼ਾਰਾਂ ਯਾਤਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਰੋਡਵੇਜ਼, ਪਨਬਸ ਤੇ ਪੀ. ਆਰ. ਟੀ. ਸੀ. ਕੰਟਰੈਕਟ ਵਰਕਰਜ਼ ਯੂਨੀਅਨ ਨੇ ਅਣਮਿੱਥੇ ਸਮੇਂ ਲਈ ਚੱਕਾ ਜਾਮ ਦਾ ਐਲਾਨ ਕੀਤਾ ਹੈ। ਮੁਲਾਜ਼ਮਾਂ ਨੇ ਬੱਸਾਂ ਨੂੰ ਬੰਦ ਕਰਕੇ ਗੇਟ ਰੈਲੀਆਂ ਕੀਤੀਆਂ ਤੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਹੜਤਾਲ ਕਾਰਨ ਪੰਜਾਬ ਤੋਂ ਦੂਜੇ ਰਾਜਾਂ ਨੂੰ ਜਾਣ ਵਾਲੀਆਂ ਬੱਸਾਂ ਵਿੱਚ ਵੀ ਰੁਕਾਵਟ ਆਈ। ਯੂਨੀਅਨ ਦਾ ਕਹਿਣਾ ਹੈ ਕਿ ਸਰਕਾਰ ਨੇ ਉਨ੍ਹਾਂ ਦੀਆਂ ਮੁੱਖ ਮੰਗਾਂ ਜਿਵੇਂ ਪ੍ਰਾਈਵੇਟ ਕਿਲੋਮੀਟਰ ਸਕੀਮ ਬੱਸਾਂ ਬੰਦ ਕਰਨਾ, ਠੇਕੇਦਾਰ ਪ੍ਰਣਾਲੀ ਖਤਮ ਕਰਨਾ ਤੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ ਸਬੰਧੀ ਅਜੇ ਤੱਕ ਕੋਈ ਪੱਕਾ ਫੈਸਲਾ ਜਾਂ ਲਿਖਤੀ ਭਰੋਸਾ ਨਹੀਂ ਦਿੱਤਾ। ਕ੍ਰਮਚਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ 15 ਅਗਸਤ ਨੂੰ ਜਿੱਥੇ-ਜਿੱਥੇ ਮੁੱਖ ਮੰਤਰੀ ਜਾਂ ਕੈਬਨਿਟ ਮੰਤਰੀ ਝੰਡਾ ਲਹਿਰਾਉਣਗੇ, ਉੱਥੇ ਉਹ ਕਾਲੇ ਚੋਲੇ ਪਾ ਕੇ ਵਿਰੋਧ ਕਰਨਗੇ।

### ਕਸਰਤ ਕਰਨਾ ਸਿਹਤ ਲਈ ਜ਼ਰੂਰੀ, ਪਰ ਸਾਵਧਾਨੀਆਂ ਦਾ ਪਾਲਣ ਕਰੋ : ਸਿਵਲ ਸਰਜਨ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਵੱਖ-ਵੱਖ ਉਪਰਾਲੇ ਕਰ ਰਹੀ ਹੈ। ਪਿਛਲੇ ਦਿਨੀਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਜਿੰਮ ਦੌਰਾਨ ਹੋ ਰਹੇ ਹਾਦਸਿਆਂ ਨੂੰ ਮੁੱਖ ਰੱਖਦੇ ਹੋਏ ਜਿੰਮ ਜਾਣ ਵਾਲਿਆਂ ਤੇ ਖਿਡਾਰੀਆਂ ਲਈ ਸਲਾਹ ਜਾਰੀ ਕੀਤੀ ਗਈ। ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਨੇ ਦੱਸਿਆ ਕਿ ਹਰ ਵਿਅਕਤੀ ਲਈ ਕਸਰਤ ਕਰਨਾ ਸਿਹਤ ਲਈ ਜ਼ਰੂਰੀ ਹੈ, ਪਰ ਕੁਝ ਕੁ ਸਾਵਧਾਨੀਆਂ ਵਰਤ ਕੇ ਕਸਰਤ ਕਰਨੀ ਚਾਹੀਦੀ ਹੈ। ਉਨ੍ਹਾਂ ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ, ਲਖਵਿੰਦਰ ਸਿੰਘ ਕੈਂਥ ਤੇ ਡਾ. ਪ੍ਰਭਦੀਪ ਸਿੰਘ ਚਾਵਲਾ ਨੂੰ ਹਦਾਇਤ ਕੀਤੀ ਕਿ ਜਿੰਮ ਜਾਣ ਵਾਲੇ ਵਿਅਕਤੀਆਂ ਤੇ ਖਿਡਾਰੀਆਂ ਲਈ ਜਾਰੀ ਕੀਤੀ ਗਈ ਅਡਵਾਈਜਰੀ ਨੂੰ ਜ਼ਿਲ੍ਹਾ ਫ਼ਰੀਦਕੋਟ ਦੇ ਸ਼ਹਿਰੀ ਪੇਂਡੂ ਇਲਾਕਿਆਂ ਤੇ ਸਕੂਲਾਂ-ਕਾਲਜਾਂ ਵਿੱਚ ਸੈਮੀਨਾਰ ਲਾ ਕੇ ਸਾਂਝਾ ਕੀਤਾ ਜਾਵੇ।

# 'ਆਪ' ਪੱਕੇ ਤੌਰ 'ਤੇ ਪਿਛੜ ਗਈ ਹੈ : ਵੜਿੰਗ

## *ਸ਼ਹਿਰ 'ਚ 6 ਓਪਨ ਏਅਰ ਜਿੰਮਾਂ ਦਾ ਉਦਘਾਟਨ*



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਕਿਸਾਨ ਵਿਰੋਧੀ ਜ਼ਮੀਨ ਪੂਲਿੰਗ ਪਾਲਿਸੀ ਵਾਪਸ ਲੈਣ ਦੇ ਨਾਲ ਤੋਂ ਬਾਅਦ ਹੁਣ ਪੂਰੀ ਤਰ੍ਹਾਂ ਪਿਛੜ ਗਈ ਹੈ।ਸੀਨੀਅਰ ਪਾਰਟੀ ਆਗੂਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਆਪ ਨੂੰ ਪਹਿਲਾਂ ਹੀ ਬਹੁਤ ਸਾਰੇ ਪਿੰਡਾਂ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਹੈ ਅਤੇ ਬਹੁਤ ਜਲਦੀ ਇਸਨੂੰ ਪੂਰੇ ਪੰਜਾਬ ਤੋਂ ਵਰਜਿਤ ਕੀਤਾ ਜਾਵੇਗਾ।ਵੜਿੰਗ ਨੇ ਸ਼ਹਿਰ ਵਿੱਚ ਛੇ ਓਪਨ-ਏਅਰ ਜਿੰਮਾਂ ਦਾ ਵੀ ਉਦਘਾਟਨ ਕੀਤਾ, ਜਿਨ੍ਹਾਂ ਵਾਸਤੇ ਉਨ੍ਹਾਂ ਨੇ ਸਥਾਨਕ ਖੇਤਰੀ ਵਿਕਾਸ ਫੰਡ ਵਿੱਚੋਂ ਹਰੇਕ ਨੂੰ 4-4 ਲੱਖ ਰੁਪਏ ਪ੍ਰਦਾਨ ਕੀਤੇ ਸਨ।ਸੂਬਾ ਕਾਂਗਰਸ ਪ੍ਰਧਾਨ ਨੇ ਪਾਰਟੀ ਦੇ ਸੀਨੀਅਰ ਆਗੂਆਂ ਦੇ ਨਾਲ-ਨਾਲ ਲੋਕਾਂ ਤੇ ਵਰਕਰਾਂ ਨਾਲ ਮੁਲਾਕਾਤ ਕਰਕੇ ਇੱਕ ਵਿਆਪਕ ਆਊਟਰੀਚ ਪ੍ਰੋਗਰਾਮ ਸ਼ੁਰੂ ਕੀਤਾ।ਵੜਿੰਗ ਨੇ ਕਿਹਾ ਕਿ ਉਨ੍ਹਾਂ ਨੂੰ ਲੋਕਾਂ ਤੇ ਵਰਕਰਾਂ ਤੋਂ ਸਰਕਾਰ ਬਾਰੇ ਤੇ ਭਵਿੱਖ ਲਈ ਪਾਰਟੀ ਦੀ ਰਣਨੀਤੀ ਬਾਰੇ ਫੀਡਬੈਕ ਮਿਲ ਰਿਹਾ ਹੈ।

ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਲੋਕ ਸਿਰਫ ਕਾਂਗਰਸ ਵਿੱਚ ਹੀ ਉਮੀਦ ਦੇਖਦੇ ਹਨ ਅਤੇ ਅਸੀਂ ਚੁਣੌਤੀ ਲੈਣ ਲਈ ਤਿਆਰ ਹਾਂ। ਉਨ੍ਹਾਂ ਕਿਹਾ ਕਿ ਆਉਣ ਵਾਲਾ ਡੇਢ ਸਾਲ ਨਾ ਸਿਰਫ਼ ਪਾਰਟੀ ਲਈ, ਸਗੋਂ ਸੂਬੇ ਲਈ ਵੀ ਮਹੱਤਵਪੂਰਨ ਹਨ।ਉਨ੍ਹਾਂ ਕਿਹਾ ਕਿ ਸਾਨੂੰ ਪੰਜਾਬ ਨੂੰ ਬਚਾਉਣ ਅਤੇ ਇਸਨੂੰ ਤਰੱਕੀ ਦੇ ਰਾਹ 'ਤੇ ਵਾਪਸ ਲਿਆਉਣ ਦੀ ਲੋੜ ਹੈ ਅਤੇ ਸਿਰਫ਼ ਕਾਂਗਰਸ ਹੀ ਅਜਿਹਾ ਕਰ ਸਕਦੀ ਹੈ।

# ਬਿਜਲੀ ਮੁਲਾਜ਼ਮਾਂ ਵੱਲੋਂ ਵਾਅਦਾ-ਖਿਲਾਫੀ ਕਾਰਨ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਪ੍ਰਦਰਸ਼ਨ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)**

ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਅਧਾਰਤ ਬਣੇ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ :24) ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਆਗੂਆਂ ਦੀ 2 ਜੂਨ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਪ੍ਰਧਾਨਗੀ ਹੇਠ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਪੀਐਸਟੀਸੀ ਐਲ ਗੈਸਟ ਹਾਊਸ ਮੁਹਾਲੀ ਵਿਖੇ ਹੋਈ ਮੀਟਿੰਗ ਵਿੱਚ ਮੰਨੀਆਂ ਮੰਗਾਂ ਲਾਗੂ ਨਾ ਕਰਨ ਖਿਲਾਫ਼ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਨਿਊ ਅੰਮ੍ਰਿਤਸਰ ਰਿਹਾਇਸ਼ 'ਤੇ ਰੋਸ ਧਰਨਾ ਲਾਉਣ ਉਪਰੰਤ 11 ਅਗਸਤ ਤੋਂ 13 ਅਗਸਤ ਤੱਕ ਸਮੁੱਚੇ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ ਲੈ ਕੇ ਦਫ਼ਤਰਾਂ ਵਿੱਚ ਰੋਸ ਪ੍ਰਦਰਸ਼ਨ ਕਰਨ ਤੇ 15 ਅਗਸਤ ਨੂੰ ਜ਼ਿਲ੍ਹਾ ਪੱਧਰ 'ਤੇ ਕਾਲੇ ਝੰਡਿਆਂ ਨਾਲ ਰੋਸ ਮਾਰਚ ਕੀਤਾ ਜਾਵੇਗਾ।



ਜਾਣਕਾਰੀ ਦਿੰਦਿਆਂ ਸਾਂਝੇ ਧੜੇ ਦੇ ਆਗੂਆਂ ਰਤਨ ਸਿੰਘ ਮਜਾਰੀ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ 6 ਅਤੇ 8 ਅਗਸਤ ਦੀਆਂ ਦੋ ਮੀਟਿੰਗਾਂ ਬੇਸਿੱਟਾ ਰਹਿਣ ਤੋਂ ਬਾਅਦ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਨੀਆਂ ਹੋਈਆਂ ਵਾਜਬ ਮੰਗਾਂ ਲਾਗੂ ਕਰਨ ਸਬੰਧੀ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਬਿਜਲੀ ਮੰਤਰੀ ਹਰਭਜਨ ਸਿੰਘ ਦੀ ਹਾਜ਼ਰੀ ਵਿੱਚ ਅਦਾਰੇ ਦੇ ਸੀ ਐਮ ਡੀ ਤੇ ਮੈਨੇਜਮੈਂਟ ਨਾਲ ਮੰਨੀਆਂ ਮੰਗਾਂ ਲਾਗੂ ਕਰਨ ਸਬੰਧੀ ਪਾਵਰ ਮੈਨੇਜਮੈਂਟ ਵੱਲੋਂ ਅਪਣਾਏ ਨਾਂਹ ਪੱਖੀ ਰਵੱਈਏ ਕਾਰਨ ਐਤਵਾਰ ਦੀ ਅੱਧੀ ਰਾਤ ਨੂੰ ਗੱਲਬਾਤ ਟੁੱਟ ਜਾਣ ਤੋਂ ਬਾਅਦ ਸਮੁੱਚੇ ਬਿਜਲੀ ਮੁਲਾਜ਼ਮਾਂ ਦੇ ਤਿੰਨ ਦਿਨ ਹੜਤਾਲ 'ਤੇ ਜਾਣ ਬਾਰੇ ਆਗੂਆਂ ਨੇ ਕਿਹਾ ਕਿ 2 ਜੂਨ ਦੀ ਮੀਟਿੰਗ ਵਿੱਚ ਕਾਫੀ ਮੰਗਾਂ ਤੇ ਸਹਿਮਤੀਆਂ ਬਣੀਆਂ ਸਨ, ਜਿਨ੍ਹਾਂ ਨੂੰ ਲਾਗੂ ਕਰਨ ਲਈ ਪਾਵਰ ਮੈਨਜਮੈਂਟ ਨੇ 10 ਦਿਨ ਦਾ ਸਮਾਂ ਤਹਿ ਕੀਤਾ ਸੀ ਪਰ ਲਗਭਗ 2 ਮਹੀਨੇ ਬੀਤ ਜਾਣ ਦੇ ਬਾਵਜੂਦ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ।

ਆਗੂਆਂ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਏ ਜਾਣ ਕਰਕੇ ਮੁਲਾਜ਼ਮਾਂ ਨੇ ਸੂਬਾ ਪੱਧਰ 'ਤੇ 70 ਪ੍ਰਤੀਸ਼ਤ ਹੜਤਾਲ ਵਿੱਚ ਹਿੱਸਾ ਲੈ ਕੇ ਬਿਜਲੀ ਦਫਤਰਾਂ ਵਿੱਚ ਮੈਨੇਜਮੈਂਟ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ।

ਮੁਲਾਜ਼ਮਾਂ ਤੇ ਪੈਨਸ਼ਨਰ 15 ਅਗਸਤ ਨੂੰ ਜ਼ਿਲ੍ਹਾ ਹੈੱਡ ਕੁਆਟਰ ਨੇੜਲੇ ਦਫਤਰਾਂ 'ਚ ਰੋਸ ਰੈਲੀ ਕਰਕੇ ਰੋਸ ਮਾਰਚ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।

## ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫ਼ਤਿਹਪੁਰ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਤੇ ਸਮੂਹ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਗਈਆਂ। ਵਿਦਿਆਰਥੀਆਂ ਵੱਲੋਂ ਜਨਮ ਅਸ਼ਟਮੀ ਨਾਲ ਸੰਬੰਧਤ ਵੱਖ-ਵੱਖ ਪੋਸਟਰ ਬਣਾਏ ਗਏ। ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਜਨਮ ਅਸ਼ਟਮੀ ਦੇ ਮੌਕੇ 'ਤੇ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਤੇ ਜੀਵਨ ਦੇ ਵੱਖ-ਵੱਖ ਪੱਖਾਂ 'ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਸਕੂਲ ਵੱਲੋਂ ਪੇਂਟਿੰਗ ਮੁਕਾਬਲੇ ਕਰਾਏ ਗਏ।

## ਜਲਦ ਬਣਨ ਜਾ ਰਹੀਆਂ ਸ਼ਹਿਰ ਅੰਦਰਲੀਆਂ ਸੜਕਾਂ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸ਼ਹਿਰੀ ਵਿਕਾਸ ਨੂੰ ਲੈ ਕੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਧ ਸਿੰਘ ਤੇ ਪ੍ਰਿੰਸੀਪਲ ਸੈਕਟਰੀ ਤੇਜਵੀਰ ਸਿੰਘ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਸ਼ਹਿਰੀ ਵਿਕਾਸ ਕਾਰਜਾਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕੈਬਨਿਟ ਮੰਤਰੀ ਡਾ. ਰਵਜੋਧ ਸਿੰਘ ਨੂੰ ਸ਼ਹਿਰ ਦੀ ਸਥਿਤੀ ਬਾਰੇ ਜਾਣੂ ਕਰਾਇਆ। ਇਸ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੀਆਂ ਸ਼ਹਿਰੀ ਅੰਦਰਲੀਆਂ ਸੜਕਾਂ ਬਾਰੇ ਦੱਸਿਆ, ਜਿਸ 'ਤੇ ਮੰਤਰੀ ਡਾ. ਰਵਜੋਧ ਸਿੰਘ ਨੇ ਪ੍ਰਿੰਸੀਪਲ ਸੈਕਟਰੀ ਤੇਜਵੀਰ ਸਿੰਘ ਨੂੰ ਇਸ ਬਾਰੇ ਪਤਾ ਕਰਨ ਲਈ ਕਿਹਾ, ਜਿਸ ਤੋਂ ਬਾਅਦ ਪ੍ਰਿੰਸੀਪਲ ਸੈਕਟਰੀ ਵੱਲੋਂ ਐਮਡੀਐਫ ਫੰਡਾਂ ਦੀ ਵਰਤੋਂ ਕਰਦਿਆਂ ਸ਼ਹਿਰ ਦੀਆਂ ਸੜਕਾਂ ਦੇ ਟੈਂਡਰ ਲਾਉਣ ਲਈ ਵਿਭਾਗ ਨੂੰ ਆਦੇਸ਼ ਜਾਰੀ ਕੀਤਾ। ਮੰਤਰੀ ਡਾ. ਰਵਜੋਧ ਸਿੰਘ ਨੇ ਵਿਧਾਇਕ ਕਾਕਾ ਬਰਾੜ ਨੂੰ ਵਿਸ਼ਵਾਸ ਦੁਆਇਆ ਕਿ ਜਲਦ ਸੜਕਾਂ 'ਤੇ ਹੋਰ ਕੰਮ ਸ਼ੁਰੂ ਕਰਾਏ ਜਾਣਗੇ। ਕਾਕਾ ਬਰਾੜ ਨੇ ਸਹਿਰ ਵਾਸੀਆਂ ਨਾਲ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਜਲਦ ਬੂੜਾ ਗੁੱਜਰ ਰੋਡ ਰੇਲਵੇ ਰੋਡ ਤੋ ਸੂਏ ਤੱਕ ਦੀ ਸੜਕ, ਬੂੜਾ ਗੁੱਜਰ ਰੋਡ 'ਤੇ ਗੈਸ ਏਜੰਸੀ ਰੋਡ, ਮੁਕਤਸਰ ਬਠਿੰਡਾ ਰੋਡ ਤੋਂ ਸਰਕਾਰੀ ਹਸਪਤਾਲ ਰੋਡ, ਮੁਕਤਸਰ ਜਲਾਲਾਬਾਦ ਰੋਡ ਤੋਂ ਰੇਲਵੇ ਫਾਟਕ ਫੈਕਟਰੀ ਰੋਡ, ਬਰਕੰਦੀ ਰੋਡ ਮਹਾਂ ਸਿੰਘ ਮਾਰਗ ਤੋਂ ਬਾਈਪਾਸ, ਡਿਪਟੀ ਦਲੀਪ ਸਿੰਘ ਮਾਰਗ ਸਨੀ ਮੰਦਰ ਤੋਂ ਸੂਏ ਤੱਕ ਤੇ ਕੋਟਲੀ ਰੋਡ ਮਿਸਨ ਹਸਪਤਾਲ ਤੋਂ ਸੂਏ ਤੱਕ ਦੀਆਂ ਸੜਕਾਂ ਦਾ ਨਿਰਮਾਣ ਜਲਦ ਸ਼ੁਰੂ ਹੋਵੇਗਾ।

## ਇਰਾਦਾ ਕਤਲ ਦੇ ਮਾਮਲੇ 'ਚ ਦੋ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਨੌਜਵਾਨ 'ਤੇ ਕਾਤਲਾਨਾ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰਨ ਦੇ ਕਰੀਬ ਛੇ ਸਾਲ ਪੁਰਾਣੇ ਮਾਮਲੇ 'ਚ ਨਾਮਜ਼ਦ ਦੋ ਵਿਅਕਤੀਆਂ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮਿਤੀ 23 ਅਪ੍ਰੈਲ 19 ਨੂੰ ਥਾਣਾ ਬਸੀ ਪਠਾਣਾਂ ਵਿਖੇ ਅ/ਧ 307,325,323,341,34 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ ਦੇ ਸਬੰਧ 'ਚ ਪੁਲਸ ਵੱਲੋਂ ਅਵਤਾਰ ਸਿੰਘ (45) ਅਤੇ ਸਤਨਾਮ ਸਿੰਘ (23) ਵਾਸੀਆਨ ਪਿੰਡ ਸ਼ਹੀਦਗੜ੍ਹ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਮਾਮਲੇ ਸਬੰਧੀ ਗੁਰਪਾਲ ਸਿੰਘ ਵਾਸੀ ਪਿੰਡ ਸ਼ਹੀਦਗੜ੍ਹ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੋਸ਼ ਲਗਾਏ ਸਨ ਕਿ 18 ਅਪ੍ਰੈਲ 19 ਨੂੰ ਰਾਤ ਕਰੀਬ ਸਵਾ ਅੱਠ ਵਜੇ ਪਿੰਡ ਫ਼ਤਹਿਪੁਰ ਅਰਾਈਆਂ ਵਿਖੇ ਆਪਣੀ ਦੁਕਾਨ ਬੰਦ ਕਰਨ ਉਪਰੰਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਹ ਆਪਣੇ ਪਿੰਡ ਸ਼ਹੀਦਗੜ੍ਹ ਨੂੰ ਜਾ ਰਿਹਾ ਸੀ ਤਾਂ ਪਸ਼ੂ ਹਸਪਤਾਲ ਨਜ਼ਦੀਕ ਪਹੁੰਚਣ 'ਤੇ ਇੱਕ ਰੰਜ਼ਿਸ਼ ਦੇ ਤਹਿਤ ਅਵਤਾਰ ਸਿੰਘ ਅਤੇ ਸਤਨਾਮ ਸਿੰਘ ਵਗੈਰਾ ਨੇ ਉਸ ਨੂੰ ਘੇਰ ਕੇ ਉਸ ਉੱਤੇ ਕਾਤਲਾਨਾ ਹਮਲਾ ਕਰ ਦਿੱਤਾ ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ।ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਐਡੀਸ਼ਨਲ ਸੈਸ਼ਨਜ਼ ਜੱਜ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਅਵਤਾਰ ਸਿੰਘ ਅਤੇ ਸਤਨਾਮ ਸਿੰਘ ਨੂੰ ਮਾਮਲੇ 'ਚ ਦੋਸ਼ੀ ਮੰਨਦੇ ਹੋਏ 7 ਸਾਲ ਕੈਦ ਬਾਮੁਸ਼ੱਕਤ ਤੇ 10,000 ਰੁਪਏ ਜੁਰਮਾਨਾ, ਅ/ਧ 341/34 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 1 ਮਹੀਨਾ ਕੈਦ ਬਾਮੁਸ਼ੱਕਤ,ਅ/ਧ 323,34 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 1 ਸਾਲ ਕੈਦ ਬਾਮੁਸ਼ੱਕਤ ਅਤੇ 1,000 ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਪੰਜਾਬ ਸਰਕਾਰ ਨੂੰ ਚੇਤਾਵਨੀ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਖੋਸਾ ਰਜਿ. ਦੀ ਜ਼ਿਲ੍ਹਾ ਫ਼ਿਰੋਜ਼ਪੁਰ ਇਕਾਈ ਦੀ ਇੱਕ ਮਹੱਤਵਪੂਰਨ ਮਹੀਨਾਵਾਰ ਮੀਟਿੰਗ ਗੁਰਦੁਆਰਾ ਜਾਮਨੀ ਸਾਹਿਬ ਬਾਜੀਦਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਸੰਪੰਨ ਹੋਈ। ਮੀਟਿੰਗ ਵਿਚ ਜਥੇਬੰਦੀ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦਾ ਮੁੱਖ ਉਦੇਸ਼ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਹਾਲ ਹੀ ਵਿਚ ਹੋਏ ਭਾਰੀ ਮੀਂਹ ਕਾਰਨ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ 'ਤੇ ਵਿਚਾਰ ਕਰਨਾ ਸੀ। ਮੀਟਿੰਗ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਨੇ ਲੈਂਡ ਪੂਲਿੰਗ ਸਕੀਮ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਨੇ ਇਸ ਸਕੀਮ ਨੂੰ ਰੱਦ ਕਰਨ ਦਾ ਚਿੱਠੀ ਰਾਹੀਂ ਐਲਾਨ ਕਰ ਦਿੱਤਾ ਹੈ, ਪਰ ਪੰਜਾਬ ਦੇ ਲੋਕਾਂ ਨੂੰ ਸਰਕਾਰ 'ਤੇ ਪੂਰਾ ਇਤਬਾਰ ਨਹੀਂ ਹੈ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਵਿਧਾਨ ਸਭਾ ਦਾ ਇਜਲਾਸ ਸੱਦ ਕੇ ਇਸ ਸਕੀਮ ਨੂੰ ਪੱਕੇ ਤੌਰ 'ਤੇ ਰੱਦ ਕਰਨਾ ਚਾਹੀਦਾ ਹੈ ਤਾਂ ਜੁ ਕਿਸਾਨਾਂ ਦੇ ਮਨਾਂ 'ਚੋਂ ਸ਼ੰਕੇ ਦੂਰ ਹੋ ਸਕਣ। ਇਸ ਤੋਂ ਇਲਾਵਾ ਪ੍ਰਧਾਨ ਖੋਸਾ ਨੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਭਾਰੀ ਬਾਰਸ਼ ਕਾਰਨ ਹੋਏ ਨੁਕਸਾਨ ਦੇ ਮੁੱਦੇ 'ਤੇ ਵੀ ਸਖ਼ਤ ਰੁਖ ਅਪਣਾਇਆ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਹੜ੍ਹਾਂ ਨੂੰ 13 ਦਿਨ ਬੀਤ ਜਾਣ ਦੇ ਬਾਵਜੂਦ, ਸਰਕਾਰ ਨੇ ਨਾ ਤਾਂ ਪ੍ਰਭਾਵਤ ਕਿਸਾਨਾਂ ਨੂੰ ਕੋਈ ਮੁਆਵਜ਼ਾ ਦਿੱਤਾ ਹੈ ਤੇ ਨਾ ਹੀ ਖੇਤਾਂ ਵਿੱਚੋਂ ਪਾਣੀ ਕੱਢਣ ਲਈ ਕੋਈ ਮਸ਼ੀਨਰੀ ਮੁਹੱਈਆ ਕਰਾਈ ਹੈ। ਇਸ ਲਾਪਰਵਾਹੀ ਕਾਰਨ ਅਬੋਹਰ ਜ਼ਿਲ੍ਹੇ ਵਿਚ ਸੈਂਕੜੇ ਏਕੜ ਬਾਗ, ਝੋਨਾ ਤੇ ਨਰਮੇ ਦੀ ਫ਼ਸਲ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਉਨ੍ਹਾਂ ਸਰਕਾਰ ਤੋਂ ਤੁਰੰਤ ਪ੍ਰਭਾਵਤ ਕਿਸਾਨਾਂ ਲਈ ਮੁਆਵਜ਼ੇ ਦੀ ਮੰਗ ਕੀਤੀ।

## ਕੇਂਦਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਰਿਹਾਅ ਕਰੇ : ਬਹਿਰੂ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੋ ਦਿਨ ਪਹਿਲਾਂ ਸੁਪਰੀਮ ਕੋਰਟ ਦੇ ਦੋ ਜੱਜਾਂ ਵਾਲੇ ਡਵੀਜ਼ਨ ਬੈਂਚ ਵੱਲੋਂ ਇੱਕ ਮਹੱਤਵਪੂਰਨ ਹੁਕਮ ਜਾਰੀ ਕਰਕੇ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਤੇ ਸੂਬਿਆਂ ਦੇ ਗ੍ਰਹਿ ਵਿਭਾਗਾਂ ਨੂੰ ਆਦੇਸ਼ ਦਿੱਤਾ ਹੈ ਕਿ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਤਰੁੰਤ ਰਿਹਾਈ ਕੀਤੀ ਜਾਵੇ।

ਇਸ 'ਤੇ ਪ੍ਰਤੀਕਰਮ ਦਿੰਦਿਆਂ ਇੰਡੀਅਨ ਫਾਰਮਰਜ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਦੇਸ ਦੀ ਉੱਚ ਅਦਾਲਤ ਵੱਲੋਂ ਦਿੱਤੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਹੁਣ ਪਿਛਲੇ ਲੰਮੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਰਾਹ ਪੱਧਰਾ ਹੋ ਗਿਆ ਹੈ ਅਤੇ ਮਜਬੂਰੀ ਵੱਸ ਅਦਾਲਤ ਦੇ ਫੈਸਲੇ ਮੁਤਾਬਕ ਹੁਣ ਕੇਂਦਰ ਦੇ ਗ੍ਰਹਿ ਵਿਭਾਗ ਨੂੰ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ ਹੀ ਪਵੇਗਾ, ਪਰ ਉਨ੍ਹਾਂ ਇਹ ਵੀ ਖਦਸ਼ਾ ਜ਼ਾਹਰ ਕੀਤਾ ਕਿ ਨਾਗਪੁਰ ਵਿਚ ਬੈਠੀਆਂ ਕੁੱਝ ਸਿੱਖ ਵਿਰੋਧੀ ਸ਼ਕਤੀਆਂ ਆਪਣਾ ਪ੍ਰਭਾਵ ਵਰਤ ਕੇ ਬੰਦੀ ਸਿੰਘਾਂ ਦੀ ਰਿਹਾਈ ਵਿੱਚ ਰੋੜਾ ਅਟਕਾਉਣ ਤੋਂ ਬਾਜ਼ ਨਹੀਂ ਆਉਣਗੀਆਂ, ਪਰ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੁਪਰੀਮ ਕੋਰਟ ਦੇ ਆਏ ਇਸ ਫੈਸਲੇ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਬਹਿਰੂ ਨੇ ਧਾਰਮਿਕ ਜਥੇਬੰਦੀਆਂ ਅਤੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੋ ਪਿਛਲੇ ਢਾਈ ਸਾਲਾਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ਦੀਆਂ ਬਰੂਹਾਂ ਤੇ ਕੌਮੀ ਇਨਸਾਫ ਮੋਰਚੇ ਵੱਲੋਂ ਸ਼ਾਂਤਮਈ ਰੂਪ ਵਿੱਚ ਧਰਨਾ ਦਿੱਤਾ ਜਾ ਰਿਹਾ ਹੈ, ਕੇਂਦਰ ਸਰਕਾਰ ਉੱਤੇ ਜਨਤਕ ਦਬਾਅ ਖੜਾ ਕਰਨ ਲਈ ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਮੋਰਚੇ ਵਾਲੀ ਜਗ੍ਹਾ 15 ਅਗਸਤ ਨੂੰ ਇੱਕ ਵੱਡੀ ਪੰਥਕ ਰੈਲੀ ਹੋ ਰਹੀ ਹੈ, ਉਸ ਵਿੱਚ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ ਤਾਂ ਜੁ ਕੌਮ ਦੇ ਅਣਖੀ ਯੋਧਿਆਂ ਨੂੰ ਰਿਹਾਅ ਕਰਾਇਆ ਜਾ ਸਕੇ।

## ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਨਮ ਅਸ਼ਟਮੀ ਦਾ ਜਸ਼ਨ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ.ਕੇ.ਐੱਸ ਪਬਲਿਕ ਸਕੂਲ ਵਿਖੇ ਕ੍ਰਿਸਨ ਜਨਮ ਅਸਟਮੀ ਬਹੁਤ ਉਤਸ਼ਾਹ ਨਾਲ ਮਨਾਈ। ਪ੍ਰੀ-ਨਰਸਰੀ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਵਿਦਿਆਰਥੀ ਰਾਧਾ ਤੇ ਕ੍ਰਿਸ਼ਨ ਦੇ ਰੂਪ ਵਿੱਚ ਸਜੇ ਹੋਏ ਸਨ, ਜਿਸ ਨਾਲ ਜਸ਼ਨ ਵਿੱਚ ਰੰਗ ਤੇ ਸੁਹਜ ਵਧਿਆ। ਸਮਾਗਮ ਦੀ ਸ਼ੁਰੂਆਤ ਭਗਤੀ ਗੀਤਾਂ ਤੇ ਭਜਨਾਂ ਨਾਲ ਹੋਈ, ਜਿਸ ਨਾਲ ਇੱਕ ਤਿਉਹਾਰ ਤੇ ਅਧਿਆਤਮਕ ਮਾਹੌਲ ਬਣਿਆ। ਬੱਚਿਆਂ ਨੇ ਭਗਵਾਨ ਕ੍ਰਿਸਨ ਨੂੰ ਸਮਰਪਤ ਭਗਤੀ ਗੀਤਾਂ 'ਤੇ ਸੁੰਦਰ ਡਾਂਸ ਕੀਤੇ। ਉਨ੍ਹਾਂ ਦੇ ਚਮਕਦਾਰ ਪਹਿਰਾਵੇ ਤੇ ਖੁਸ਼ਹਾਲ ਪ੍ਰਦਰਸਨਾਂ ਨੇ ਤਿਉਹਾਰ ਦੀ ਭਾਵਨਾ ਨੂੰ ਜ਼ਿੰਦਾ ਕਰ ਦਿੱਤਾ। ਜਸ਼ਨ ਖੁਸ਼ੀ, ਸ਼ਾਂਤੀ ਤੇ ਏਕਤਾ ਲਈ ਅਸ਼ੀਰਵਾਦ ਤੇ ਇੱਛਾਵਾਂ ਨਾਲ ਸਮਾਪਤ ਹੋਇਆ।

## ਸਟੈਪਿੰਗ ਸਟੋਨਜ਼ ਸਕੂਲ ਨੇ ਅਜ਼ਾਦੀ ਦਿਹਾੜਾ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਸਟੈਪਿੰਗ ਸਟੋਨਜ ਪ੍ਰੀ-ਸਕੂਲ ਵੱਲੋਂ ਸੁਤੰਤਰਤਾ ਦਿਵਸ ਬੜੇ ਉਤਸ਼ਾਹ ਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਕੂਲ ਦੇ ਬੱਚਿਆਂ ਨੇ ਤਿਰੰਗਾ ਝੰਡਾ ਲਹਿਰਾਇਆ ਤੇ ਰੰਗ ਬਿਰੰਗੇ ਕੱਪੜੇ ਪਹਿਨ ਕੇ ਵੱਖ-ਵੱਖ ਕਿਰਦਾਰਾਂ ਦੀ ਭੂਮਿਕਾ ਨਿਭਾਈ। ਦੇਸ਼ ਭਗਤੀ ਗੀਤਾਂ ਤੇ ਨਾਚ ਗਾਣਿਆਂ ਨਾਲ ਮਾਹੌਲ ਰੰਗੀਨ ਹੋ ਗਿਆ। ਅਧਿਆਪਕਾਂ ਨੇ ਬੱਚਿਆਂ ਨੂੰ ਆਜ਼ਾਦੀ ਸੈਨਾਨੀਆਂ ਦੀ ਕੁਰਬਾਨੀ ਬਾਰੇ ਦੱਸਿਆ ਤੇ ਦੇਸ਼ ਪ੍ਰਤੀ ਪਿਆਰ ਤੇ ਫ਼ਰਜ਼ ਨੂੰ ਯਾਦ ਕਰਨ ਲਈ ਪ੍ਰੇਰਤ ਕੀਤਾ। ਦੇਸ ਲਈ ਕੁਰਬਾਨ ਹੋਣ ਵਾਲਿਆਂ ਨੂੰ ਜਿੱਥੇ ਯਾਦ ਕੀਤਾ ਗਿਆ, ਉੱਥੇ ਉਨ੍ਹਾਂ ਦੇ ਜਜ਼ਬੇ ਨੂੰ ਵੀ ਸਲਾਮ ਕੀਤਾ ਗਿਆ। ਅੱਜ ਦੀ ਪੀੜ੍ਹੀ ਨੂੰ ਉਨ੍ਹਾਂ ਸੂਰਮਿਆਂ ਆਜ਼ਾਦੀ ਘੁਲਾਟੀਆਂ ਦੇ ਰਾਹ 'ਤੇ ਚੱਲ ਕੇ ਦੇਸ ਦੀ ਸੇਵਾ ਲਈ ਅੱਗੇ ਆਉਣਾ ਚਾਹੀਦਾ ਹੈ।

# ਗੁਰੂ ਨਾਨਕ ਕਾਲਜ 'ਚ ਵੱਡੀਆਂ ਚੈਂਪੀਅਨਸ਼ਿਪਾਂ ਦਾ ਹੋਵੇਗਾ ਆਯੋਜਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਫਿਰੋਜ਼ਪੁਰ ਤਾਈਕਵਾਂਡੋ ਐਸੋਸੀਏਸ਼ਨ ਲਈ ਇੱਕ ਮਹੱਤਵਪੂਰਨ ਕਦਮ ਉਠਾਉਂਦਿਆਂ ਐਸੋਸੀਏਸ਼ਨ ਦੀ ਮੀਟਿੰਗ ਗੁਰੂ ਨਾਨਕ ਕਾਲਜ ਵਿਖੇ ਕਾਲਜ ਦੇ ਚੇਅਰਮੈਨ ਤੇ ਐਸੋਸੀਏਸ਼ਨ ਦੇ ਸੀਨੀਅਰ ਉਪ ਪ੍ਰਧਾਨ ਸ੍ਰੀ ਅਸੀਸਪ੍ਰੀਤ ਸਿੰਘ ਸਾਈਂਆਂਵਾਲਾ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ 'ਚ ਜ਼ਿਲ੍ਹੇ ਦੇ ਕਰੀਬ 32 ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਦਾ ਮੁੱਖ ਮਕਸਦ ਜ਼ਿਲ੍ਹੇ 'ਚ ਤਾਈਕਵਾਂਡੋ ਦੀ ਖੇਡ ਨੂੰ ਉੱਚੇ ਪੱਧਰ 'ਤੇ ਲਿਜਾਣ ਲਈ ਨਵੀਆਂ ਰਣਨੀਤੀਆਂ ਤੇ ਯੋਜਨਾਵਾਂ 'ਤੇ ਵਿਚਾਰ-ਵਟਾਂਦਰਾ ਕਰਨਾ ਸੀ। ਇਸ ਮੀਟਿੰਗ ਵਿੱਚ ਕਈ ਅਹਿਮ ਫ਼ੈਸਲੇ ਲਏ ਗਏ, ਜਿਨ੍ਹਾਂ 'ਚੋਂ ਸਭ ਤੋਂ ਵੱਡਾ ਫੈਸਲਾ ਸੀ ਕਿ ਗੁਰੂ ਨਾਨਕ ਕਾਲਜ ਵਿੱਚ ਜਲਦ ਹੀ ਇੱਕ 'ਸਾਈਂਆਂਵਾਲਾ ਮੈਮੋਰੀਅਲ ਸਟੇਟ ਲੈਵਲ ਚੈਂਪੀਅਨਸ਼ਿਪ' ਤੇ 'ਇੰਟਰ-ਕਾਲਜ ਖੇਡਾਂ' ਕਰਾਈਆਂ ਜਾਣਗੀਆਂ। ਇਹ ਐਲਾਨ ਜ਼ਿਲ੍ਹੇ ਦੇ ਖਿਡਾਰੀਆਂ ਲਈ ਇੱਕ ਵੱਡਾ ਮੌਕਾ ਸਾਬਤ ਹੋਵੇਗਾ। ਇਸ ਤੋਂ ਇਲਾਵਾ, ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਸਕੂਲ ਖੇਡਾਂ ਤੇ ਪੰਜਾਬ ਖੇਡ ਮੇਲਾ ਕਰਵਾਉਣ ਬਾਰੇ ਵੀ ਵਿਚਾਰ ਕੀਤਾ ਗਿਆ। ਮੀਟਿੰਗ ਦੌਰਾਨ ਤਾਈਕਵਾਂਡੋ ਨੂੰ ਹੋਰ ਪ੍ਰਫੁੱਲਤ ਕਰਨ ਲਈ ਜ਼ਿਲ੍ਹਾ ਉਲੰਪਿਕ ਐਸੋਸੀਏਸ਼ਨ ਨਾਲ ਡੀ.ਸੀ. ਸਾਹਿਬ ਦੀ ਅਗਵਾਈ 'ਚ ਜਲਦੀ ਮੀਟਿੰਗ ਕਰਾਉਣ 'ਤੇ ਵੀ ਜ਼ੋਰ ਦਿੱਤਾ ਗਿਆ। ਐਸੋਸੀਏਸ਼ਨ ਦੇ ਸਾਰੇ ਅਧਿਕਾਰੀਆਂ ਤੇ ਮੈਂਬਰਾਂ ਨੇ ਕਾਲਜ ਵਿੱਚ ਤਾਈਕਵਾਂਡੋ ਦੀ ਸ਼ੁਰੂਆਤ ਕਰਨ ਤੇ ਪਹਿਲੀ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਸ੍ਰੀ ਅਸੀਸਪ੍ਰੀਤ ਸਿੰਘ ਸਾਈਂਆਂਵਾਲਾ ਦਾ ਫੁੱਲ-ਮਾਲਾਵਾਂ ਤੇ ਮਠਿਆਈ ਖਵਾ ਕੇ ਭਰਪੂਰ ਸਵਾਗਤ ਕੀਤਾ।

ਇਸ ਨੂੰ ਇੱਕ ਨਵੀਂ ਤੇ ਸਕਾਰਾਤਮਕ ਸ਼ੁਰੂਆਤ ਵਜੋਂ ਦੇਖਿਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਤਾਈਕਵਾਂਡੋ ਐਸੋਸੀਏਸ਼ਨ ਦੇ ਉਪ ਪ੍ਰਧਾਨ ਤੇ ਤਕਨੀਕੀ ਡਾਇਰੈਕਟਰ, ਅੰਤਰਰਾਸ਼ਟਰੀ ਮਾਸਟਰ ਪੰਕਜ ਚੌਰਸੀਆ ਨੇ ਦਿੱਤੀ।

# ਮੁੱਖ ਮੰਤਰੀ ਨੇ ਸੂਬੇ 'ਚ 500 ਆਧੁਨਿਕ ਪੰਚਾਇਤ ਘਰਾਂ ਤੇ ਆਮ ਸੇਵਾ ਕੇਂਦਰਾਂ ਦਾ ਰੱਖਿਆ ਨੀਂਹ ਪੱਥਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬਾ ਭਰ ਵਿੱਚ 125 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 500 ਆਧੁਨਿਕ ਪੰਚਾਇਤ ਘਰਾਂ ਅਤੇ ਕਾਮਨ ਸਰਵਿਸ ਸੈਂਟਰਾਂ (ਆਮ ਸੇਵਾ ਕੇਂਦਰ) ਦੇ ਨਿਰਮਾਣ ਦਾ ਵਰਚੂਅਲ ਤੌਰ 'ਤੇ ਨੀਂਹ ਪੱਥਰ ਰੱਖਿਆ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਪੰਚਾਇਤ ਘਰ ਅਤੇ ਕਾਮਨ ਸਰਵਿਸ ਸੈਂਟਰ ਬਣਾਉਣ ਦਾ ਪ੍ਰੋਜੈਕਟ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 2800 ਤੋਂ ਵੱਧ ਆਬਾਦੀ ਵਾਲੇ ਹਰੇਕ ਪਿੰਡ ਵਿੱਚ ਇਕ ਪੰਚਾਇਤ ਘਰ ਅਤੇ ਇਕ ਕਾਮਨ ਸਰਵਿਸ ਸੈਂਟਰ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਕ ਪੰਚਾਇਤ ਘਰ ਬਣਾਉਣ ਦੀ ਲਾਗਤ 20 ਲੱਖ ਰੁਪਏ ਅਤੇ ਇਕ ਕਾਮਨ ਸਰਵਿਸ ਸੈਂਟਰ ਦੀ ਲਾਗਤ 5 ਲੱਖ ਰੁਪਏ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਪੜਾਅ ਵਿੱਚ 500 ਪਿੰਡਾਂ ਵਿੱਚ ਪੰਚਾਇਤ ਘਰ ਅਤੇ ਸੇਵਾ ਕੇਂਦਰ ਬਣਾਏ ਜਾ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਇਸ ਪ੍ਰਾਜੈਕਟ ਲਈ ਉਨ੍ਹਾਂ ਪਿੰਡਾਂ ਦੀ ਚੋਣ ਕੀਤੀ ਗਈ ਹੈ, ਜਿੱਥੇ ਹੁਣ ਤੱਕ ਕੋਈ ਪੰਚਾਇਤ ਘਰ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਘਰ ਮਹਿਜ਼ ਇਕ ਦਫ਼ਤਰ ਨਹੀਂ ਹੋਵੇਗਾ, ਸਗੋਂ ਪਿੰਡ ਦੇ ਵਿਕਾਸ ਲਈ ਵਿਚਾਰ-ਵਟਾਂਦਰੇ ਅਤੇ ਵਿਉਂਤਬੰਦੀ ਦਾ ਕੇਂਦਰੀ ਧੁਰਾ ਹੋਵੇਗਾ। ਮਾਨ ਨੇ ਕਿਹਾ ਕਿ ਕਾਮਨ ਸਰਵਿਸ ਸੈਂਟਰ ਪਿੰਡਾਂ ਵਿੱਚ ਡਿਜੀਟਲ ਕ੍ਰਾਂਤੀ ਦੇ ਗਵਾਹ ਬਣਨਗੇ, ਜਿਸ ਨਾਲ ਪਿੰਡਾਂ ਦੇ ਲੋਕਾਂ ਦੀ ਵੱਖ-ਵੱਖ ਆਨਲਾਈਨ ਸੇਵਾਵਾਂ ਤੱਕ ਪਹੁੰਚ ਸੁਖਾਲੀ ਬਣਾਉਣ ਵਿੱਚ ਮਦਦ ਮਿਲੇਗੀ। ਮਾਨ ਨੇ ਇਹ ਵੀ ਉਮੀਦ ਪ੍ਰਗਟਾਈ ਕਿ ਇਹ ਪ੍ਰਾਜੈਕਟ ਪੰਚਾਇਤਾਂ ਨੂੰ ਇਕ ਥਾਂ ਜੁੜ ਬੈਠਣ ਅਤੇ ਸਮੂਹਿਕ ਫੈਸਲੇ ਲੈਣ ਲਈ ਸਾਂਝਾ ਪਲੇਟਫਾਰਮ ਪ੍ਰਦਾਨ ਕਰੇਗਾ।ਮੁੱਖ ਮੰਤਰੀ ਨੇ ਦੁੱਖ ਪ੍ਰਗਟ ਕੀਤਾ ਕਿ ਭਾਵੇਂ ਪੰਚਾਇਤਾਂ ਨੂੰ ਲੋਕਤੰਤਰ ਦੀ ਨੀਂਹ ਕਿਹਾ ਜਾਂਦਾ ਹੈ, ਪਰ ਪਹਿਲਾਂ ਉਨ੍ਹਾਂ ਦੇ ਬੈਠਣ ਲਈ ਢੁਕਵੀਂ ਜਗ੍ਹਾ ਵੀ ਨਹੀਂ ਸੀ। ਮੁੱਖ ਮੰਤਰੀ ਨੇ ਇਸ ਗੱਲ 'ਤੇ ਮਾਣ ਪ੍ਰਗਟ ਕਰਦਿਆਂ ਕਿਹਾ ਕਿ ਨਹਿਰੀ ਪਾਣੀ ਹੁਣ ਸੂਬੇ ਵਿੱਚ ਟੇਲਾਂ 'ਤੇ ਪਹਿਲੀ ਵਾਰ ਪਹੁੰਚਿਆ ਹੈ। ਮਾਨ ਨੇ ਕਿਹਾ ਕਿ ਹੁਣ ਤੱਕ ਨੌਜਵਾਨਾਂ ਨੂੰ ਲਗਭਗ 55,000 ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਡਰੱਗ ਮਾਫੀਆ ਨੂੰ ਪਿਛਲੀਆਂ ਸਰਕਾਰਾਂ ਨੇ ਸਰਪ੍ਰਸਤੀ ਦਿੱਤੀ ਸੀ ਪਰ ਉਨ੍ਹਾਂ ਦੀ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਹੈ।ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਖਤਮ ਕਰਨ ਲਈ ਰਣਨੀਤੀ ਘੜੀ ਗਈ ਅਤੇ ਹੁਣ ਨਸ਼ਿਆਂ ਵਿਰੁੱਧ ਆਰ-ਪਾਰ ਦੀ ਜੰਗ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਤੋਂ ਇਲਾਵਾ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਜੇਲ੍ਹ ਭੇਜਿਆ ਹੈ। ਉਨ੍ਹਾਂ ਕਿਹਾ ਕਿ ਹੁਣ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਕੇ ਨਸ਼ਟ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੀਆਂ 700 ਪੰਚਾਇਤਾਂ ਨੇ ਆਪਣੇ ਪਿੰਡਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣ ਦਾ ਸੰਕਲਪ ਲੈਂਦਿਆਂ ਮਤੇ ਪਾਏ।ਰਵਾਇਤੀ ਪਾਰਟੀਆਂ ਦੇ ਆਗੂਆਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਆਸੀ ਪਾਰਟੀਆਂ ਪਾਟੋਧਾੜ ਦਾ ਸ਼ਿਕਾਰ ਹਨ ਜਿੱਥੇ ਹਰ ਆਗੂ ਸੱਤਾ ਹਥਿਆਉਣ ਲਈ ਹੱਥ-ਪੈਰ ਮਾਰ ਰਿਹਾ ਹੈ। ਇਨ੍ਹਾਂ ਆਗੂਆਂ ਕੋਲ ਸੂਬੇ ਦੇ ਭਲੇ ਲਈ ਕੋਈ ਏਜੰਡਾ ਨਹੀਂ ਕਿਉਂਕਿ ਉਹ ਸਿਰਫ਼ ਸੱਤਾ ਦੇ ਲਾਲਚ ਵਿੱਚ ਸਿਆਸਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀਆਂ ਵਿੱਚ ਕਈ ਧੜੇ ਸੱਤਾ ਪ੍ਰਾਪਤ ਕਰਨ ਲਈ ਆਪਸ ਵਿੱਚ ਲੜ ਰਹੇ ਹਨ ਤਾਂ ਜੋ ਉਹ ਸੂਬੇ ਦੇ ਖਜ਼ਾਨੇ ਦੌਲਤ ਦੀ ਲੁੱਟ ਕਰ ਸਕਣ ਜਦੋਂ ਕਿ ਮੌਜੂਦਾ ਸਰਕਾਰ ਇਮਾਨਦਾਰੀ ਨਾਲ ਸੂਬੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਹੁਣ ਸੂਬੇ ਵਿੱਚ ਉਲਟਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਸੂਬੇ ਦੇ ਨੌਜਵਾਨ ਪੰਜਾਬ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਸਰਗਰਮ ਭਾਈਵਾਲ ਬਣ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਆਜ਼ਾਦੀ ਦੇ 78 ਸਾਲ ਬੀਤ ਜਾਣ ਤੋਂ ਬਾਅਦ ਵੀ ਆਜ਼ਾਦੀ ਦੇ ਲਾਭ ਹਰ ਘਰ ਤੱਕ ਨਹੀਂ ਪਹੁੰਚੇ। ਮਾਨ ਨੇ ਕਿਹਾ ਕਿ ਸੱਤਾ ਵਿੱਚ ਬੈਠੇ ਲੋਕਾਂ ਨੇ ਚਿੱਟਾ ਫੈਲਾਉਣ, ਜਨਤਾ ਨੂੰ ਲੁੱਟ ਕੇ ਦੌਲਤ ਇਕੱਠੀ ਕਰਨ, ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਣ ਦੇ ਨਾਲ-ਨਾਲ ਹੋਰ ਬੁਰਾਈਆਂ ਲਈ ਆਜ਼ਾਦੀ ਦੀ ਦੁਰਵਰਤੋਂ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਨਿਰੰਤਰ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਖੁਸ਼ਹਾਲ ਤੇ ਪ੍ਰਗਤੀਸ਼ੀਲ ਪੰਜਾਬ ਬਣਾਉਣ ਲਈ ਵਚਨਬੱਧ ਹੈ।ਇਸ ਮੌਕੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

# ਪੁਲਸ ਵੱਲੋਂ ਅਮਨ-ਸ਼ਾਂਤੀ ਤੇ ਸੁਰੱਖਿਆ ਲਈ ਚਾਰੇ ਸਬ-ਡਵੀਜ਼ਨਾਂ 'ਚ ਕੱਢਿਆ ਫਲੈਗ ਮਾਰਚ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-15 ਅਗਸਤ ਦੇ ਮੱਦੇਨਜ਼ਰ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਵੱਲੋਂ ਖੁਦ ਪੁਲਸ ਟੀਮ ਦੇ ਨਾਲ ਜ਼ਿਲ੍ਹੇ ਵਿੱਚ ਵਿਸ਼ੇਸ਼ ਫਲੈਗ ਮਾਰਚ ਕੱਢਿਆ ਗਿਆ। ਇਸ ਦਾ ਮੁੱਖ ਉਦੇਸ਼ ਲੋਕਾਂ ਵਿੱਚ ਸੁਰੱਖਿਆ ਅਤੇ ਅਮਨ-ਸ਼ਾਂਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਅਤੇ ਕਾਨੂੰਨ-ਵਿਵਸਥਾ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਉਣਾ ਸੀ।ਫਲੈਗ ਮਾਰਚ ਦੌਰਾਨ ਪੁਲਸ ਅਧਿਕਾਰੀਆਂ ਅਤੇ ਜਵਾਨਾਂ ਨੇ ਸੜਕਾਂ 'ਤੇ ਪੈਦਲ ਅਤੇ ਵਾਹਨਾਂ ਰਾਹੀਂ ਗਸ਼ਤ ਕੀਤੀ।ਇਹ ਫਲੈਗ ਮਾਰਚ ਜ਼ਿਲ੍ਹੇ ਦੀਆਂ ਚਾਰੋਂ ਸਬ-ਡਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਵਿੱਚ ਐਸ.ਐਸ.ਪੀ. ਦੀ ਨਿਗਰਾਨੀ ਹੇਠ ਕੱਢਿਆ ਗਿਆ। ਹਰੇਕ ਸਬ-ਡਵੀਜ਼ਨ ਵਿੱਚ ਸਥਾਨਕ ਪੁਲਸ ਟੀਮਾਂ ਨੇ ਸਮੁੱਚੇ ਖੇਤਰ ਵਿੱਚ ਮੁਹਿੰਮ ਚਲਾਈ, ਜਿਸ ਨਾਲ ਅਪਰਾਧਕ ਤੱਤਾਂ 'ਤੇ ਨਜ਼ਰ ਰੱਖੀ ਗਈ ਅਤੇ ਨਾਗਰਿਕਾਂ ਵਿੱਚ ਇਹ ਵਿਸ਼ਵਾਸ ਪੈਦਾ ਕੀਤਾ ਗਿਆ ਕਿ ਪੁਲਸ ਹਮੇਸ਼ਾਂ ਉਨ੍ਹਾਂ ਦੀ ਸੁਰੱਖਿਆ ਲਈ ਤਿਆਰ ਹੈ।ਫਲੈਗ ਮਾਰਚ ਦਾ ਮੁੱਖ ਉਦੇਸ਼ ਲੋਕਾਂ ਵਿੱਚ ਪੁਲਿਸ ਸੁਰੱਖਿਆ ਦੀ ਭਾਵਨਾਵਾਂ ਬਰਕਰਾਰ ਰੱਖਣਾ, ਅਸਮਾਜਿਕ ਤੱਤਾਂ ਵਿੱਚ ਡਰ ਪੈਦਾ ਕਰਨਾ ਅਤੇ ਆਜ਼ਾਦੀ ਦਿਵਸ ਮੌਕੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਹੋਣ ਤੋਂ ਰੋਕਣਾ ਹੈ ।ਇਸ ਫਲੈਗ ਮਾਰਚ ਵਿੱਚ ਨਵੀਨ ਕੁਮਾਰ, ਡੀ.ਐਸ.ਪੀ. (ਸ੍ਰੀ ਮੁਕਤਸਰ ਸਾਹਿਬ), ਅਵਤਾਰ ਸਿੰਘ, ਡੀ.ਐਸ.ਪੀ. (ਗਿੱਦੜਬਾਹਾ), ਜਸਪਾਲ ਸਿੰਘ, ਡੀ.ਐਸ.ਪੀ. (ਲੰਬੀ) ਅਤੇ ਇਕਬਾਲ ਸਿੰਘ, ਡੀ.ਐਸ.ਪੀ. (ਮਲੋਟ) ਸਮੇਤ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਤੋਂ ਤਾਇਨਾਤ ਲਗਭਗ 250 ਪੁਲਸ ਅਧਿਕਾਰੀ ਅਤੇ ਮੁਲਾਜ਼ਮ ਸ਼ਾਮਲ ਸਨ।ਫਲੈਗ ਮਾਰਚ ਤੋਂ ਬਾਅਦ ਜ਼ਿਲ੍ਹੇ ਦੀ ਅੰਦਰੂਨੀ ਇਲਾਕਿਆਂ ਵਿੱਚ ਨਾਕਾਬੰਦੀ ਕੀਤੀ ਗਈ।ਵਾਹਨਾਂ ਦੀ ਚੈਕਿੰਗ, ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਅਤੇ ਦਸਤਾਵੇਜ਼ਾਂ ਦੀ ਪੁਸ਼ਟੀ ਕੀਤੀ ਗਈ। ਇਸ ਦੇ ਨਾਲ ਹੀ ਪੁਲਸ ਪਾਰਟੀਆਂ ਨੇ ਹੋਟਲਾਂ, ਢਾਬਿਆਂ ਅਤੇ ਸਰਾਵਾਂ ਵਿੱਚ ਠਹਿਰੇ ਹੋਏ ਯਾਤਰੀਆਂ ਦੀ ਡਿਟੇਲ ਚੈਕ ਕੀਤੀ ਅਤੇ ਆਧਾਰ ਕਾਰਡ ਵਰਗੇ ਪਹਿਚਾਣ ਦਸਤਾਵੇਜ਼ ਵੇਖੇ। ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਆਉਣ-ਜਾਣ ਵਾਲੀਆਂ ਬੱਸਾਂ ਅਤੇ ਹੋਰ ਵਾਹਨਾਂ ਦੀ ਤਲਾਸ਼ੀ ਕੀਤੀ ਗਈ।

# ਸੇਂਟ ਕਬੀਰ ਪਬਲਿਕ ਸਕੂਲ 'ਚ ਬੜੀ ਧੂਮਧਾਮ ਨਾਲ ਮਨਾਇਆ ਆਜ਼ਾਦੀ ਦਿਹਾੜਾ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ, ਗੁਰਦਾਸਪੁਰ ਵਿੱਚ ਆਜ਼ਾਦੀ ਦੀ 79ਵੀਂ ਵਰ੍ਹੇਗੰਢ ਨੂੰ ਸਮਰਪਿਤ ਪ੍ਰੋਗਰਾਮ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਸਮੂਹ ਸਕੂਲ ਦੇ ਸਨਮੁੱਖ ਪ੍ਰਿੰਸੀਪਲ ਐੱਸ. ਬੀ. ਨਾਯਰ, ਪ੍ਰਬੰਧਕ ਕਮੇਟੀ ਮੈਂਬਰਾਂ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਅਤੇ ਬਲਾਕ ਕੋਆਰਡੀਨੇਟਰ ਤੇ ਡੀ. ਪੀ. ਸਟਾਫ਼ ਦੁਆਰਾ ਤਿਰੰਗਾ ਲਹਿਰਾਉਂਦੇ ਹੋਏ ਰਾਸ਼ਟਰੀ ਗਾਣ ਕਰਦਿਆਂ ਕੀਤੀ ਗਈ।ਇਸ ਮੌਕੇ ਨਰਸਰੀ ਤੋਂ ਤੀਸਰੀ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਨੇ ਤਿਰੰਗੇ ਝੰਡੇ ਲਹਿਰਾ ਕੇ ਜੈ ਹਿੰਦ ਦੇ ਨਾਅਰੇ ਲਗਾ ਕੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ।ਇਸ ਦੌਰਾਨ ਪਹਿਲੀ ਜਮਾਤ ਦੇ ਵਿਦਿਆਰਥੀ ਹਰਮਨਪ੍ਰੀਤ ਸਿੰਘ ਵੱਲੋਂ ਸੁਤੰਤਰਤਾ ਦਿਵਸ ਦੀ ਭਾਰਤ ਵਾਸੀਆਂ ਲਈ ਮਹੱਤਤਾ ਸੰਬੰਧੀ ਵਿਚਾਰਾਂ ਦੀ ਸਾਂਝ ਪਾਈ।ਇਸ ਉਪਰੰਤ ਤੀਸਰੀ ਤੇ ਚੌਥੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਦੇਸ਼ ਭਗਤੀ ਭਰੇ ਗਰੁੱਪ ਗੀਤ ਦਾ ਗਾਇਨ ਕੀਤਾ ਗਿਆ।ਪਹਿਲੀ ਜਮਾਤ ਦੀ ਵਿਦਿਆਰਥਣ ਮਨ ਸਿਮਰਤ ਕੌਰ ਨੇ ਆਜ਼ਾਦੀ ਦੇ ਸੰਘਰਸ਼ ਨੂੰ ਆਪਣੀ ਖੂਬਸੂਰਤ ਆਵਾਜ਼ ਵਿੱਚ ਗੀਤ ਰਾਹੀਂ ਪੇਸ਼ ਕੀਤਾ ।ਇਸ ਤੋਂ ਬਾਅਦ ਲੜੀਵਾਰ ਪ੍ਰੋਗਰਾਮ ਵਿੱਚ ਇੰਟਰ-ਹਾਊਸ ਕੋਰੀਓਗ੍ਰਾਫੀ ਮੁਕਾਬਲੇ ਕਰਵਾਏ ਗਏ। ਜਿਸ ਦੌਰਾਨ ਵਿਦਿਆਰਥੀਆਂ ਨੇ ਰਾਣੀ ਲਕਸ਼ਮੀ ਬਾਈ, ਜਲਿਆਂ ਵਾਲੇ ਬਾਗ ਦੇ ਸ਼ਹੀਦਾਂ, ਦੇਸ਼ ਭਗਤ ਫ਼ੌਜੀ ਜਵਾਨਾਂ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਤੇ ਮਹਾਤਮਾ ਗਾਂਧੀ ਵਰਗੇ ਮਹਾਨ ਦੇਸ਼ ਭਗਤ ਆਜ਼ਾਦੀ ਘੁਲਾਟੀਆਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਪੇਸ਼ ਕਰਕੇ ਮਾਹੌਲ ਨੂੰ ਦੇਸ਼ ਭਗਤੀ ਦੇ ਭਾਵਾਂ ਨਾਲ ਰੰਗਿਆ।ਇਸ ਤੋਂ ਇਲਾਵਾ ਯੂ.ਕੇ.ਜੀ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਹਿੰਦੂ, ਸਿੱਖ, ਇਸਾਈ, ਮੁਸਲਿਮ ਦੀ ਸਮਾਜਿਕ ਬਰਾਬਰੀ ਸੰਬੰਧੀ ਨਾਟਕ ਦੀ ਪੇਸ਼ਕਾਰੀ ਨਾਲ ਸਾਰਿਆਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਵਿਦਿਆਰਥੀਆਂ ਦੁਆਰਾ ਕਾਰਡਾਂ ਉੱਪਰ ਸੁੰਦਰ ਕਲਾਕ੍ਰਿਤੀਆਂ ਬਣਾਈਆਂ ਗਈਆ। ਜਮਾਤਾਂ ਤੇ ਹਾਊਸ ਬੋਰਡਾਂ ਨੂੰ ਰੰਗ-ਬਿਰੰਗੇ ਗੁਬਾਰਿਆ ਨਾਲ ਸਜਾਇਆ ਗਿਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਆਪਣੇ ਦੇਸ਼ ਪ੍ਰਤੀ ਪਿਆਰ ਭਗਤੀ ਤੇ ਸਤਿਕਾਰ ਦੀ ਭਾਵਨਾ ਰੱਖਣ ਅਤੇ ਆਪਣੇ ਕਰਤੱਵਾਂ ਦੀ ਹਮੇਸ਼ਾ ਪਾਲਣਾ ਕਰਨ ਲਈ ਦੱਸਦਿਆਂ ਆਜ਼ਾਦੀ ਦਿਵਸ ਦੀਆਂ ਹਾਰਦਿਕ ਸ਼ੁਭ ਕਾਮਨਾਵਾਂ ਦਿੱਤੀਆਂ।

# ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਵਿਰਾਸਤ ਮੇਲੇ ਦੀਆਂ ਪਈਆਂ ਧੁੰਮਾਂ





ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਕਰਦਾ ਵਿਰਾਸਤ ਮੇਲਾ ਕਰਵਾਇਆ ਗਿਆ ਜਿਸ ਵਿੱਚ ਕਾਲਜ ਵਿਦਿਆਰਥਣਾਂ ਨੇ ਹੌਸ ਲਿਆ।ਵਿਦਿਆਰਥੀਆਂ ਨੂੰ ਆਪਣੇ ਅਮੀਰ ਸੱਭਿਆਚਾਰ ਅਤੇ ਵਿਰਸੇ ਨਾਲ ਜੋੜੀ ਰੱਖਣ ਲਈ ਸੁਹਾਗ, ਘੋੜੀਆਂ, ਲੋਕ ਗੀਤ, ਲੋਕ ਨਾਚ, ਭਾਸ਼ਣ ਮੁਕਾਬਲੇ ਅਤੇ ਕਵਿਤਾ ਉਚਾਰਨ ਮੁਕਾਬਲਿਆਂ ਤੋਂ ਇਲਾਵਾ ਮਹਿੰਦੀ ਮੁਕਾਬਲਾ, ਸੇਵੀਆਂ ਵੱਟਣ, ਮੀਡੀਆਂ ਗੁੰਦਣ ਅਤੇ ਕਿੱਕਲੀ ਆਦਿ ਮੁਕਾਬਲੇ ਕਰਵਾਏ ਗਏ।ਇਸ ਮੌਕੇ ਬੀਬੀ ਜਸਬੀਰ ਕੌਰ ਜਫ਼ਰਵਾਲ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮਹਿਮਾਨ ਅਤੇ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਨੇ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕੀਤੀ।ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਕਾਲਜ ਪਹੁੰਚਣ ਤੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਅਤੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢਣ ਲਈ ਧੰਨਵਾਦ ਵੀ ਕੀਤਾ। ਸੱਭਿਆਚਾਰਕ ਪ੍ਰੋਗਰਾਮ ਵਿੱਚ ਕਰਵਾਏ ਗਏ ਮੁਕਾਬਲਿਆਂ ਜਿਵੇਂ ਕਿੱਕਲੀ ਮੁਕਾਬਲੇ ਵਿੱਚ ਸਿਮਰਨਪ੍ਰੀਤ ਕੌਰ ਤੇ ਸੁਖਦੀਪ ਕੌਰ ਨੇ ਪਹਿਲਾ ਸਥਾਨ, ਖੁਸ਼ਪ੍ਰੀਤ ਕੌਰ ਤੇ ਸਾਥੀ ਨੇ ਦੂਜਾ ਸਥਾਨ ਅਤੇ ਮਨੂੰ ਮੁਸਕਾਨ ਤੇ ਸੁਖਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।ਮਹਿੰਦੀ ਮੁਕਾਬਲੇ ਵਿੱਚੋਂ ਖੁਸ਼ੀ ਤੇ ਅੰਜਲੀ ਨੇ ਪਹਿਲਾ ਅਤੇ ਰਾਜਦੀਪ ਕੌਰ ਤੇ ਸੰਦੀਪ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ।ਸੇਵੀਆਂ ਵੱਟਣ ਦੇ ਮੁਕਾਬਲੇ ਵਿੱਚ ਗਗਨਦੀਪ ਕੌਰ ਅਤੇ ਸ਼ੁਭਦੀਪ ਕੌਰ ਨੇ ਕ੍ਰਮਵਾਰ ਪਹਿਲਾ ਤੇ ਦੂਸਰਾ ਸਥਾਨ ਹਾਸਲ ਕੀਤਾ। ਕਾਲਜ ਦੀਆਂ ਹੋਣਹਾਰ ਵਿਦਿਆਰਥਣਾਂ ਵਿੱਚੋਂ ਜਸਬੀਰ ਨੂੰ ਸੁਨੱਖੀ ਪੰਜਾਬਣ, ਖੁਸ਼ਪ੍ਰੀਤ ਕੌਰ ਨੂੰ ਸੋਹਣੀ ਮੁਟਿਆਰ, ਜੈਸਮੀਨ ਕੌਰ ਨੂੰ ਗਿੱਧਿਆਂ ਦੀ ਰਾਣੀ, ਸੁਖਦੀਪ ਕੌਰ ਨੂੰ ਸੱਭਿਆਚਾਰਕ ਪਹਿਰਾਵਾ ਅਤੇ ਅਨਮੋਲਪ੍ਰੀਤ ਕੌਰ ਨੂੰ ਸਾਦਗੀ ਤੇ ਸੁੰਦਰਤਾ ਦਾ ਸੁਮੇਲ ਅਤੇ ਗੁਰਸਿਮਰਨਪ੍ਰੀਤ ਕੌਰ ਨੂੰ ਵਿਰਾਸਤੀ ਮੇਲੇ ਦੀ ਸ਼ਾਨ ਟਾਈਟਲ ਦੇ ਕੇ ਨਿਵਾਜਿਆ ਗਿਆ। ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਇਸ ਮੌਕੇ ਪਹੁੰਚੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਮੈਂਬਰ ਸਾਹਿਬਾਨ ਹਾਜ਼ਰ ਸਨ।

## ਡੇਂਗੂ 'ਤੇ ਵਾਰ ਮੁਹਿੰਮ ਤਹਿਤ ਐਸਐਮਓ ਨੇ ਹੌਟ ਸਪੌਟ ਖੇਤਰਾਂ 'ਚ ਕੀਤਾ ਜਾਗਰੂਕ

ਨਾਭਾ (ਵਰਿੰਦਰ ਵਰਮਾ) ਸਿਵਲ ਸਰਜਨ ਪਟਿਆਲਾ ਡਾ. ਜਗਪਾਲ ਇੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਡੇਂਗੂ ਵਿਰੋਧੀ ਗਤੀਵਿਧੀਆਂ ਲਗਾਤਾਰ ਜਾਰੀ ਹਨ। ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸੀਨੀਅਰ ਮੈਡੀਕਲ ਅਫ਼ਸਰ ਡਾ. ਵੀਨੂੰ ਗੋਇਲ ਨੇ ਐਂਟੀ ਲਾਰਵਾ ਦੀਆਂ ਟੀਮਾਂ ਨੂੰ ਨਾਲ ਲੈ ਕੇ ਨਾਭਾ ਅਧੀਨ ਸਲੱਮ ਖੇਤਰਾਂ ਤੇ ਹੌਟ ਸਪੌਟ ਖੇਤਰਾਂ ਵਿੱਚ ਬ੍ਰੀਡ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਮਿਲੇ ਮੱਛਰ ਦੇ ਲਾਰਵੇ ਨੂੰ ਮੌਕੇ 'ਤੇ ਨਸ਼ਟ ਕਰਾਇਆ ਗਿਆ। ਡਾ ਵੀਨੂੰ ਗੋਇਲ ਵੱਲੋਂ ਇਨ੍ਹਾਂ ਥਾਂਵਾਂ 'ਤੇ ਕੰਮ ਕਰਨ ਵਾਲੇ ਸਟਾਫ਼ ਨੂੰ ਡੇਂਗੂ ਦੀ ਜਾਂਚ ਤੇ ਇਸ ਦੇ ਇਲਾਜ ਸੰਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਇਸ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ, ਇਸ ਲਈ ਇਸ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਸੁਝਾਏ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਇਸ ਮੌਕੇ ਹੈਲਥ ਸੁਪਰਵਾਇਜਰ ਚਮਕੌਰ ਸਿੰਘ ਤੇ ਸਮੂਹ ਐੱਮ ਪੀ ਐੱਚ ਡਬਲਿਊ ਐਂਟੀ ਲਾਰਵਾ ਆਦਿ ਹਾਜ਼ਰ ਸਨ।


## ਉਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 08.09.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 08.09.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਲ. | ਟੈਂਡਰ ਨੰਬਰ | ਕੰਮਾਂ ਦਾ ਵੇਰਵਾ |
|---|---|---|
| 1 | 714-ਟੀ.ਆਰ.ਡੀ.-ਫਿਰੋਜਪੁਰ-2025-26 | ਫਿਰੋਜਪੁਰ ਮੰਡਲ ਉਤੇ DEE/TRD/FZR ਦੇ ਅਧਿਕਾਰ ਖੇਤਰ ਦੇ ਤਹਿਤ ਜਗਰਾਉਂ (JGN), ਅਜਿਤਵਾਲ (AJL), ਮੋਗਾ (MQF), ਤਲਵੰਡੀ (TWB), ਫਰੀਦਕੋਟ (FDK), ਬਾਰੀਵਾਲਾ (BRW), ਗੰਗਸਰ ਜੈਤੋਂ (GJUT) ਅਤੇ ਮੁਕਤਸਰ (MKS) 08 ਸਟੇਸ਼ਨਾਂ ਉਤੇ ਗੁਡਸ ਸ਼ੇਡਾਂ ਦੇ ਅਪਗ੍ਰੇਡੇਸ਼ਨ/ਸੁਧਾਰ ਵਿਚ ਟੀਆਰਡੀ ਕੰਮ। **ਕੰਮ ਦੀ ਸਮਾਨ ਨੇਚਰ:** "50 ਹਟੂਜ, ਸਿੰਗਲ ਫੇਜ 25 ਕੇਵੀ ਈਸ ਓਐਚਈ ਦਾ ਡਿਜਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ" (ਸੰਦਰਭ: Pr.CEE/NR ਦੇ ਪੱਤਰ ਨੰਬਰ 181-ਇਲੈਕਟ/ਟੀਆਰਡੀ/189/ਭਾਗ II, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1). |

| ਅੰਦਾਜ਼ਨ ਲਾਗਤ (ਰੁ) | ਟੈਂਡਰ ਦੀ ਕੀਮਤ (ਰੁ) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 2,49,02,026.40 | ਜੀਰੋ | 08.09.2025 15:00 ਵਜੇ ਤਕ | 2,74,500/- | 12 ਮਹੀਨੇ | 08.09.2025 15:00 ਵਜੇ ਦੇ ਬਾਅਦ | www.ireps.gov.in |

| ਲ. | ਟੈਂਡਰ ਨੰਬਰ | ਕੰਮਾਂ ਦਾ ਵੇਰਵਾ |
|---|---|---|
| 2 | 715-ਟੀ.ਆਰ.ਡੀ.-ਫਿਰੋਜਪੁਰ-2025-26 | ਫਿਰੋਜਪੁਰ ਡਵੀਜਨ ਦੇ ਬਿਜਲੀਕ੍ਰਿਤ ਸੈਕਸ਼ਨ ਵਿਚ ਪਲ ਦੀ ਟ੍ਰਿਪਿੰਗ ਨੂੰ ਘੱਟ ਕਰਨ ਦੇ ਲਈ ਸੀਮਿਤ ਕਲੀਅਰੇਂਸ ਵਾਲੇ ਓਵਰਲਾਈਨ ਸੰਰਚਨਾਵਾਂ ਦੇ ਹੇਠਾਂ ਇਸੂਲੇਟਿੰਗ ਪੇਂਟ ਦਾ ਪ੍ਰਾਵਧਾਨ। **ਕੰਮ ਦੀ ਸਮਾਨ ਨੇਚਰ:** "2x25 ਕੇਵੀ ਪ੍ਰਣਾਲੀ ਸਮੇਤ 25 ਕੇਵੀ ਅਤੇ ਉਸ ਤੋਂ ਜਿਆਦਾ ਦੀਆਂ ਸਥਾਪਨਾਵਾਂ ਤੇ ਉਚ ਵੋਲਟੇਜ ਇਨਸੂਲੇਟਿੰਗ ਪੇਂਟ ਕੋਟਿੰਗ ਦੇ ਅਨੁਪ੍ਰਯੋਗ ਦਾ ਨਿਪਟਾਰਾ" (ਸੰਦਰਭ : Pr. CEE/NR ਦੇ ਪੱਤਰ ਨੰਬਰ ਇਲੈਕਟ/ ਟੀਆਰਡੀ/189, ਮਿਤੀ 11.08.2025 |

| ਅੰਦਾਜ਼ਨ ਲਾਗਤ (ਰੁ) | ਟੈਂਡਰ ਦੀ ਕੀਮਤ (ਰੁ) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 1,84,65,127.65 | ਜੀਰੋ | 08.09.2025 15:00 ਵਜੇ ਤਕ | 2,42,300/- | 06 ਮਹੀਨੇ | 08.09.2025 15:00 ਵਜੇ ਦੇ ਬਾਅਦ | www.ireps.gov.in |

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੇਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਨੰ.: 714 ਅਤੇ 715-ਟੀ.ਆਰ.ਡੀ.-ਫਿਰੋਜਪੁਰ-2025-26 ਮਿਤੀ: 14.08.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2493/2025


## COURT NOTICE

(U/o 5 Rule 20 CPC)
In The Court of
Ms. Pavleen Singh
Additional Civil Judge (Senior Division), Ludhiana
CNR No. PBLD02-005821-2024
Next Date: 23-09-2025
Punjab State Power Corporation Ltd.
Vs
Amarjit Singh
Suit For Recovery of Rs. 67603/-
Publication Issued To:
Amarjit Singh
R/o House No. 11150, Street No. 06 PN, Partap Nagar, Ludhiana.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 23-09-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division), Ludhiana
Dated, this day of 11-08-2025

## COURT NOTICE

(U/o 5 Rule 20 CPC)
In The Court of
Kamaldeep Kaur
Civil Judge (Junior Division), Amritsar
CNR No. PBAS02-001302-2025
DECL Next Date:- 03-09-2025
Surinder Kaur through Ranjit Singh
Vs.
General Public
Publication Issued To:
General Public
:- Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 03-09-2025 at 10 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 04-07-2025

## COURT NOTICE

(U/o 5 Rule 20 CPC)
In The Court of Ms. Kavita
Civil Judge (Junior Division), Ludhiana
CNR No. PBLD02-012681-2024
Next Date: 26-08-2025
Charanjit Singh
Vs
Daljit Singh
Publication Issued To:
Daljit Singh S/o Sh. Kulwant Singh
:- Tenant in One Shop forming part of Property No. B-36-325-A Punjab Mata Nagar, Near Stadium, Ludhiana

Alternate Address : H. No. 607/8/9/8-B St. No. 6, Near Bus Stand, Sham Nagar, Ludhiana.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-08-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division), Ludhiana
Dated, this day of 22-07-2025

## COURT NOTICE

(U/o 5 Rule 20 CPC)
(Under Guardian and ward Act)
In The Court of
Parminder Kaur Bains
Civil Judge (Senior Division), Amritsar
CNR No. PBAS02-002301-2025
Next Date:- 16-10-2025
Sarabjeet Kaur W/o
Late S. Amardeep Singh
R/o 380, Garden Enclave Area Khankot, Amritsar
Vs.
General Public
Notice To:
General Public
:- Whom May its concern

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 16-10-2025 at 10 a.m.

For details logon to https://highcourtchd.gov.in/?trs=district_notice&district=Amritsar

Civil Judge (Senior Division) Amritsar
Dated, this day of 12-08-2025

## COURT NOTICE

(U/o 5 Rule 20 CPC)
In The Court of
Ms. Harpreet Kaur-1
Civil Judge (Senior Division), Jalandhar
CNR No. PBJL02-003040-2025
Next Date: 09-09-2025
CS/1948/2025
Jiwan Jyoti
Vs
General Public
Suit For grant of decree of declaration as prayed for.
Publication Issued To:
General Public
: General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09-09-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Senior Division), Jalandhar
Dated, this day of 12-08-2025

## COURT NOTICE

(U/o 5 Rule 20 CPC)
(Succession Case)
In The Court of
Ms. Harpreet Kaur-1
Civil Judge (Senior Division), Jalandhar
CNR No. PBJL02-002491-2025
Next Date: 17-09-2025
Succ/48/2025
Jaswinder Karam Manhas Alias Jaswinder Singh
Vs General Public
Petition for grant of Succession Certificate under Section 372 of Indian Succession Act.
Notice To: General Public
: General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 17-09-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Senior Division), Jalandhar
Dated, this day of 12-08-2025

## ਪਬਲਿਕ ਨੋਟਿਸ

ਮੈਂ ਦਵਿੰਦਰਜੀਤ ਕੌਰ (9965-3549-3042) ਪੁੱਤਰੀ ਜੋਗਿੰਦਰ ਸਿੰਘ ਪੁੱਤਰ ਭਗਤ ਸਿੰਘ ਹਾਲ ਪਤਨੀ ਜਸਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਬੋਹਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਸੂਚਿਤ ਕਰਦੀ ਹਾਂ ਕਿ ਖੇਵਟ ਨੰਬਰ 1113/1584 ਤਾ 1590 ਅਰਾਜੀ ਤਾਦਾਦੀ 139 ਕਨਾਲ 9 ਮਰਲੇ ਦਾ 29685/278900 ਹਿੱਸਾ ਤਾਦਾਦੀ 14 ਕਨਾਲ 16-85/100 ਮਰਲੇ ਵਾ ਖੇਵਟ ਨੰਬਰ 872/1266 ਤਾ 1271 ਅਰਾਜੀ ਤਾਦਾਦੀ 48 ਕਨਾਲ ਦਾ 4520/96000 ਹਿੱਸਾ ਤਾਦਾਦੀ 2 ਕਨਾਲ 5-20/100 ਮਰਲੇ ਵਾ ਖੇਵਟ ਨੰਬਰ 1508/2234 ਅਰਾਜੀ ਤਾਦਾਦੀ 3 ਕਨਾਲ 4 ਮਰਲੇ ਕਿੱਲਾ ਨੰਬਰ 257//4/1(1-0)6/1(2-0)1502(0-2)1507(0-2) ਵਾ ਖੇਵਟ ਨੰਬਰ 1030/1478 ਅਰਾਜੀ ਤਾਦਾਦੀ 66 ਕਨਾਲ 17 ਮਰਲੇ ਕਿੱਲਾ ਨੰਬਰ 237//17(8-0)18/1/1(4-0)24(7-2)239//17/1(4-0)25(8-0)240//13(8-13)18(8-0)21 (8-0)22/1 (3-2)23(8-0) ਵਾ ਖੇਵਟ ਨੰਬਰ 871/1265 ਅਰਾਜੀ ਤਾਦਾਦੀ 7 ਕਨਾਲ 14 ਮਰਲੇ ਕਿੱਲਾ ਨੰਬਰ 257//5/2(7-14) ਯਾਨਿ ਕੁੱਲ ਅਰਾਜੀ ਤਾਦਾਦੀ 94 ਕਨਾਲ 17-05/100 ਮਰਲੇ ਵਾਕਾ ਰਕਬਾ ਪਿੰਡ ਬੋਹਾ ਫਸਟ ਜਮ੍ਹਾਂਬੰਦੀ ਸਾਲ 2021-22 ਵਾ ਖੇਵਟ ਨੰਬਰ 146/211 ਤਾ 213 ਅਰਾਜੀ ਤਾਦਾਦੀ 28 ਕਨਾਲ ਦਾ 1-6 ਹਿੱਸਾ ਤਾਦਾਦੀ 4 ਕਨਾਲ 13-1/3 ਮਰਲੇ ਵਾ ਖੇਵਟ ਨੰਬਰ 341/516 ਤਾ 523 ਅਰਾਜੀ ਤਾਦਾਦੀ 112 ਕਨਾਲ ਦਾ 1/6 ਹਿੱਸਾ ਤਾਦਾਦੀ 18 ਕਨਾਲ 13-1/3 ਮਰਲੇ ਵਾ ਖੇਵਟ ਨੰਬਰ 341-518 ਅਰਾਜੀ ਤਾਦਾਦੀ 1 ਕਨਾਲ 3 ਮਰਲੇ ਕਿੱਲਾ ਨੰਬਰ 241//22ਮਿਨ(1-3) ਵਾ ਖੇਵਟ ਨੰਬਰ 341/523 ਅਰਾਜੀ ਤਾਦਾਦੀ 8 ਕਨਾਲ ਕਿੱਲਾ ਨੰਬਰ 256//10(8-0) ਕੁੱਲ ਅਰਾਜੀ ਤਾਦਾਦੀ 32 ਕਨਾਲ 9-2/3 ਮਰਲੇ ਵਾਕਾ ਰਕਬਾ ਪਿੰਡ ਬੋਹਾ ਸੈਕਿੰਡ ਜਮ੍ਹਾਂਬੰਦੀ ਸਾਲ 2021-22 ਦੀ ਮਾਲਕ ਵਾ ਕਾਬਜ਼ ਹਾਂ ।

ਇਹ ਕਿ ਮੈਂ ਆਪਣੀ ਇਸ ਜ਼ਮੀਨ ਨੂੰ ਕਿਸੇ ਨੂੰ ਵੀ ਬੈ ਨਹੀਂ ਕਰ ਰਹੀ ਅਤੇ ਨਾ ਹੀ ਕਬਜ਼ਾ ਟਰਾਂਸਫਰ ਕਰ ਰਹੀ ਹਾਂ ਤੇ ਨਾ ਹੀ ਭਵਿੱਖ ਵਿੱਚ ਕਬਜ਼ਾ ਟਰਾਂਸਫਰ ਕਰਾਂਗੀ ।


## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

| | |
|---|---|
| ਕੰਮ ਦਾ ਨਾਮ | "ਜੰਮੂ ਤਵੀ ਵਿਚ 08 ਇਕਾਈ ਟਾਇਪ-V ਆਵਾਸ (ਰਿਟਲਟਸ + 4 ਮੰਜ਼ਿਲਾ ਭਵਨ) ਦਾ ਨਿਰਮਾਣ, ਜਿਸ ਵਿਚ ਵਿਦੁਯੁਤ ਅਤੇ ਸਹਾਇਕ ਕੰਮ ਸ਼ਾਮਿਲ ਹੈ।" |
| ਲਗਭਗ ਲਾਗਤ | ₹ 7,79,92,721.75 (ਰੁਪਏ ਸੱਤ ਕਰੋੜ ਉਨਯਾਸੀ ਲੱਖ ਬਾਨਵੇ ਹਜ਼ਾਰ ਸੱਤ ਸੋ ਇਕੀਸ ਅਤੇ ਪੰਚਹਤਰ ਪੈਸੇ ਕੇਵਲ) |
| ਬੋਲੀ ਸੁਰੱਖਿਆ ਰਾਸ਼ੀ | ₹ 5,40,000/- (ਰੁਪਏ ਪੰਜ ਲੱਖ ਚਾਲੀਸ ਹਜ਼ਾਰ ਕੇਵਲ) |
| ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 04.09.2025 at 15:30 hrs |
| ਟੈਂਡਰ ਅਪਲੋਡ ਕਰਨ ਦੀ ਆਖਰੀ ਮਿਤੀ/ਸਮਾਂ | 04.09.2025 ਨੂੰ ਸਵੇਰੇ: 11:30 ਵਜੇ ਤਕ, ਟੈਂਡਰ ਦਸਤਾਵੇਜ ਬੋਲੀਦਾਤਾ ਦੁਵਾਰਾ ਆਈਆਰਈਪੀਐਸ ਵੇਬਸਾਈਟ ਉਤੇ ਮਿਤੀ 21.08.2025 ਤੋਂ 04.09.2025 ਸਵੇਰੇ: 11:30 ਵਜੇ ਤਕ ਅਪਲੋਡ ਕੀਤੇ ਜਾਂ ਸਕਦੇ ਹਨ। |
| ਪੂਰੀ ਟੈਂਡਰ ਸੂਚਨਾ ਅਤੇ ਟੈਂਡਰ ਦਸਤਾਵੇਜ | ਟੈਂਡਰ ਦਾ ਪੂਰਾ ਵੇਰਵਾ ਪ੍ਰਾਪਤ ਕਰਨ ਲਈ ਕ੍ਰਿਪਾ www.ireps.gov.in ਉਤੇ ਅਵਲੋਕਨ ਕਰੋ । ਉਕਤ ਟੈਂਡਰ ਦੀ ਪੂਰੀ ਸੂਚਨਾ ਸਬੰਧਿਤ ਦਫਤਰ ਦੇ ਨੋਟਿਸ ਬੋਰਡ ਉਤੇ ਵੀ ਅਵਲੋਕਨਾਰਥ ਉਪਲਬਧ ਹੈ। |

ਟੈਂਡਰ ਸੂਚਨਾ : 75-W / 1 / 2025 / WA / ਡਵੀਜਨਲ ਇੰਫ੍ਰਾ/ਜੇਈਟੀ (ਟਾਇਪ-V 08 ਇਕਾਈਆਂ)
ਮਿਤੀ : 14.08.2025 2500/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਦਾਲਤੀ ਇਸ਼ਤਿਹਾਰ

ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ
ਵਿਸ਼ਾ : ਤਕਸੀਮ ਕੇਸ ਵੱਲੋਂ ਸਤਿੰਦਰਪਾਲ ਪੁੱਤਰ ਫਕੀਰ ਚੰਦ ਪੁੱਤਰ ਲਾਲ ਚੰਦ ਵਾਸੀ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।
ਖੇਵਟ ਨੰਬਰ 08, 10, 11,100,153, 163 ਵਾਕਿਆ ਰਕਬਾ ਪਿੰਡ ਗਾਜੀਆਣਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।
ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 20-8-2025 ਮੁਕੱਰਰ ਹੈ । ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।
(1) ਮਨਜੀਤ ਸਿੰਘ (2) ਪਰਦੀਪ ਸਿੰਘ (3) ਕਰਮਜੀਤ ਸਿੰਘ ਪੁੱਤਰਾਨ ਭਗਵੰਤ ਸਿੰਘ ਪੁੱਤਰ ਜੰਗੀਰ ਸਿੰਘ (4) ਕੁਲਦੀਪ ਸਿੰਘ (5) ਸੁਰਜੀਤ ਸਿੰਘ ਪੁੱਤਰਾਨ ਜੋਰਾ ਸਿੰਘ ਪੁੱਤਰ ਬਲਵੀਰ ਸਿੰਘ (6) ਦਰਸ਼ਨ ਸਿੰਘ ਪੁੱਤਰ ਮਿੰਡਾ ਸਿੰਘ ਪੁੱਤਰ ਬੁੜ ਸਿੰਘ (7) ਚਰਨਜੀਤ ਕੌਰ ਵਿਧਵਾ (8) ਗੁਰਪਿੰਦਰ ਸਿੰਘ ਪੁੱਤਰ ਮੇਜਰ ਸਿੰਘ ਪੁੱਤਰ ਮਿੱਡਾ ਸਿੰਘ (9) ਕਰਤਾਰ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਰੁਲੀਆ ਸਿੰਘ (10) ਬੂਟਾ ਸਿੰਘ ਪੁੱਤਰ ਬਸੰਤ ਸਿੰਘ ਪੁੱਤਰ ਵਰਿਆਮ ਸਿੰਘ (11) ਸੁਖਦੇਵ ਕੌਰ ਵਿਧਵਾ ਦਰਸ਼ਨ ਸਿੰਘ ਪੁੱਤਰ ਉਜਾਗਰ ਸਿੰਘ (12) ਕੁਲਦੀਪ ਕੌਰ ਪਤਨੀ ਚਮਕੌਰ ਸਿੰਘ ਪੁੱਤਰ ਬਚਿੱਤਰ ਸਿੰਘ (13) ਹਰਮੀਤ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਕੌਰ ਸਿੰਘ (14) ਸੰਦੀਪ ਕੌਰ ਪਤਨੀ ਬੂਟਾ ਸਿੰਘ ਪੁੱਤਰ ਬਸੰਤ ਸਿੰਘ (15) ਰਣਜੀਤ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਉਜਾਗਰ ਸਿੰਘ (16) ਸੁਨੀਤਾ ਰਾਣੀ ਪਤਨੀ ਸਤਿੰਦਰਪਾਲ ਪੁੱਤਰ ਫਕੀਰ ਚੰਦ (17) ਪਰਦੀਪ ਸਿੰਘ ਪੁੱਤਰ ਰਣਜੀਤ ਸਿੰਘ ਪੁੱਤਰ ਉਜਾਗਰ ਸਿੰਘ (18) ਅਮਰਜੀਤ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਉਜਾਗਰ ਸਿੰਘ (19) ਨੈਬ ਸਿੰਘ (20) ਨਿਰਮਲ ਸਿੰਘ ਪੁੱਤਰਾਨ ਕੌਰ ਸਿੰਘ ਪੁੱਤਰ ਉਜਾਗਰ ਸਿੰਘ ਸਾਰੇ ਵਾਸੀਆਨ ਪਿੰਡ ਗਾਜੀਆਣਾ ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (21) ਹਰਿੰਦਰਪਾਲ ਪੁੱਤਰ ਫਕੀਰ ਚੰਦ ਪੁੱਤਰ ਲਾਲ ਚੰਦ (22) ਪਰਦੀਪ ਕੁਮਾਰ ਪੁੱਤਰ ਫਕੀਰ ਚੰਦ ਪੁੱਤਰ ਲਾਲ ਚੰਦ ਵਾਸੀ ਨਿਹਾਲ ਸਿੰਘ ਵਾਲਾ ਜਿਲ੍ਹਾ ਮੋਗਾ

ਸਹੀ/-ਸਹਾਇਕ ਕੁਲੈਕਟਰ ਦਰਜਾ-1, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ
ਵਿਸ਼ਾ : ਤਕਸੀਮ ਕੇਸ ਵੱਲੋਂ ਪਰਦੀਪ ਕੁਮਾਰ ਪੁੱਤਰ ਫਕੀਰ ਚੰਦ ਪੁੱਤਰ ਲਾਲ ਚੰਦ ਅਤੇ ਰੇਣੂ ਬਾਲਾ ਪਤਨੀ ਪਰਦੀਪ ਕੁਮਾਰ ਵਾਸੀ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।
ਖੇਵਟ ਨੰਬਰ 01,02,13,317 ਵਾਕਿਆ ਰਕਬਾ ਪਿੰਡ ਗਾਜੀਆਣਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।
ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 20-8-2025 ਮੁਕੱਰਰ ਹੈ । ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।
(1) ਹਰਿੰਦਰਪਾਲ ਪੁੱਤਰ ਫਕੀਰ ਚੰਦ ਪੁੱਤਰ ਲਾਲ ਚੰਦ ਵਾਸੀ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ (2) ਕੁਲਦੀਪ ਸਿੰਘ (3) ਸੁਰਜੀਤ ਸਿੰਘ ਪੁੱਤਰਾਨ ਜੋਰਾ ਸਿੰਘ ਪੁੱਤਰ ਬਲਵੀਰ ਸਿੰਘ (4) ਗੁਰਜੰਟ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਬਲਵੀਰ ਸਿੰਘ (5) ਜਸਵਿੰਦਰ ਕੌਰ ਵਿਧਵਾ (6) ਮਨਜਿੰਦਰ ਸਿੰਘ ਪੁੱਤਰ ਜਗਰੂਪ ਸਿੰਘ ਪੁੱਤਰ ਉਜਾਗਰ ਸਿੰਘ (7) ਵੀਰਪਾਲ ਕੌਰ ਵਿਧਵਾ (8) ਰਾਜਵਿੰਦਰ ਸਿੰਘ ਪੁੱਤਰ (9) ਰਮਨਪ੍ਰੀਤ ਕੌਰ ਪੁੱਤਰੀ ਬਸੰਤ ਸਿੰਘ ਪੁੱਤਰ ਉਜਾਗਰ ਸਿੰਘ (10) ਜਸਵੀਰ ਸਿੰਘ (11) ਰਾਮ ਸਿੰਘ (12) ਕੁਲਜੀਤ ਸਿੰਘ ਪੁੱਤਰਾਨ ਗੁਰਚਰਨ ਸਿੰਘ ਪੁੱਤਰ ਗੁਰਬਖਸ਼ ਸਿੰਘ (13) ਸੁਖਮੰਦਰ ਸਿੰਘ ਪੁੱਤਰ ਰਛਪਾਲ ਸਿੰਘ ਉਰਫ ਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ (14) ਨਿਰਮਲ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ (15) ਸੁਨੀਤਾ ਰਾਣੀ ਪਤਨੀ ਸਤਿੰਦਰਪਾਲ ਪੁੱਤਰ ਫਕੀਰ ਚੰਦ (16) ਅਵਨੀਤਾ ਰਾਣੀ ਪਤਨੀ ਹਰਿੰਦਰਪਾਲ ਪੁੱਤਰ ਫਕੀਰ ਚੰਦ (17) ਨੈਬ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਗੁਰਬਖਸ਼ ਸਿੰਘ (18) ਮਨਪ੍ਰੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਮਲਕੀਤ ਸਿੰਘ (19) ਕਰਮਵੀਰ ਕੌਰ ਵਿਧਵਾ (20) ਰਣਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਪੁੱਤਰ ਬਚਨ ਸਿੰਘ (21) ਪਰਮਜੀਤ ਕੌਰ ਪੁੱਤਰੀ (22) ਅਮਰਜੀਤ ਕੌਰ ਵਿਧਵਾ ਪਾਲ ਸਿੰਘ ਉਰਫ ਰਛਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ (23) ਕਰਮਜੀਤ ਸਿੰਘ (24) ਮਨਜੀਤ ਸਿੰਘ (25) ਪਰਦੀਪ ਸਿੰਘ ਪੁੱਤਰਾਨ (26) ਬਲਜੀਤ ਕੌਰ ਪੁੱਤਰੀ ਭਗਵੰਤ ਸਿੰਘ ਪੁੱਤਰ ਜੰਗੀਰ ਸਿੰਘ 27) ਪਰਵੀਨ ਕੌਰ ਪਤਨੀ ਜਗਸੀਰ ਸਿੰਘ ਪੁੱਤਰ ਨਿਰਮਲ ਸਿੰਘ (28) ਜਰਨੈਲ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਭੋਲਾ ਸਿੰਘ (29) ਗੁਰਚੇਤਨ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਗਿਆਨ ਸਿੰਘ (30) ਹਰਚੈਨ ਸਿੰਘ ਪੁੱਤਰ (31) ਸਵਰਨ ਕੌਰ (32) ਚਰਨ ਕੌਰ ਪੁੱਤਰੀਆਨ ਗਿਆਨ ਸਿੰਘ ਪੁੱਤਰ ਭੋਲਾ ਸਿੰਘ (33) ਪਰਮਜੀਤ ਕੌਰ ਪੁੱਤਰੀ (34) ਰਮਨਦੀਪ ਸਿੰਘ ਪੁੱਤਰ ਹਰਚੈਨ ਸਿੰਘ ਪੁੱਤਰ ਗਿਆਨ ਸਿੰਘ (35) ਸਵੰਤ ਸਿੰਘ ਪੁੱਤਰ ਗੋਪਾਲ ਸਿੰਘ ਪੁੱਤਰ ਧੰਨਾ ਸਿੰਘ (36) ਤਰਸੇਮਜੀਤ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਨਿਹਾਲ ਸਿੰਘ (37) ਜੀਤ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਮੁਨਸ਼ਾ ਸਿੰਘ (38) ਹਰਦੀਪ ਸਿੰਘ (39) ਗੁਰਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਜੰਗੀਰ ਸਿੰਘ (40) ਸਿਕੰਦਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਗੋਪਾਲ ਸਿੰਘ ਸਾਰੇ ਵਾਸੀਆਨ ਪਿੰਡ ਗਾਜੀਆਣਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਸਹੀ/-ਸਹਾਇਕ ਕੁਲੈਕਟਰ ਦਰਜਾ-1, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

## ਪਬਲਿਕ ਨੋਟਿਸ

ਆਮ ਜਨਤਾ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ ਕਿ ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਬੂਆ ਦਿੱਤਾ ਮੱਲ ਵਾਸੀ ਮਕਾਨ ਨੰ: ਬੀ 9/285, ਮੁਹੱਲਾ ਰਾਮਪੁਰਾ, ਪਠਾਨਕੋਟ ਨੇ ਦਰਖਾਸਤ ਦਿੱਤੀ ਹੈ ਕਿ ਉਸ ਦੇ ਸਵਰਗੀ ਦਾਦਾ-ਚਾਚਾ ਰਲਾ ਰਾਮ ਪੁੱਤਰ ਸ੍ਰੀ ਭਗਤ ਰਾਮ ਦੇ ਨਾਂਅ 'ਤੇ ਪ੍ਰਾਪਰਟੀ ਨੰ: ਬ 9/419 ਮਕਾਨ ਰਕਬਾ 5 ਮਰਲੇ ਵਾਕਿਆ ਮੁਹੱਲਾ ਰਾਮਪੁਰਾ, ਪਠਾਨਕੋਟ ਨਗਰ ਨਿਗਮ, ਪਠਾਨਕੋਟ ਦੇ ਰਿਕਾਰਡ ਵਿੱਚ ਦਰਜ ਹੈ। ਉਸ ਦੇ ਸਵਰਗੀ ਦਾਦਾ-ਚਾਚਾ ਸ੍ਰੀ ਰਲਾ ਰਾਮ ਪੁੱਤਰ ਸ੍ਰੀ ਭਗਤ ਰਾਮ ਦੀ ਮੌਤ ਮਿਤੀ 25-4-1984 ਨੂੰ ਹੋ ਗਈ ਸੀ। ਉਸ ਦੇ ਦਾਦਾ ਚਾਚਾ ਜੀ ਬਚਪਨ ਤੋਂ ਹੀ ਅੰਧੇ ਸਨ ਤੇ ਉਹ ਅਣਵਿਆਹੁਤਾ ਸਨ ਅਤੇ ਨਾਲ ਹੀ ਉਕਤ ਪ੍ਰਾਪਰਟੀ ਵਿੱਚ ਇੱਕਠੇ ਹੀ ਰਹਿੰਦੇ ਸਨ। ਉਹ (ਖੁਦ) ਹੀ ਉਹਨਾਂ ਦੀ ਦੇਖਭਾਲ ਕਰਦਾ ਸੀ ਅਤੇ ਉਸ ਵੱਲੋਂ ਹੀ ਆਪਣੇ ਦਾਦੇ-ਚਾਚਾ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਅਤੇ ਸਾਰੀਆਂ ਅੰਤਿਮ ਰਸਮਾਂ ਨਿਭਾਈਆਂ ਗਈਆਂ ਸਨ। ਉਸ ਦੇ ਦਾਦਾ-ਚਾਚਾ ਰਲਾ ਰਾਮ ਪੁੱਤਰ ਸ੍ਰੀ ਭਗਤ ਰਾਮ ਦੇ ਮਾਤਾ-ਪਿਤਾ ਅਤੇ ਰਲਾ ਰਾਮ ਦੇ ਭਰਾ ਹਵੇਲੀ ਰਾਮ, ਜੋ ਕਿ ਉਸ ਦੇ ਦਾਦਾ ਸਨ, ਉਨ੍ਹਾਂ ਦੀ ਕਾਫ਼ੀ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ, ਪਰ ਉਨ੍ਹਾਂ ਤਿੰਨਾਂ ਦੀ ਮੌਤ ਦਾ ਅੰਦਰਾਜ਼ ਦਫ਼ਤਰ ਨਗਰ ਨਿਗਮ, ਪਠਾਨਕੋਟ ਵਿਖੇ ਦਰਜ ਨਹੀਂ ਕਰਵਾਇਆ ਗਿਆ ਸੀ। (ਅਸ਼ੁਭਲਤਾ ਸਰਟੀਫਿਕੇਟ ਨਾਲ ਨੱਥੀ ਹੈ) ਉਸ ਦੇ ਸਵਰਗੀ ਪਿਤਾ ਸ੍ਰੀ ਬੂਆ ਦਿੱਤਾ ਮੱਲ ਪੁੱਤਰ ਸ੍ਰੀ ਹਵੇਲੀ ਰਾਮ ਦੀ ਮੌਤ ਮਿਤੀ 4-3-2010 ਨੂੰ ਅਤੇ ਮਾਤਾ ਸ੍ਰੀਮਤੀ ਸ਼ੀਲਾਵੰਤੀ ਦੀ ਮੌਤ ਮਿਤੀ 10-7-2005 [illegible] ਪ੍ਰਾਰਥੀ ਪਾਸੋਂ ਆਪਣੀ ਦਰਖਾਸਤ ਵਿੱਚ ਲਿਖਿਆ ਗਿਆ ਹੈ ਕਿ ਉਸ ਦੀ ਮਾਤਾ ਸ਼ੀਲਾਵੰਤੀ ਦੀ ਮੌਤ ਮਿਤੀ 10-7-2005 ਨੂੰ ਹੋ ਚੁੱਕੀ ਹੈ ਪਰ ਉਨ੍ਹਾਂ ਦੀ ਮੌਤ ਦਾ ਅੰਦਰਾਜ਼ ਦਫ਼ਤਰ ਨਗਰ ਨਿਗਮ, ਪਠਾਨਕੋਟ ਵਿਖੇ ਦਰਜ ਕਰਵਾਇਆ ਸੀ। (ਅਸ਼ੁਭਲਤਾ ਸਰਟੀਫਿਕੇਟ ਨਾਲ ਨੱਥੀ ਹੈ)। ਪਰ ਪ੍ਰਾਰਥੀ ਪਾਸੋਂ ਸ੍ਰੀਮਤੀ ਸ਼ੀਲਾਵੰਤੀ ਦਾ ਮੌਤ ਦਾ ਸਰਟੀਫਿਕੇਟ ਬਾਅਦ ਵਿੱਚ ਪੇਸ਼ ਕਰ ਦਿੱਤਾ ਗਿਆ ਸੀ। (ਮੌਤ ਦੇ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਹੈ)। ਨਗਰ ਨਿਗਮ ਦੇ ਰਿਕਾਰਡ ਵਿੱਚ ਉਕਤ ਪ੍ਰਾਪਰਟੀ ਬ-9/419 ਮਕਾਨ 5 ਮਰਲੇ ਵਾਕਿਆ ਮੁਹੱਲਾ ਰਾਮਪੁਰਾ, ਸ੍ਰੀ ਰਲਾ ਰਾਮ ਪੁੱਤਰ ਭਗਤ ਰਾਮ ਦੇ ਨਾਂਅ 'ਤੇ ਹੈ। ਹਲਫੀਆ ਬਿਆਨ ਮੁਤਾਬਿਕ ਉਕਤ ਪ੍ਰਾਪਰਟੀ ਦੇ ਅੰਦਰਾਜ਼ ਤਬਦੀਲੀ ਸੰਬੰਧੀ ਜੇਕਰ ਕਿਸੇ ਨੂੰ ਕਿਸੇ ਕਿਸਮ ਦਾ ਇਤਰਾਜ਼ ਹੋਵੇ ਤਾਂ ਇਸ ਨੋਟਿਸ ਦੇ ਅਖ਼ਬਾਰ ਵਿੱਚ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਲਿਖਤੀ ਇਤਰਾਜ਼ ਦਫਤਰ ਨਗਰ ਨਿਗਮ, ਪਠਾਨਕੋਟ ਵਿੱਚ ਪੇਸ਼ ਕਰੇ। ਮਿਥੇ ਸਮੇਂ ਤੋਂ ਬਾਅਦ ਵਿੱਚ ਆਏ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ। ਸਮਾਂ ਬੀਤ ਜਾਣ ਤੋਂ ਬਾਅਦ ਉਪਰੋਕਤ ਪ੍ਰਾਪਰਟੀ ਬ 9/419 ਮਕਾਨ 5 ਮਰਲੇ ਵਾਕਿਆ ਮੁਹੱਲਾ ਰਾਮਪੁਰਾ, ਪਠਾਨਕੋਟ ਦਾ ਅੰਦਰਾਜ਼ ਹਲਫੀਆ ਬਿਆਨ ਮੁਤਾਬਕ ਕੇਵਲ ਟੈਕਸ ਮੰਤਵ ਲਈ ਸ੍ਰੀ ਰਲਾ ਰਾਮ ਪੁੱਤਰ ਭਗਤ ਰਾਮ ਦੇ ਨਾਂਅ ਤੋਂ ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਬੂਆ ਦਿੱਤਾ ਮੱਲ ਦੇ ਨਾਂਅ 'ਤੇ ਤਬਦੀਲ ਕਰ ਦਿੱਤਾ ਜਾਵੇਗਾ।

ਨੰ: 121 ਮਿਤੀ : 11.08.25 — ਸਹੀ/- ਸੁਪਰਡੈਂਟ, ਨਗਰ ਨਿਗਮ, ਪਠਾਨਕੋਟ

# ਕਲਾਸੀਫਾਈਡ ਇਸ਼ਤਿਹਾਰ

## Change of Name

I, Neesha w/o Balvir ram VPO Lakhanpal, Tehsil Phillaur district Jalandhar have changed my name Neesha to Nisha Kumari. All Concerned please note.

I, Neesha w/o Balvir ram VPO Lakhanpal, Tehsil Phillaur district Jalandhar have changed my name Neesha to Nisha Kumari. All Concerned please note.

I, Pinki Alias Kiran Bala D/O Sohan Lal W/O Surinder Kumar R/o House No 48, Village Jagral Post Office Jamsher District Jalandhar-144020 (Punjab) have changed my as Deepa Rani. I further declare that Pinki, Kiran Bala and Deepa Rani is one and the same person. All concerned please note.

I, Sandeep Kumar S/o Krishan Dev R/o H.No. 171, Block No - A, DC Road Extension, Near Aman Hospital, Distt. Hoshiarpur 146001 Punjab have changed my name from Sandeep Kumar to Sandeep Singh. Concerned note.

I, Manpreet Kaur W/o Mehtab Singh R/o Village Bhoe, P.O Mattewal, Tehsil Baba Bakala, Distt. Amritsar, Punjab have changed my name from Manpreet Kaur to Kaur is my surname and Manpreet is my given name.

I, Deepak S/o Pawan Kumar R/o H.No. 2062, Gali Kharas Wali, Mahan Singh Gate, Amritsar, Punjab have changed my name from Deepak to Deepak Kumar.

I, hitherto known as Govinda S/o Tarsem R/o Vill. Kohar Kalan, Po. Lassuri, Tehsil Shahkot, Jalandhar, Punjab-144702 have changed my name and shall hereafter be known as Govinda Singh.

I, Sunita Rani w/o Satnam Jassal r/o VPO.Madhopur, distt.kapurthala have changed my name to given name as Sunita & surname as Rani. All Concerned Please Note.

I, Pawan Kumar s/o Subash Chander r/o H.No. 49/D, Akash Colony, Near Metro Hospital, Hoshiarpur Road, Jalandhar have changed my name to Pawan Bajaj. All Concerned Please Note.

I, Aayoushee Singh Alias Raginee d/o Joginder Singh r/o H.No.B/22, College Road Municipal Colony, Pathankot have changed my name from Aayoushee Singh Alias Raginee to Aayoushee Singh. Aayoushee is my given name and Singh is my Surname. All Concerned Please Note.

I, Palvinder Kaur Alias Kulwinder Kaur Wife of Dalvir Singh, Resident of Village Ghug, Post Office Sudana, District Jalandhar, Punjab have changed my name from Palvinder Kaur Alias Kulwinder Kaur to Palvinder Kaur. Please note all concerned.

I Shinder Kaur W/O Amarjit Singh Iqwan, Resident of Rajewal, P.O. Talwandi Buttian, Tehsil Shahkot, District Jalandhar, Punjab-144702 have changed my name to Shinder Kaur Iqwan. Note please.

I, Chetan S/O Amrit Lal R/o Mohalla Kanugo, Hariana, Hosharpur, Punjab- 144208, have changed my name and shall hereafter be Known as Chetan Kakria. (R)

I hitherto known as RAJWANT SINGH S/O AVTAR SINGH, Residing at 71, Ramneek Avenue, PO Reru, Jalandhar, Punjab 144012, have changed my name and shall hereafter be known as RAJWANT SINGH ARORA.

## Change of Name

I, Lucky Sharma W/o Narendra Kumar Basediya R/o Flat No. S-1106, Jalandhar Heights-1, 66 Feet Road, Jalandhar. Punjab, India, have changed my name after marriage from Lucky Sharma to LUCKY BESEDIYA. All concerned please note.

I, Harpreet Singh S/O Surinder Singh R/O Moh. Pattua Chownk Rahon, Distt. S.B.S Nagar - 144517, Punjab have changed my name from Harpreet Singh to (Harpreet As Given name and Singh as Surname). All concerned please note.

I, Dilbag Singh S/o Karam Singh R/o PO Khan Kot, Block Jandiala Guru, VTC Mehoka, Distt. Amritsar, Punjab-143501 have changed my name from Dilbag Singh to Gulab Singh.

I hitherto known as SONIA W/O HARPREET SINGH, Residing at H no C-17, New Ganesh Nagar, PO Dakoha, Jalandhar, Punjab - 144023, have changed my name and shall hereafter be known as SANDEEP KAUR.

I, Baljit Kaur Randhawa W/O Rasal Singh Randhawa, R/o Ward No 10 House No 760-A Dutt Road Near Dhaliwal Hospital Moga, Punjab-142001. have changed my name and shall hereafter be Known as Baljit Kaur.

I, Pardeep Kumar S/O Ram Dass Mittal R/O E-104 Hamilton Grande Nakodar Road Near Wadala Chowk Jalandhar Have Changed My Name From Pardeep Kumar To Pardeep Kumar Mittal. All Concerned Please Note.

## ਆਮ ਸੂਚਨਾ

ਮੈਂ, ਰਜਵੰਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਖੰਡਾ ਖੋਲਾ ਮੁੱਹਲਾ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੈਂ ਇੱਕ ਔਰਤ ਹਾਂ ਮੈਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਸੀ। ਮੇਰੇ ਪੇਕਿਆਂ ਘਰ ਦਾ ਨਾਮ ਰਾਜ ਰਾਣੀ ਹੈ ਅਤੇ ਮੇਰੇ ਸਹੁਰੇ ਘਰ ਦਾ ਨਾਮ ਰਜਵੰਤ ਕੌਰ ਹੈ। ਭਵਿੱਖ ਵਿੱਚ ਦੋਵਾਂ ਨਾਵਾ ਦੀ ਕਿਸੇ ਵੀ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਆ ਜਾਂਦੀ ਹੈ ਤਾਂ ਮੈਂ ਉਸ ਸਬੰਧੀ ਮੈਂ ਖੁਦ ਜ਼ਿੰਮੇਵਾਰ ਹੋਵਾਗੀ। ਸਬੰਧਿਤ ਨੋਟ ਕਰਨ।

ਮੈਂ, ਜਸਬੀਰ ਸਿੰਘ ਪੁੱਤਰ ਸ. ਬਲਬੀਰ ਸਿੰਘ ਵਾਸੀ ਪਿੰਡ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਾ ਵਸਨੀਕ ਹਾਂ। ਮੇਰੇ ਨਾਂਅ 'ਤੇ ਚੱਲ ਰਹੇ ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ/18-957 ਐੱਚ ਦਾ 17.5 ਐੱਚ ਪੀ ਨੂੰ ਕੰਵਰਦੀਪ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਦੇ ਨਾਂਅ ਟਰਾਂਸਫਰ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪੀ. ਐੱਸ ਪੀ ਸੀ ਐੱਲ ਦਫ਼ਤਰ ਚੜਿੱਕ ਮੋਗਾ ਨੂੰ ਸੂਚਿਤ ਕਰੇ।

ਮੈਂ, ਸਤਿਨਾਮ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਕੜਾਹੇਵਾਲਾ, ਤਹਿ. ਧਰਮਕੋਟ, ਜ਼ਿਲਾ ਮੋਗਾ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਪਤਨੀ ਨਰਿੰਦਰ ਪਾਲ ਕੌਰ ਅਤੇ ਆਪਣੇ ਰਿਸ਼ਤੇਦਾਰ ਰਿੰਪਲਜੀਤ ਕੌਰ ਪਤਨੀ ਅਮਨਦੀਪ ਸਿੰਘ ਵਾਸੀ ਲੋਹਗੜ੍ਹ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਜ਼ਮੀਨ ਰਕਬਾ ਦਾਤੇਵਾਲਾ ਸਮੇਤ ਮੋਟਰ ਕੁਨੈਕਸ਼ਨ ਖਾਤਾ ਨੰ: AP08/628 ਅਤੇ AP08/912 ਖਰੀਦ ਕੀਤੀ ਹੈ। ਮੋਟਰ ਕੁਨੈਕਸ਼ਨ ਨੰ: AP08/628 ਹੁਣ ਮੇਰੀ ਪਤਨੀ ਨਰਿੰਦਰ ਪਾਲ ਕੌਰ ਨੇ ਆਪਣੇ ਨਾਂਅ ਪਰ ਟਰਾਂਸਫਰ ਕਰਵਾਉਣਾ ਹੈ ਅਤੇ ਉਕਤ ਦੂਜਾ ਮੋਟਰ ਕੁਨੈਕਸ਼ਨ ਨੰ: AP08/912 ਹੁਣ ਮੇਰੀ ਰਿਸ਼ਤੇਦਾਰ ਰਿੰਪਲਜੀਤ ਕੌਰ ਪਤਨੀ ਅਮਨਦੀਪ ਸਿੰਘ ਵਾਸੀ ਲੋਹਗੜ੍ਹ, ਜ਼ਿਲ੍ਹਾ ਮੋਗਾ ਨੇ ਆਪਣੇ ਨਾਂਅ ਪਰ ਟਰਾਂਸਫਰ ਕਰਵਾਉਣਾ ਹੈ।ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਬਿਜਲੀ ਬੋਰਡ ਕੋਟ ਈਸੇ ਖਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਵਿਖੇ ਸੰਪਰਕ ਕਰ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ, ਰਣਜੀਤ ਸਿੰਘ ਪੁੱਤਰ ਬੁੱਧ ਸਿੰਘ ਵਾਸੀ ਪਿੰਡ ਧੱਤਲ, ਡਾਕਖਾਨਾ ਖਾਪੜ ਖੇੜੀ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਦੋਨਾਂ ਲੜਕਿਆਂ ਕਰਨਦੀਪ ਸਿੰਘ ਅਤੇ ਅਕਾਸ਼ਦੀਪ ਸਿੰਘ ਜੋ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਆਪਣੀ ਚੱਲ ਅਚੱਲ, ਚੁੱਕਵੀਂ ਅਣਚੁੱਕਵੀਂ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫੇ ਨੁਕਸਾਨ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀਂ ਹੋਵੇਗਾ। ਮੇਰਾ ਕਰਨਦੀਪ ਸਿੰਘ ਅਤੇ ਅਕਾਸ਼ਦੀਪ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ, ਚਰਨਜੀਤ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਪਿੰਡ ਗੱਗੋਮਾਹਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਅਨਮੋਲਜੀਤ ਸਿੰਘ ਅਤੇ ਉਸ ਦੀ ਪਤਨੀ ਦਿਲਰੋਜ਼ ਕੌਰ ਅਤੇ ਸਹਿਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈ ਰੋਹਿਤ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਵਾਰਡ ਨੰਬਰ 5 ਭਿੱਖੀਵਿੰਡ ਤਹਿਸੀਲ ਭਿੱਖੀਵਿੰਡ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੇਰੀ ਪਤਨੀ ਮਹਿਕ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਪਤਨੀ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ ਜਗਤਾਰ ਸਿੰਘ ਪੁੱਤਰ ਮੱਖਣ ਸਿੰਘ, ਪਿੰਡ ਧਾਰੀਵਾਲ ਕਲਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਨੇ ਆਪਣੇ ਲੜਕੇ ਸਤਨਾਮ ਸਿੰਘ ਤੇ ਉਸਦੀ ਪਤਨੀ ਪ੍ਰਭਜੋਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਹ ਦੋਵੇਂ ਆਪਣੇ ਮਾੜੇ/ਚੰਗੇ ਕੰਮ ਅਤੇ ਲੈਣ/ਦੇਣ ਦਾ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬਧ ਨਹੀਂ।

ਮੈ ਪੂਜਾ ਰਾਣੀ ਪੁੱਤਰੀ ਸ਼ਾਮ ਲਾਲ ਵਾਸੀ ਵਾਰਡ ਨੰਬਰ 5 ਭਿੱਖੀਵਿੰਡ ਤਹਿਸੀਲ ਭਿੱਖੀਵਿੰਡ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ। ਮੇਰਾ ਭਰਾ ਰੋਹਿਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ।ਮੈਂ ਆਪਣੇ ਭਰਾ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਅਸੀਂ ਬਲਵਿੰਦਰ ਸਿੰਘ ਪੁੱਤਰ ਪਰਗਟ ਸਿੰਘ ਅਤੇ ਸੁਰਿੰਦਰ ਕੌਰ ਪਤਨੀ ਬਲਵਿੰਦਰ ਸਿੰਘ, ਵਾਸੀਆਨ ਪਿੰਡ ਨੰਗਲ ਖੂੰਗਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮਨਜੋਤ ਸਿੰਘ ਅਤੇ ਉਸਦੀ ਪਤਨੀ ਕਰਨਵੀਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸਬੰਧਿਤ ਨੋਟ ਕਰਨ।

ਅਸੀਂ ਮੁਖਤਾਰ ਸਿੰਘ ਪੁੱਤਰ ਅਜੀਤ ਸਿੰਘ ਅਤੇ ਕੁਲਦੀਪ ਕੌਰ ਪਤਨੀ ਮੁਖਤਾਰ ਸਿੰਘ, ਵਾਸੀਆਨ ਪਿੰਡ ਸਠਿਆਲਾ, ਤਹਿਸੀਲ ਬਾਬਾ ਬਕਾਲਾ ਸਾਹਿਬ , ਜ਼ਿਲਾ ਅੰਮ੍ਰਿਤਸਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗਗਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ । ਇਸ ਲਈ ਅਸੀਂ ਉਸ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸਬੰਧਿਤ ਨੋਟ ਕਰਨ।

ਮੈਂ, ਗੁਰਨਾਮ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਪਿੰਡ ਪੱਤੀ ਸਬਾਜਪੁਰ, ਹਰਸ਼ਾ ਛੀਨਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਕ ਅਤੇ ਅਚੱਕ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਵੰਤ ਕੌਰ ਪਤਨੀ ਲੇਟ ਜਸਬੀਰ ਸਿੰਘ ਪੁੱਤਰ ਊਧਮ ਸਿੰਘ ਵਾਸੀ ਪਿੰਡ ਸੰਗੋਵਾਲ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਜਸਬੀਰ ਸਿੰਘ ਨੇ ਸਾਡੇ ਲੜਕੇ ਰਾਜਬੀਰ ਸਿੰਘ ਨੂੰ ਸਾਲ 2015 ਵਿਚ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ। ਮੈਂ ਹੁਣ ਆਪਣੇ ਲੜਕੇ ਰਾਜਬੀਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਉਰਮਿਲਾ ਦੇਵੀ ਪਤਨੀ ਕ੍ਰਾਂਤੀ ਪ੍ਰਸ਼ਾਦ ਵਾਸੀ ਪਿੰਡ ਘੁਰਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143532, ਮੇਰਾ ਪੁੱਤਰ ਮਨਦੀਪ ਅਤੇ ਉਸ ਦੀ ਪਤਨੀ ਪਾਰੁਲ , ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਹੀਰਾ ਲਾਲ ਪੁੱਤਰ ਲੇਟ ਦੇਸ ਰਾਜ ਵਾਸੀ ਪਿੰਡ ਕੋਟ ਭੱਲਾ, ਡਾਕਖਾਨਾ ਤਾਲਿਬਪੁਰ ਪੰਡੋਰੀ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਮੇਰਾ ਲੜਕਾ ਰੋਹਿਤ ਕੁਮਾਰ ਅਤੇ ਉਸ ਦੀ ਪਤਨੀ ਪੂਜਾ ਦੇਵੀ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਉਮਪ੍ਰਕਾਸ਼ ਸਿੰਘ ਪੁੱਤਰ ਸ੍ਰੀ ਬਚਨ ਸਿੰਘ ਵਾਸੀ ਪਿੰਡ ਸੱਖੋਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਹੋਏ ਹਰੇਕ ਚੰਗੇ ਮਾੜੇ ਕੰਮ, ਲੈਣ ਦੇਣ ਅਤੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਨਰਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਮਕਾਨ ਨੰਬਰ 87, ਗਲੀ ਨੰਬਰ 1, ਮੰਦਿਰ ਵਾਲੀ ਗਲੀ, ਪਾਰਸ ਇਸਟੇਟ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਭਜੋਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਉਮ ਪ੍ਰਕਾਸ਼ ਪੁੱਤਰ ਚਮਨ ਲਾਲ ਵਾਸੀ ਪਿੰਡ ਭੱਧਰਾਲੀ, ਡਾਕਖਾਨਾ ਫਿਰੋਜ਼ਪੁਰ ਕਲਾਂ, ਤਹਿਸੀਲ/ਜ਼ਿਲ੍ਹਾ ਪਠਾਨਕੋਟ। ਮੇਰਾ ਪੁੱਤਰ ਸੁਰਿੰਦਰ ਕੁਮਾਰ ਅਤੇ ਉਸ ਦੀ ਪਤਨੀ ਰੇਨੂੰ ਬਾਲਾ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ ਤਰਿਸ਼ਨਾ ਕੁਮਾਰੀ ਪਤਨੀ ਸ੍ਰੀ ਸ਼ਾਮ ਸਿੰਘ ਪਿੰਡ ਸਹਿਗਾ ਤਹਿ ਦਸੂਆ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਨੇ ਆਪਣਾ ਨਾਮ ਤਰਿਸ਼ਨਾ ਕੁਮਾਰੀ ਤੋਂ ਬਦਲ ਕੇ ਸੀਮਾ ਦੇਵੀ ਰੱਖ ਲਿਆ ਹੈ

ਮੈਂ ਅਵਤਾਰ ਕੁਮਾਰੀ ਪਤਨੀ ਸ੍ਰੀ ਸਵਰਨ ਸਿੰਘ ਪਿੰਡ ਮਕਾਨ ਨੰਬਰ 313 ਪ੍ਰੇਮ ਗਲੀ ਨੇੜੇ ਬਾਬਾ ਲੱਖ ਦਾਤਾ ਸਮਾਧ ਵਾਰਡ ਨੰਬਰ 5, ਉੜਮੁੜ ਤਹਿ. ਦਸੂਆ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਨੇ ਆਪਣਾ ਨਾਮ ਅਵਤਾਰ ਕੁਮਾਰੀ ਤੋਂ ਬਦਲ ਕੇ ਆਸ਼ਾ ਰਾਣੀ ਰੱਖ ਲਿਆ ਹੈ

ਮੈਂ ਕਰਿਸ਼ਨਾ ਕੁਮਾਰੀ ਪਤਨੀ ਸ੍ਰੀ ਹਰਮੇਸ਼ ਸਿੰਘ ਪਿੰਡ ਮਕਾਨ ਨੰਬਰ ਸੀ -289, ਸੀ -ਬਲੌਕ, ਗਾਂਧੀ ਵਿਹਾਰ, ਜਿਲ੍ਹਾ ਨੋਰਥ ਵੈਸਟ ਦਿੱਲੀ -110009 ਨੇ ਆਪਣਾ ਨਾਮ ਕਰਿਸ਼ਨਾ ਕੁਮਾਰੀ ਤੋਂ ਬਦਲ ਕੇ ਸੁਸ਼ਮਾ ਰੱਖ ਲਿਆ ਹੈ।

ਮੈਂ ਰਾਜ ਕੁਮਾਰ ਪੁੱਤਰ ਕਸਤੂਰੀ ਲਾਲ ਨਿਵਾਸੀ ਮੁਹੱਲਾ ਗੁਰ ਨਾਨਕ ਪੁਰਾ, ਕਾਦੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਬੇਟੀ ਦਾ ਪਹਿਲਾ ਨਾਮ ਤਨਵੀ ਹੈ, ਹੁਣ ਮੈਂ ਆਪਣੀ ਬੇਟੀ ਦਾ ਨਾਮ ਬਦਲ ਕੇ ਤਨਵੀ ਭਨੋਟ ਰੱਖ ਦਿੱਤਾ ਹੈ। ਸੰਬੰਧਤ ਨੋਟ ਕਰਨ।

ਮੈ ਵਿਜੇ ਪੁੱਤਰ ਛੱਜੂ ਮੁਖੀਆ ਵਾਸੀ ਪਿੰਡ ਤੇ ਡਾਕਖਾਨਾ ਬੋਲੀਨਾ ਦੋਆਬਾ, ਜ਼ਿਲ੍ਹਾ ਜਲੰਧਰ-144101, ਪੰਜਾਬ ਨੇ ਆਪਣਾ ਨਾਮ ਵਿਜੇ ਤੋਂ ਬਦਲ ਕੇ ਵਿਜ਼ਲ ਮੁਖੀਆ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ

ਮੈਂ ਅੰਜਲੀ ਪਤਨੀ ਵਿਜ਼ਲ ਮੁਖੀਆ ਵਾਸੀ ਪਿੰਡ ਤੇ ਡਾਕਖਾਨਾ ਬੋਲੀਨਾ ਦੋਆਬਾ, ਜ਼ਿਲ੍ਹਾ ਜਲੰਧਰ-144101, ਪੰਜਾਬ ਨੇ ਆਪਣਾ ਨਾਮ ਅੰਜਲੀ ਤੋਂ ਬਦਲ ਕੇ ਅੰਜਲੀ ਦੇਵੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਅੰਜਲੀ ਪਤਨੀ ਵਿਜ਼ਲ ਮੁਖੀਆ ਵਾਸੀ ਪਿੰਡ ਤੇ ਡਾਕਖਾਨਾ ਬੋਲੀਨਾ ਦੋਆਬਾ, ਜ਼ਿਲ੍ਹਾ ਜਲੰਧਰ-144101, ਪੰਜਾਬ ਨੇ ਆਪਣੀ ਨਾਬਾਲਕ ਬੇਟੀ ਦਾ ਨਾਮ ਨੀਲਮ ਤੋਂ ਬਦਲ ਕੇ ਨੀਲਮ ਕੁਮਾਰੀ ਰੱਖ ਦਿੱਤਾ ਹੈ। ਸੰਬੰਧਤ ਨੋਟ ਕਰਨ।

ਮੈਂ ਅੰਜਲੀ ਪਤਨੀ ਵਿਜ਼ਲ ਮੁਖੀਆ ਵਾਸੀ ਪਿੰਡ ਤੇ ਡਾਕਖਾਨਾ ਬੋਲੀਨਾ ਦੋਆਬਾ, ਜ਼ਿਲ੍ਹਾ ਜਲੰਧਰ-144101, ਪੰਜਾਬ ਨੇ ਆਪਣੀ ਨਾਬਾਲਕ ਬੇਟੀ ਦਾ ਨਾਮ ਸੁਗੰਧਾ ਤੋਂ ਬਦਲ ਕੇ ਸੁਗੰਧਾ ਕੁਮਾਰੀ ਰੱਖ ਦਿੱਤਾ ਹੈ। ਸੰਬੰਧਤ ਨੋਟ ਕਰਨ।

## PUBLIC NOTICE

I, Rahul Gogna S/o Rajinder Kumar Gogna R/o House No. 14-D, Model House, Jalandhar-144003, Punjab declare that I am holder of Indian Passport No. N8414155 issued at Jalandhar on 31-03-2016 valid upto 30-03-2026. That on 24-06-2025 I had lodged lost information report online in Saanjh Kender in respect of missing of my Passport vide Sr. No. 43985/2025 Punjab Police, but later on my above said passport was found out. That now my above said report may kindly be cancelled.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



## ਜੀਨਾ ਸੀਖੋ ਲਾਈਫਕੇਅਰ ਲਿਮਟਿਡ

Jeena Sikho LIFECARE

ਸੀ ਆਈ ਐੱਨ : ਐੱਲ 52601 ਪੀ ਬੀ 2017 ਪੀ ਐੱਲ ਸੀ046545
ਰਜਿ: ਦਫ਼ਤਰ :- ਐੱਸ ਸੀ ਓ 11 ਪਹਿਲੀ ਮੰਜ਼ਲ, ਕਲਗੀਧਰ ਇਨਕਲੇਵ, ਮੋਹਾਲੀ, ਜ਼ੀਰਕਪੁਰ, ਪੰਜਾਬ, ਇੰਡੀਆ, 140604
ਵੈੱਬਸਾਈਟ : www. jeenasikho.com/ । ਈ-ਮੇਲ ਆਈ ਡੀ : cs@jeenasikho.com ਸੰਪਰਕ : 91-0172-513185

30 ਜੂਨ 2025 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ

(ਰੁ. ਲੱਖਾਂ 'ਚ, ਹੋਰ ਤਰ੍ਹਾਂ ਦੱਸੇ ਤੋਂ ਇਲਾਵਾ)

| ਵੇਰਵੇ | ਸਟੈਂਡਲੋਨ ਵਿੱਤੀ ਨਤੀਜੇ | | | | ਏਕੀਕ੍ਰਿਤ ਵਿੱਤੀ ਨਤੀਜਾ |
|---|---|---|---|---|---|
| | ਤਿਮਾਹੀ ਖਤਮ | ਤਿਮਾਹੀ ਖਤਮ | ਤਿਮਾਹੀ ਖਤਮ | ਸਾਲ ਖਤਮ | ਤਿਮਾਹੀ ਖਤਮ |
| | 30.06.2025 (ਅਣ-ਪੜਤਾਲੇ) | 31.03.2025 (ਪੜਤਾਲੇ) | 30.06.2024 (ਅਣ-ਪੜਤਾਲੇ) | 31.03.2025 (ਪੜਤਾਲੇ) | 30.06.2025 (ਅਣ-ਪੜਤਾਲੇ) |
| ਕਾਰੋਬਾਰਾਂ ਤੋਂ ਕੁਲ ਵਿਆਪਕ ਆਮਦਨ (ਸ਼ੁੱਧ) | 17,535.44 | 13,951.14 | 10,267.76 | 47,563.27 | 17,535.44 |
| ਸ਼ੁੱਧ ਲਾਭ / (ਹਾਨੀ) ਮਿਆਦ ਲਈ (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ) | 6,855.03 | 3,688.28 | 2,107.09 | 11,308.10 | 6,850.98 |
| ਸ਼ੁੱਧ ਲਾਭ / (ਹਾਨੀ) ਟੈਕਸ ਤੋਂ ਪਹਿਲਾਂ ਮਿਆਦ ਲਈ (ਖਾਸ ਅਤੇ ਤੋਂ ਮਗਰੋਂ /ਜਾਂ ਅਸਾਧਾਰਨ ਆਇਟਮਾਂ) | 6,855.03 | 3,688.28 | 2,107.09 | 11,308.10 | 6,850.98 |
| ਸ਼ੁੱਧ ਲਾਭ / (ਹਾਨੀ) ਟੈਕਸ ਤੋਂ ਬਾਅਦ ਮਿਆਦ ਲਈ (ਖਾਸ ਅਤੇ ਜਾਂ ਅਸਧਾਰਨ ਆਇਟਮਾਂ ਤੋਂ ਮਗਰੋਂ) | 5,131.14 | 2,735.04 | 1,614.11 | 8,449.04 | 5,127.14 |
| ਮਿਆਦ ਲਈ ਕੁੱਲ ਵਿਆਪਕ ਆਮਦਨ ਮਿਆਦ ਲਈ (ਟੈਕਸ ਤੋਂ ਬਾਅਦ ਹੋਰ ਵਿਆਪਕ ਆਮਦਨ ਅਤੇ ਟੈਕਸ ਤੋਂ ਬਾਅਦ ਮਿਆਦ ਲਈ ਲਾਭ ਸ਼ਾਮਲ) | 5,175.30 | 2,796.41 | 1,593.07 | 8,447.29 | 5,171.30 |
| ਇਕੁਇਟੀ ਸ਼ੇਅਰ ਕੈਪੀਟਲ | 2,486.01 | 2,486.01 | 2,486.01 | 2,486.01 | 2,486.01 |
| ਹੋਰ ਇਕੁਇਟੀ | 0.00 | 0.00 | 0.00 | 0.00 | 0.00 |
| ਕਮਾਈ ਪ੍ਰਤੀ ਸ਼ੇਅਰ (ਸਾਲਾਨਾ ਨਹੀਂ) (10/- ਹਰੇਕ ਫੇਸ ਵੈਲੀਊ ਲਈ) ਬੇਸਿਕ : | 4.13 | 2.20 | 1.30 | 6.80 | 4.13 |
| ਡਿਲਿਊਟਿਡ : | 4.12 | 2.20 | 1.30 | 6.79 | 4.12 |

ਟਿੱਪਣੀ :-
1. ਉਪਰੋਕਤ ਸਾਰ ਸੇਬੀ (ਐੱਲ ਓ ਡੀ ਆਰ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 33 ਅਧੀਨ ਐੱਨ ਐੱਸ ਈ ਕੋਲ ਦਾਖਲ ਵਿੱਤੀ ਨਤੀਜੇ ਦੇ ਵੇਰਵੇ ਦਾ ਸਾਰ ਹੈ। ਟਿੱਪਣੀਆਂ ਸਮੇਤ ਮੁਕੰਮਲ ਵਿੱਤੀ ਨਤੀਜਾ ਕੰਪਨੀ ਦੀ ਵੈੱਬਸਾਈਟ www.jeenasikho.com ਐੱਨ ਐੱਸ ਈ ਵੈੱਬਸਾਈਟ www.nseindia.in ਅਤੇ ਬੀ ਐੱਸ ਈ ਵੈੱਬਸਾਈਟ www.bseindia.com 'ਤੇ ਉਪਲੱਬਧ ਹੈ।
2. ਵਿੱਤੀ ਨਤੀਜਾ ਕੰਪਨੀਜ਼ (ਇੰਡੀਅਨ ਅਕਾਊਂਟਿੰਗ ਸਟੈਂਡਰਡਜ਼) ਰੂਲਜ਼, 2015 ਦੇ ਅਨੁਸਾਰ ਕੰਪਨੀਜ਼ ਐਕਟ, 2013 ਦੇ ਸੈਕਸ਼ਨ 133 ਅਧੀਨ ਤਿਆਰ ਕੀਤਾ ਗਿਆ ਹੈ। ਪਿਛਲੀ ਮਿਆਦ ਵਾਸਤੇ ਅੰਕੜੇ ਇੰਡ ਏ ਐੱਸ ਦੀਆਂ ਜ਼ਰੂਰਤਾਂ ਅਨੁਸਾਰ ਜਿੱਥੇ ਲੋੜੀਂਦੇ ਹਨ ਰੀਸਟੇਟਿਡ, ਰੀਗਰੁੱਪਡ ਕੀਤੇ ਗਏ ਹਨ। ਹੇਠਾਂ ਦਿੱਤੇ ਗਏ ਕਿਊਆਰ ਕੋਡ ਨੂੰ ਸਕੈਨ ਕਰ ਕੇ ਉਸ ਤੱਕ ਪਹੁੰਚ ਕੀਤੀ ਜਾ ਸਕਦੀ ਹੈ।

ਸਥਾਨ : ਜ਼ੀਰਕਪੁਰ, ਪੰਜਾਬ
ਮਿਤੀ : 14.08.2025

ਡਾਇਰੈਕਟਰਾਂ ਦੇ ਬੋਰਡ ਦੇ ਹੁਕਮ ਰਾਹੀਂ
ਵਾਸਤੇ, ਜੀਨਾ ਸੀਖੋ ਲਾਈਫਕੇਅਰ ਲਿਮਟਿਡ
ਸਹੀ/-


## ਸੁਤੰਤਰਤਾ ਦਿਵਸ ਸਰਕਾਰੀ ਕਾਲਜ 'ਚ ਮਨਾਇਆ ਜਾਵੇਗਾ

ਸ਼ਾਹਕੋਟ (ਗਿਆਨ ਸੈਦਪੁਰੀ)- ਮੌਸਮ ਦੇ ਬਦਲੇ ਮਿਜ਼ਾਜ ਕਾਰਨ ਸ਼ਾਹਕੋਟ ਵਿੱਚ ਮਨਾਏ ਜਾ ਰਹੇ ਸੁਤੰਤਰਤਾ ਦਿਵਸ ਦਾ ਸਥਾਨ ਬਦਲ ਦਿੱਤਾ ਗਿਆ ਹੈ। ਪਹਿਲੇ ਪ੍ਰੋਗਰਾਮ ਅਨੁਸਾਰ ਇਹ ਸਮਾਗਮ ਤਹਿਸੀਲ ਕੰਪਲੈਕਸ ਸ਼ਾਹਕੋਟ ਵਿੱਚ ਕਰਵਾਇਆ ਜਾਣਾ ਸੀ। 15 ਅਗਸਤ ਨੂੰ ਵੀ ਮੀਂਹ ਪੈਣ ਦੀ ਸੰਭਾਵਨਾ ਦੇ ਮੱਦੇਨਜ਼ਰ ਹੁਣ ਸੁਤੰਤਰਤਾ ਦਿਵਸ ਸਰਕਾਰੀ ਕਾਲਜ ਸ਼ਾਹਕੋਟ ਵਿੱਚ ਮਨਾਇਆ ਜਾਵੇਗਾ। ਕੌਮੀ ਝੰਡਾ ਲਹਿਰਾਉਣ ਦੀ ਰਸਮ ਸ੍ਰੀਮਤੀ ਸ਼ੁਭੀ ਆਂਗਰਾ ਐਸ ਡੀ ਐਮ ਸ਼ਾਹਕੋਟ ਨਿਭਾਉਣਗੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਪ੍ਰਦਰਸ਼ਨ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਸਬ ਡਵੀਜ਼ਨ ਕੰਪਲੈਕਸ ਵਿਖੇ ਭਾਰਤ ਅਮਰੀਕਾ ਮੁਫਤ ਵਪਾਰ ਸਮਝੌਤਿਆਂ ਦੇ ਵਿਰੋਧ ਵਿੱਚ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਇਕੱਤਰ ਕਿਸਾਨ ਜਥੇਬੰਦੀਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕੁਲ ਹਿੰਦ ਕਿਸਾਨ ਸਭਾ 1936 ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਵਰਕਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ। ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਹਰਭਜਨ ਸਿੰਘ ਬੁੱਟਰ, ਕੁਲਵੰਤ ਸਿੰਘ ਮੌਲਵੀਵਾਲਾ, ਅਮਰੀਕ ਸਿੰਘ ਘੱਗਾ ਤੇ ਗੁਰਵਿੰਦਰ ਸਿੰਘ ਦੇਧਨਾ ਨੇ ਕਿਹਾ ਕਿ ਸਾਮਰਾਜੀ ਦੇਸ਼ ਅਮਰੀਕਾ ਦੀਆਂ ਲੋਕ ਮਾਰੂ ਗਲਤ ਆਰਥਿਕ ਨੀਤੀਆਂ ਨੂੰ ਕਰਕੇ ਦੁਨੀਆਂ ਭਰ ਵਿੱਚ ਮਹਿੰਗਾਈ ਲਗਾਤਾਰ ਵਧ ਰਹੀ ਹੈ। ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਅਮਰੀਕਾ ਦੀ ਪਿਛਲੱਗ ਬਣ ਕੇ ਕੰਮ ਕਰ ਰਹੀ ਹੈ, ਪਰ ਅਮਰੀਕਾ ਨੇ ਆਪਣੀ ਹੈਂਕੜਬਾਜ਼ੀ ਦਿਖਾਉਂਦਿਆਂ ਭਾਰਤ ਤੋਂ ਬਰਾਮਦ ਤੇ ਬਰਾਮਦ ਹੋਣ ਵਾਲੀਆਂ ਵਸਤਾਂ ਉੱਤੇ ਭਾਰੀ ਟੈਕਸ ਲਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਅਮਰੀਕਾ ਕਿਸੇ ਦਾ ਦੋਸਤ ਨਹੀਂ ਉਸਦਾ ਮਕਸਦ ਸਿਰਫ ਮੁਨਾਫਾ ਕਮਾਉਣਾ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਪਿਛਲੇ ਕਾਫੀ ਸਮੇਂ ਤੋਂ ਮੈਦਾਨ ਵਿੱਚ ਡਟਿਆ ਹੋਇਆ ਹੈ ਤੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਆਵਾਜ਼ ਬੁਲੰਦ ਕਰਦੀਆਂ ਰਹਿਣਗੀਆਂ।

## ਮੋਦੀ ਤੇ ਟਰੰਪ ਦੀਆਂ ਅਰਥੀਆਂ ਸਾੜੀਆਂ



ਬੁਢਲਾਡਾ (ਅਸ਼ੋਕ ਲਾਕੜਾ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਬੁਢਲਾਡਾ ਗੋਲ ਚੱਕਰ ਵਿੱਚ ਇਕੱਠੇ ਹੋ ਕੇ ਕੇਂਦਰ ਸਰਕਾਰ ਤੇ ਅਮਰੀਕਨ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਦੇ ਵਿਰੋਧ ਵਿੱਚ ਵੱਖ-ਵੱਖ ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਇਕੱਠੇ ਹੋ ਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਸਰਕਾਰ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਅਰਥੀਆਂ ਸਾੜੀਆਂ ਗਈਆਂ।ਸੰਯੁਕਤ ਕਿਸਾਨ ਮੋਰਚਾ ਕਿਸੇ ਵੀ ਤਰ੍ਹਾਂ ਜਬਰ ਜਾਂ ਲੁੱਟ ਨੂੰ ਪ੍ਰਵਾਨ ਨਹੀਂ ਕਰੇਗਾ ਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ, ਜ਼ਿਲ੍ਹਾ ਖ਼ਜ਼ਾਨਚੀ ਦੇਵੀਰਾਮ ਰੰਘੜਿਆਲ, ਜ਼ਿਲ੍ਹਾ ਮੀਤ ਪ੍ਰਧਾਨ ਸਤਪਾਲ ਸਿੰਘ ਵਰੇ, ਬਲਾਕ ਪ੍ਰਧਾਨ ਬਲਦੇਵ ਸਿੰਘ ਪਿਪਲੀਆਂ ਤੇ ਬਲਾਕ ਮੀਤ ਪ੍ਰਧਾਨ ਨਛੱਤਰ ਸਿੰਘ ਅਹਿਮਦਪੁਰ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਜ਼ਿਲ੍ਹਾ ਸਕੱਤਰ ਹਰਮੀਤ ਸਿੰਘ, ਗੁਰਮੇਲ ਸਿੰਘ ਬੋੜਾਵਾਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਭਾਰਤ ਦੇ ਜ਼ਿਲ੍ਹਾ ਸਕੱਤਰ ਭਜਨ ਸਿੰਘ ਘੁੰਮਣ, ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਖਿਆਲਾ, ਭੋਲਾ ਸਿੰਘ ਅਕਵਾਸ, ਜਮਹੂਰੀ ਕਿਸਾਨ ਸਭਾ ਦੇ ਆਗੂ ਅਮਰੀਕ ਸਿੰਘ ਫਫੜੇ ਭਾਈਕੇ, ਦਸੌਂਦਾ ਸਿੰਘ ਬਹਾਦਰਪੁਰ, ਬੋਲਾ ਸਿੰਘ ਫਫੜੇ ਭਾਈਕੇ, ਦੀਵਾਨ ਅਹਿਮਦਪੁਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਪ੍ਰਧਾਨ ਜਗਰਾਜ ਸਿੰਘ ਅਹਿਮਦਪੁਰ, ਗੰਨਾ ਮਜ਼ਦੂਰ ਯੂਨੀਅਨ ਦੇ ਆਗੂ ਦੇਸਰਾਜ ਸਿੰਘ, ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਗੁਰਮੀਤ ਸਿੰਘ ਤੇ ਜਗਸੀਰ ਸਿੰਘ ਭੋਲਾ ਆਦਿ ਆਗੂ ਹਾਜ਼ਰ ਸਨ।

## ਤਹਿਸੀਲ 'ਚ 15 ਮਿੰਟਾਂ 'ਚ ਰਜਿਸਟਰੀ, ਵਿਧਾਇਕ ਪੰਡੋਰੀ ਨੇ ਲਿਆ ਪ੍ਰਬੰਧਾਂ ਦਾ ਜਾਇਜ਼ਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਚੇਅਰਮਨ ਵਿਸ਼ੇਸ਼ ਅਧਿਕਾਰ ਕਮੇਟੀ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਤਹਿਸੀਲ ਵਿੱਚ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਭਗਵੰਤ ਮਾਨ ਸਰਕਾਰ ਵੱਲੋਂ ਦਿੱਤੇ ਹੁਕਮਾਂ ਅਨੁਸਾਰ ਤਹਿਸੀਲ ਅੰਦਰ 15 ਮਿੰਟਾਂ ਵਿੱਚ ਰਜਿਸਟਰੀ ਪ੍ਰਕਿਰਿਆ ਪੂਰੀ ਕਰਨ ਦੀ ਪ੍ਰਣਾਲੀ ਦੀ ਤਸਦੀਕ ਕਰਨ ਲਈ ਮੌਕੇ 'ਤੇ ਹੀ ਰਜਿਸਟਰੀ ਕਰਾਉਣ ਦੀ ਸ਼ੁਰੂਆਤ ਕਰਵਾਈ ਗਈ।ਵਿਧਾਇਕ ਪੰਡੋਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਰਾਜ ਭਰ ਦੀਆਂ ਤਹਿਸੀਲਾਂ ਵਿੱਚ ਆਨਲਾਈਨ ਰਜਿਸਟਰੀ ਪ੍ਰਕਿਰਿਆ ਨੂੰ ਤੇਜ਼ ਤੇ ਪਾਰਦਰਸ਼ੀ ਬਣਾਉਣ ਲਈ ਢੁਕਵੇਂ ਕਦਮ ਚੁੱਕੇ ਹਨ।ਹੁਣ ਪਿੰਡਾਂ ਦੇ ਲੋਕਾਂ ਨੂੰ ਰਜਿਸਟਰੀ ਸਮੇਤ ਹੋਰ ਸਰਕਾਰੀ ਕੰਮਾਂ ਲਈ ਦਫ਼ਤਰਾਂ 'ਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਲਗਾਤਾਰ ਉਪਰਾਲਿਆਂ ਕਾਰਨ ਹਰ ਵਰਗ ਦੇ ਲੋਕ ਸੰਤੁਸ਼ਟ ਹਨ।ਉਨ੍ਹਾਂ ਤਹਿਸੀਲਦਾਰ ਪਵਨ ਕੁਮਾਰ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਹੋਰ ਅਧਿਕਾਰੀ ਵੀ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਤਨਦੇਹੀ ਨਾਲ ਕੰਮ ਕਰਨ।ਵਿਧਾਇਕ ਪੰਡੋਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਫ਼ਤਰਾਂ 'ਚ ਆਉਣ ਵਾਲੇ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਨਿਪਟਾਏ ਜਾਣ ਅਤੇ ਕਿਸੇ ਨੂੰ ਵੀ ਪ੍ਰੇਸ਼ਾਨੀ ਨਾ ਹੋਵੇ।

## ਮੁੱਖ ਮੰਤਰੀ ਨੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ



ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਮਹਾਨ ਸਿੱਖ ਗੁਰੂਆਂ ਅਤੇ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਲਿਆ।ਮੁੱਖ ਮੰਤਰੀ ਨੇ ਕਿਹਾ ਕਿ ਇਹ ਪਵਿੱਤਰ ਧਰਤੀ ਨਾ ਸਿਰਫ਼ ਸਿੱਖਾਂ ਲਈ ਸਗੋਂ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ ਕਿਉਂਕਿ ਦਸਮੇਸ਼ ਪਿਤਾ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਜ਼ਾਲਮ ਸ਼ਾਸਕਾਂ ਨੇ ਇਸ ਅਸਥਾਨ 'ਤੇ ਜ਼ਿੰਦਾ ਨੀਹਾਂ ਵਿੱਚ ਚਿਣਵਾ ਦਿੱਤਾ ਸੀ।ਮਾਨ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦੇ ਨਾਲ ਮਾਤਾ ਗੁਜਰੀ ਜੀ ਦੀ ਸ਼ਹਾਦਤ ਸਦੀਆਂ ਤੋਂ ਪੰਜਾਬੀਆਂ ਨੂੰ ਅਨਿਆਂ, ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਲਈ ਪ੍ਰੇਰਿਤ ਕਰਦੀ ਆ ਰਹੀ ਹੈ ਅਤੇ ਹਮੇਸ਼ਾ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਦੇਸ਼ ਲਈ ਲਈ ਬਲੀਦਾਨ ਦੇਣ ਵਾਸਤੇ ਹਮੇਸ਼ਾ ਤਿਆਰ ਰਹਿਣ ਲਈ ਪ੍ਰੇਰਿਤ ਕਰਨ ਵਾਸਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਇਸ ਮਹਾਨ ਕੁਰਬਾਨੀ ਤੋਂ ਜਾਣੂ ਕਰਵਾਉਣ ਦੀ ਲੋੜ ਹੈ।ਮਾਨ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਵੱਲੋਂ ਇੰਨੀ ਛੋਟੀ ਉਮਰ ਵਿੱਚ ਦਿੱਤੀ ਇਸ ਮਹਾਨ ਕੁਰਬਾਨੀ ਦਾ ਦੁਨੀਆ ਭਰ ਦੇ ਇਤਿਹਾਸ ਵਿੱਚ ਕੋਈ ਸਾਨੀ ਨਹੀਂ।

## ਸ੍ਰੀ ਸਿੱਧ ਮਹਾਂਵੀਰ ਮੰਦਰ 'ਚ ਕਰਵਾਇਆ ਭਵਿਆ ਕੀਰਤਨ ਸਮਾਗਮ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਸ਼ਹਿਰ ਦੇ ਪ੍ਰਸਿੱਧ ਧਾਰਮਿਕ ਸਥਾਨ ਸ੍ਰੀ ਸਿੱਧ ਮਹਾਂਵੀਰ ਮੰਦਰ ਵਿਖੇ ਪ੍ਰਧਾਨ ਵਿਨੋਦ ਬੱਬਰ ਦੀ ਅਗਵਾਈ ਹੇਠ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਪਵਿੱਤਰ ਮੌਕੇ ਖ਼ਾਸ ਤੌਰ 'ਤੇ ਸਾਧਵੀ ਸ੍ਰੀ ਗੌਰਾਂਗੀ ਪ੍ਰੀਆ ਨੇ ਹਾਜ਼ਰੀ ਭਰੀ ਅਤੇ ਭਜਨ ਗਾਇਕ ਭਵੀ ਸੁਖੀਜਾ ਵਲੋਂ ਭਗਤਾਂ ਨੂੰ ਭਜਨ, ਕੀਰਤਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਰਾਮ ਨਾਮ ਸੰਕੀਰਤਨ ਨਾਲ ਹੋਈ। ਇਸ ਤੋਂ ਬਾਅਦ ਸਾਰੇ ਹਾਜ਼ਰ ਭਗਤਾਂ ਨੇ ਇਕ ਸੁਰ ਵਿੱਚ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ।ਪ੍ਰਧਾਨ ਵਿਨੋਦ ਬੱਬਰ ਨੇ ਇਸ ਮੌਕੇ ਕਿਹਾ ਕਿ ਧਾਰਮਿਕ ਸਮਾਗਮਾਂ ਰਾਹੀਂ ਸਾਨੂੰ ਆਪਣੀ ਸਾਂਸਕ੍ਰਿਤਿਕ ਵਿਰਾਸਤ ਨੂੰ ਸੰਭਾਲਣ ਅਤੇ ਆਉਣ ਵਾਲੀ ਪੀੜ੍ਹੀ ਨੂੰ ਭਗਤੀ ਦੇ ਰਾਹ ਨਾਲ ਜੋੜਨ ਦਾ ਮੌਕਾ ਮਿਲਦਾ ਹੈ।ਅੰਤ ਵਿੱਚ ਭਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ।

## ਪੰਜਾਬ ਕਾਨਵੈਂਟ ਸਕੂਲ 'ਚ ਜ਼ੋਨਲ ਫੁੱਟਬਾਲ ਟੂਰਨਾਮੈਂਟ ਸ਼ੁਰੂ



ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਜਿੱਥੇ ਵਿਦਿਅਕ ਖੇਤਰ ਵਿਚ 100 ਫੀਸਦੀ ਨਤੀਜੇ ਦੇ ਰਹੀ ਹੈ, ਉੱਥੇ ਬੱਚਿਆ ਦੇ ਸਰਬਪੱਖੀ ਵਿਕਾਸ ਲਈ ਵੀ ਹਾਮੀ ਭਰਦੀ ਹੈ।ਤੰਦਰੁਸਤ ਸਿਹਤ ਲਈ ਯੋਗਾ ਦੇ ਨਾਲ-ਨਾਲ ਵੱਖ-ਵੱਖ ਖੇਡਾਂ ਵਿਚ ਭਾਗ ਲੈਣ ਲਈ ਵੀ ਵਿਦਿਆਰਥੀਆ ਨੂੰ ਹੱਲਾਸ਼ੇਰੀ ਦੇ ਰਹੀ ਹੈ।12 ਅਗਸਤ ਨੂੰ ਜ਼ੋਨ ਲੈਵਲ ਦਾ ਫੁੱਟਬਾਲ ਟੂਰਨਾਮੈਂਟ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਡਾਇਰੈਕਟਰ ਅਜੇਪਾਲ ਸਿੰਘ ਨੇ ਸ਼ੁਰੂ ਕਰਵਾਇਆ, ਜਿਸ ਵਿਚ ਪਹਿਲੇ ਦਿਨ ਫੁੱਟਬਾਲ ਅੰਡਰ-17 ਅਤੇ ਅੰਡਰ-19 ਸਾਲ ਲੜਕਿਆਂ ਦੇ ਮੈਚ ਕਰਵਾਏ ਗਏ। ਜ਼ੋਨ ਬਾਘਾ ਪੁਰਾਣਾ ਦੇ ਵੱਖ-ਵੱਖ ਸਕੂਲਾਂ ਨੇ ਬੜੇ ਹੀ ਉਤਸ਼ਾਹ ਨਾਲ ਇਹਨਾਂ ਖੇਡਾਂ ਵਿਚ ਭਾਗ ਲਿਆ।ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਵਾਈਸ ਚੇਅਰਮੈਨ ਰਮਨ ਕੁਮਾਰ (ਰਿੰਪੀ ਮਿੱਤਲ), ਮੈਂਬਰ ਬਲਵਿੰਦਰ ਸਿੰਘ, ਪਰਮਜੀਤ ਸਿੰਘ, ਰਚਨਾ ਮਿੱਤਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

# ਕੇਂਦਰੀ ਟਰੇਡ ਯੂਨੀਅਨਾਂ ਤੇ ਐੱਸ ਕੇ ਐੱਮ ਵੱਲੋਂ ਮਾਨਸਾ 'ਚ ਵਿਰੋਧ ਪ੍ਰਦਰਸ਼ਨ

### ਟਰੰਪ ਤੇ ਮੋਦੀ ਦਾ ਫੂਕਿਆ ਪੁਤਲਾ



ਮਾਨਸਾ (ਆਤਮਾ ਸਿੰਘ ਪਮਾਰ)
ਕੇਂਦਰੀ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚਾ ਵਲੋਂ ਸਾਂਝੇ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਭਾਰਤ 'ਤੇ 25% ਟੈਰਿਫ ਲਗਾਉਣ ਅਤੇ ਰੂਸ ਨਾਲ ਤੇਲ ਵਪਾਰ ਸੌਦੇ ਲਈ ਦੰਡਕਾਰੀ ਟੈਕਸ ਲਗਾਉਣ ਦੀਆਂ ਹਾਲੀਆ ਧਮਕੀਆਂ ਦੀ ਸਖ਼ਤ ਨਿੰਦਾ ਕਰਦਿਆਂ ਅਤੇ ਭਾਰਤ-ਯੂ ਕੇ ਵਿਆਪਕ ਆਰਥਿਕ ਵਪਾਰ ਸਮਝੌਤੇ (ਸੀਈਟੀਏ) ਨੂੰ ਰੱਦ ਕਰਾਉਣ ਲਈ ਦੇਸ਼ ਭਰ 'ਚ ਰੋਸ ਪ੍ਰਦਰਸ਼ਨ ਕਰਨ ਦੇ ਸੱਦੇ ਅਨੁਸਾਰ ਠੀਕਰੀਵਾਲਾ ਚੌਂਕ ਮਾਨਸਾ ਵਿਖੇ ਸੰਯੁਕਤ ਕਿਸਾਨ ਮੋਰਚਾ ਦੇ ਮਹਿੰਦਰ ਸਿੰਘ ਭੈਣੀ ਬਾਘਾ, ਨਿਰਮਲ ਸਿੰਘ ਝੰਡੂਕੇ, ਦਰਸ਼ਨ ਸਿੰਘ ਮਾਨਸ਼ਾਹੀਆ, ਏਟਕ ਦੇ ਕ੍ਰਿਸ਼ਨ ਸਿੰਘ ਚੋਹਾਨ ਵੱਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਵੀ ਸਾੜਿਆ ਗਿਆ।ਰੋਸ ਪ੍ਰਦਰਸ਼ਨ ਦੌਰਾਨ ਕੀਤੀ ਗਈ ਰੈਲੀ ਦੌਰਾਨ ਆਗੂਆਂ ਨੇ ਕਿਹਾ ਕਿ ਇਸ ਆਰਥਿਕ ਧੱਕੇਸ਼ਾਹੀ ਦਾ ਉਦੇਸ਼ ਭਾਰਤ ਨੂੰ ਰੂਸ ਨਾਲ ਇਸ ਦੇ ਵਪਾਰਕ ਸਬੰਧਾਂ ਦੇ ਖ਼ਿਲਾਫ਼ ਧੌਂਸ ਦਿਖਾਉਣਾ ਹੈ। ਇਹ ਧਮਕੀ ਭਰਿਆ ਰਵੱਈਆ ਅਮਰੀਕੀ ਵਪਾਰ ਨੀਤੀਆਂ ਦੇ ਪਖੰਡ ਨੂੰ ਬੇਨਕਾਬ ਕਰਦਾ ਹੈ, ਜੋ ਅਮਰੀਕੀ ਕਾਰਪੋਰੇਸ਼ਨਾਂ ਲਈ ਖੁੱਲ੍ਹੇ ਬਾਜ਼ਾਰਾਂ ਦੀ ਮੰਗ ਕਰਦੀਆਂ ਹਨ ਜਦੋਂ ਕਿ ਅਮਰੀਕਾ ਪ੍ਰਭੂਸੱਤਾ ਸੰਪੰਨ ਦੇਸ਼ਾਂ ਨੂੰ ਟੈਰਿਫ ਰੂਪੀ ਹਥਿਆਰ ਦੀ ਵਰਤੋਂ ਕਰਕੇ ਧਮਕਾ ਰਿਹਾ ਹੈ। ਆਗੂਆਂ ਨੇ ਅੱਗੇ ਕਿਹਾ ਕਿ ਭਾਰਤ ਸਰਕਾਰ ਦਾ ਇਨ੍ਹਾਂ ਖਤਰਿਆਂ ਪ੍ਰਤੀ ਡਰੂ ਰਵੱਈਆ ਅਖਤਿਆਰ ਕਰਨਾ ਚਿੰਤਾਜਨਕ ਹੈ।ਇਹ ਆਤਮ ਸਮਰਪਣ ਹਾਲ ਹੀ ਵਿੱਚ ਦਸਤਖਤ ਕੀਤੇ ਗਏ ਭਾਰਤ- ਯੂਕੇ ਵਿਆਪਕ ਆਰਥਿਕ ਵਪਾਰ ਸਮਝੌਤੇ (ਸੀਈਟੀਏ) ਵਿੱਚ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ।ਇਹ ਇੱਕ ਅਜਿਹਾ ਸੌਦਾ ਹੈ ਜੋ ਵਿਦੇਸ਼ੀ ਕਾਰਪੋਰੇਟ ਮੁਨਾਫ਼ਿਆਂ ਦੀ ਵੇਦੀ 'ਤੇ ਭਾਰਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਆਰਥਿਕ ਆਜ਼ਾਦੀ ਦੇ ਹਿੱਤਾਂ ਦੀ ਬਲੀ ਦਿੰਦਾ ਹੈ।ਰੋਸ ਪ੍ਰਦਰਸ਼ਨ ਦੀਆਂ ਮੁੱਖ ਮੰਗਾ ਚ ਭਾਰਤ ਵੱਲੋਂ ਟਰੰਪ ਦੀਆਂ ਟੈਰਿਫ ਧਮਕੀਆਂ ਨੂੰ ਰੱਦ ਕਰਨਾ ਅਤੇ ਰੂਸ ਸਮੇਤ ਸਾਰੇ ਦੇਸ਼ਾਂ ਨਾਲ ਵਪਾਰ ਕਰਨ ਦੇ ਆਪਣੇ ਪ੍ਰਭੂਸੱਤਾ-ਸੰਪਨ ਅਧਿਕਾਰ 'ਤੇ ਸੁਹਿਰਦਤਾ ਨਾਲ ਪਹਿਰਾ ਦੇਣਾ, ਭਾਰਤ-ਯੂਕੇ (ਸੀਈਟੀਏ) ਸਮਝੌਤੇ ਦੀ ਸਮੀਖਿਆ ਕਰਕੇ ਤੁਰੰਤ ਤਬਦੀਲੀ ਕਰਨਾ ਅਤੇ ਸੰਸਦ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਪ੍ਰਵਾਨਗੀ ਨਹੀਂ ਨਾ ਦੇਣਾ। ਆਉਣ ਵਾਲੇ ਅਗਲੇ ਕਾਰਪੋਰੇਟ ਸ਼ੋਸ਼ਣ ਨੂੰ ਰੋਕਣ ਲਈ ਅਮਰੀਕਾ-ਭਾਰਤ ਵਪਾਰ ਸਮਝੌਤੇ ਲਈ ਸਾਰੀਆਂ ਗੱਲਬਾਤਾਂ ਨੂੰ ਬੰਦ ਕਰਨਾ, ਕੋਈ ਹੋਰ ਗੁਪਤ ਵਪਾਰ ਸਮਝੌਤਾ ਨਹੀਂ ਬਲਕਿ ਭਵਿੱਖ ਦੇ ਸਾਰੇ ਸੌਦਿਆਂ ਨੂੰ ਪੂਰੀ ਸੰਸਦ ਦੀ ਨਿਗਰਾਨੀ ਅਤੇ ਜਨਤਕ ਸਲਾਹ-ਮਸ਼ਵਰੇ ਤੋਂ ਬਿਨਾਂ ਨਹੀਂ ਕਰਨਾ।ਇਸ ਮੌਕੇ ਰਾਜ ਸਿੰਘ ਅਲੀਸ਼ੇਰ, ਸ਼ਿੰਦਰਪਾਲ ਕੌਰ, ਸੁਖਵਿੰਦਰ ਸਿੰਘ ਸੱਦਾ ਸਿੰਘ ਵਾਲਾ, ਦਲਜੀਤ ਸਿੰਘ ਮਾਨਸਾ, ਸੁਖਦੇਵ ਸਿੰਘ ਪੰਧੇਰ, ਬੂਟਾ ਸਿੰਘ ਬਰਨਾਲਾ, ਰਤਨ ਭੋਲਾ ਆਦਿ ਆਗੂ ਵੀ ਹਾਜ਼ਰ ਸਨ।

# ਜਾਲ੍ਹੀ ਸਰਟੀਫਿਕੇਟ ਜਾਰੀ ਕਰਨ ਵਾਲਾ ਗ੍ਰਿਫ਼ਤਾਰ



ਸਿਰਸਾ (ਸੁਰਿੰਦਰ ਪਾਲ ਸਿੰਘ)
ਸਿਰਸਾ ਆਰਥਿਕ ਅਪਰਾਧ ਵਿੰਗ ਸਿਰਸਾ ਵੱਲੋਂ ਜਾਅਲੀ ਸਰਟੀਫਿਕੇਟ ਜਾਰੀ ਕਰਕੇ ਲੱਖਾਂ ਰੁਪਏ ਦੀ ਧੋਖਾਧੜੀ ਦੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਜਾਅਲੀ ਮਾਰਕਸ਼ੀਟਾਂ ਜਾਰੀ ਕਰਨ ਵਾਲੇ ਮੁਲਜ਼ਮ ਵਿਕਾਸ ਸ਼ਰਮਾ ਨੂੰ ਗ੍ਰਿਫ਼ਤਾਰ ਕਰਕੇ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਆਰਥਿਕ ਅਪਰਾਧ ਵਿੰਗ ਸਿਰਸਾ ਦੇ ਇੰਚਾਰਜ ਇੰਸਪੈਕਟਰ ਸ਼ਿਆਮ ਸੁੰਦਰ ਨੇ ਦੱਸਿਆ ਕਿ ਇਹ ਮਾਮਲਾ ਹਰਿਆਣਾ ਸਿੱਖਿਆ ਬੋਰਡ, ਭਿਵਾਨੀ ਦੇ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ।
ਜਾਂਚ ਦੌਰਾਨ ਆਰਥਿਕ ਅਪਰਾਧ ਵਿੰਗ ਸਿਰਸਾ ਦੀ ਟੀਮ ਨੇ ਧੋਖਾਧੜੀ ਤੇ ਜਾਅਲਸਾਜ਼ੀ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕਰਦਿਆਂ ਮੁਲਜ਼ਮ ਵਿਕਾਸ ਸ਼ਰਮਾ ਵਾਸੀ ਗਾਜ਼ੀਆਬਾਦ ਨੂੰ ਆਈਪੀਸੀ ਦੀ ਧਾਰਾ 420, 467, 468, 471, 1202 ਤਹਿਤ ਗ੍ਰਿਫ਼ਤਾਰ ਕੀਤਾ ਹੈ।ਮਾਮਲੇ 'ਚ ਦੋ ਮੁਲਜ਼ਮ ਸੁਖਵਿੰਦਰ ਸਿੰਘ ਵਾਸੀ ਭਬੂਰ ਤੇ ਸੀਤਾ ਰਾਮ ਨਿਵਾਸੀ ਹਰੀ ਵਿਸ਼ਣੂ ਕਲੋਨੀ ਸਿਰਸਾ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਏਐਸਆਈ ਅਭੈ ਰਾਮ ਦੇ ਅਨੁਸਾਰ ਮੁਲਜ਼ਮ ਵਿਕਾਸ ਸ਼ਰਮਾ ਦਿੱਲੀ ਦੇ ਲਕਸ਼ਮੀ ਨਗਰ ਵਿੱਚ ਰੂਰਲ ਇੰਸਟੀਚਿਊਟ ਆਫ ਓਪਨ ਸਕੂਲ ਵਿੱਚ ਸੈਕਟਰੀ ਵਜੋਂ ਕੰਮ ਕਰ ਰਿਹਾ ਸੀ ਤੇ ਉਸਨੇ ਸ਼੍ਰੀ ਸਾਈਂ ਇੰਸਟੀਚਿਊਟ ਸਿਰਸਾ ਦੇ ਡਾਇਰੈਕਟਰ ਸੀਤਾ ਰਾਮ ਨਾਲ ਮਿਲ ਕੇ ਸਿੱਖਿਆ ਵਿਭਾਗ ਦੀ ਇਜਾਜ਼ਤ ਤੋਂ ਬਿਨਾਂ ਲਗਭਗ 45 ਜਾਅਲੀ ਮਾਰਕ ਸ਼ੀਟਾਂ ਜਾਰੀ ਕੀਤੀਆਂ। ਇਨ੍ਹਾਂ ਮਾਰਕ ਸ਼ੀਟਾਂ 'ਤੇ ਪ੍ਰੀਖਿਆ ਕੰਟਰੋਲਰ ਫਰੀਦ ਅਹਿਮਦ ਸੈਫੀ ਦੁਆਰਾ ਡਿਜੀਟਲ ਦਸਤਖਤ ਕੀਤੇ ਗਏ ਸਨ, ਜਦੋਂ ਕਿ ਫਰੀਦ ਅਹਿਮਦ ਨੇ ਜੁਲਾਈ 2014 ਵਿੱਚ ਅਸਤੀਫ਼ਾ ਦੇ ਦਿੱਤਾ ਸੀ। ਜਾਂਚ 'ਚ ਸਾਹਮਣੇ ਆਇਆ ਹੈ ਕਿ ਕੁਝ ਮਾਰਕ ਸ਼ੀਟਾਂ 'ਤੇ, ਰੂਰਲ ਇੰਸਟੀਚਿਊਟ ਆਫ ਓਪਨ ਸਕੂਲ ਨੇ ਛੱਤੀਸਗੜ੍ਹ ਓਪਨ ਸਕੂਲ ਰਾਏਪੁਰ ਬੋਰਡ ਤੋਂ ਮਾਨਤਾ/ਸੰਬੰਧਤਾ ਦਾ ਜ਼ਿਕਰ ਕੀਤਾ ਹੈ, ਜਦੋਂਕਿ ਉਕਤ ਮਾਨਤਾ ਸਾਲ 2013 ਵਿੱਚ ਹੀ ਰੱਦ ਕਰ ਦਿੱਤੀ ਗਈ ਸੀ। ਮੁਲਜ਼ਮ ਵਿਕਾਸ ਸ਼ਰਮਾ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

## ਇਸ ਮਹੀਨੇ 'ਚ 9 ਹੋਰ ਕੈਂਸਰ ਚੈੱਕਅੱਪ ਤੇ ਜਾਗਰੂਕਤਾ ਕੈਂਪ : ਡਾ. ਧੂਰੀ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਵਰਲਡ ਕੈਂਸਰ ਸੁਸਾਇਟੀ ਵੱਲੋਂ ਐਸ ਬੀ ਆਈ ਕਾਰਡ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਦੇ ਸਹਿਯੋਗ ਨਾਲ ਕੈਂਸਰ ਖਿਲਾਫ ਵਿੱਢੀ ਮੁਹਿੰਮ ਤਹਿਤ ਹੁਣ ਤੱਕ 8 ਕੈਂਪ ਸੰਗਰੂਰ ਜ਼ਿਲ੍ਹੇ ਵਿੱਚ ਲੱਗ ਚੁੱਕੇ ਹਨ।ਜਾਣਕਾਰੀ ਦਿੰਦੇ ਹੋਏ ਵਰਲਡ ਕੈਂਸਰ ਸੁਸਾਇਟੀ ਦੇ ਪੰਜਾਬ ਚੈਪਟਰ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਅਗਸਤ ਮਹੀਨੇ ਵਿੱਚ ਜ਼ਿਲ੍ਹਾ ਸੰਗਰੂਰ ਵਿੱਚ 16 ਮੁਫਤ ਕੈਂਸਰ ਜਾਂਚ ਕੈਂਪ ਲਗਾਏ ਜਾਣੇ ਸਨ ਜਿਹਨਾਂ ਵਿੱਚੋਂ ਧੂਰੀ, ਦਿੜ੍ਹਬਾ, ਪਾਤੜਾਂ, ਲੱਡਾ, ਭਵਾਨੀਗੜ੍ਹ, ਧਨੌਲਾ, ਛਾਹੜ ਅਤੇ ਲਹਿਰਾਗਾਗਾ ਵਿਖੇ ਸਫਲਤਾ ਪੂਰਵਕ ਲੱਗ ਚੁੱਕੇ ਹਨ।14 ਅਗਸਤ ਨੂੰ ਨਵਦੀਪ ਪਬਲਿਕ ਸਕੂਲ, ਮੂਨਕ, 15 ਤਰੀਕ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਰਪੁਰ, 16 ਤਰੀਕ ਨੂੰ ਸਟੀਫਨ ਇੰਟਰਨੈਸ਼ਨਲ ਸਕੂਲ, ਮਹਿਲਾਂ, 20 ਤਰੀਕ ਨੂੰ ਬਾਬਾ ਸਾਹਿਬ ਦਾਸ ਸਕੂਲ ਫੱਗੂਵਾਲਾ (ਭਵਾਨੀਗੜ੍ਹ), 21 ਤਰੀਕ ਨੂੰ ਲਾਇਨਜ਼ ਕਲੱਬ, ਸੁਨਾਮ, 22 ਤਰੀਕ ਨੂੰ ਗੁਰੂਕੁਲ ਗਲੋਬਲ ਕਰੇਨਜ਼ਾ, ਖਨੌਰੀ, 23 ਤਰੀਕ ਨੂੰ ਗੁਰਦੁਆਰਾ ਸਾਹਿਬ ਜਨਮ ਸਥਾਨ ਚੀਮਾ ਮੰਡੀ, 27 ਤਰੀਕ ਨੂੰ ਮਾਡਰਨ ਸੈਕੂਲਰ ਪਬਲਿਕ ਸਕੂਲ, ਸ਼ੇਰਗੜ੍ਹ ਚੀਮਾ, ਨੇੜੇ ਮਲੇਰਕੋਟਲਾ ਅਤੇ 29 ਤਰੀਕ ਨੂੰ ਗੁਰਦੁਆਰਾ ਸਾਹਿਬ ਸ਼ਹੀਦ ਭਾਈ ਮਨੀ ਸਿੰਘ, ਲੌਂਗੋਵਾਲ ਵਿਖੇ ਕੈਂਪ ਲੱਗਣ ਜਾ ਰਹੇ ਹਨ। ਉਹਨਾਂ ਦੱਸਿਆ ਕਿ ਡਾ. ਕੁਲਵੰਤ ਸਿੰਘ ਧਾਲੀਵਾਲ ਵੱਲੋਂ 11 ਅਗਸਤ ਨੂੰ ਸੰਗਰੂਰ ਵਿਖੇ 12 ਕੈਂਸਰ ਬੱਸਾਂ ਪੰਜਾਬ ਨੂੰ ਸਮਰਪਤ ਕੀਤੀਆਂ ਗਈਆ ਜਿਹਨਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਝੰਡੀ ਦਿੱਤੀ ਗਈ। ਇਹ ਕੈਂਪ ਤੰਦਰੁਸਤ ਵਿਅਕਤੀਆਂ ਲਈ ਹਨ ਤਾਂ ਜੋ ਸਮੇਂ ਸਿਰ ਜਾਂਚ ਕਰਕੇ ਸਮੱਸਿਆ ਨੂੰ ਪਹਿਲਾਂ ਤੋਂ ਹੀ ਹੱਲ ਕਰ ਲਿਆ ਜਾਵੇ। ਇਹਨਾਂ ਕੈਂਪਾਂ ਵਿੱਚ ਸਾਰੇ ਮਹਿੰਗੇ ਟੈਸਟ ਮੁਫਤ ਕੀਤੇ ਜਾਂਦੇ ਹਨ।

## ਵਿਦਿਆਰਥੀਆਂ ਨੂੰ ਤਿੰਨਾਂ ਭਾਸ਼ਾਵਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ



ਅਜੀਤਵਾਲ (ਨਛੱਤਰ ਸੰਧੂ)
ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਨੂੰ ਗੋਲਡਨ ਐਜੂਕੇਸ਼ਨ ਮੋਗਾ ਵੱਲੋਂ ਤਿੰਨਾਂ ਭਾਸ਼ਾਵਾਂ ਦੇ ਮਹੱਤਤਾ ਬਾਰੇ ਦੱਸਿਆ ਗਿਆ।ਗੋਲਡਨ ਐਜੂਕੇਸ਼ਨ ਵੱਲੋਂ ਬੱਚਿਆਂ ਨੂੰ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸਾਨੂੰ ਤਿੰਨਾਂ ਭਾਸ਼ਾਵਾਂ ਦੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਸਾਡੇ ਜੀਵਨ ਵਿੱਚ ਤਿੰਨਾਂ ਭਾਸ਼ਾਵਾਂ ਦਾ ਕਿ ਅਹਿਮ ਰੋਲ ਹੁੰਦਾ ਹੈ।ਸਕੂਲ ਵਿੱਚ ਇਹ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਵੱਖ-ਵੱਖ ਭਾਸ਼ਾਵਾਂ ਪ੍ਰਤੀ ਜਾਣਕਾਰੀ, ਪਿਆਰ ਅਤੇ ਸਤਿਕਾਰ ਪੈਦਾ ਕਰਨਾ ਸੀ।ਗੋਲਡਨ ਐਜੂਕੇਸ਼ਨ ਮੋਗਾ ਵੱਲੋਂ ਦੱਸਿਆ ਗਿਆ ਕਿ ਭਾਸ਼ਾ ਮਨੁੱਖੀ ਸੱਭਿਆਚਾਰ ਦੀ ਰੂਹ ਹੈ ਤੇ ਕਿਸੇ ਵੀ ਰਾਸ਼ਟਰ ਦੀ ਪਹਿਚਾਣ ਉਸਦੀ ਮਾਂ ਬੋਲੀ ਤੇ ਲੋਕ ਭਾਸ਼ਾਵਾਂ ਨਾਲ ਜੁੜੀ ਹੋਈ ਹੈ।ਕਾਰਜ ਕਰਮ ਦੌਰਾਨ ਅਧਿਆਪਕਾਂ ਨੇ ਬੱਚਿਆਂ ਨੂੰ ਪੰਜਾਬੀ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਦੀ ਵਿਲੱਖਣਤਾ ਤੇ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ।ਬੱਚਿਆਂ ਨੂੰ ਇਹ ਸਮਝਾਇਆ ਗਿਆ ਕਿ ਕਈ ਭਾਸ਼ਾਵਾਂ ਦਾ ਗਿਆਨ ਸਿਰਫ਼ ਵਿਦਿਆਰਥੀ ਜੀਵਨ ਵਿੱਚ ਹੀ ਨਹੀਂ ਸਗੋਂ ਭਵਿੱਖ ਦੇ ਪੇਸ਼ਾਵਰ ਜੀਵਨ ਵਿੱਚ ਵੀ ਬਹੁਤ ਸਹਾਇਕ ਹੁੰਦਾ ਹੈ।ਇਸ ਨਾਲ ਉਹ ਨਵੇਂ ਲੋਕਾਂ ਨਾਲ ਜੁੜ ਸਕਦੇ ਹਨ।ਵੱਖ ਵੱਖ ਸੱਭਿਆਚਾਰ ਨੂੰ ਸਮਝ ਸਕਦੇ ਹਨ ਅਤੇ ਆਪਣੇ ਵਿਚਾਰਾਂ ਨੂੰ ਹੋਰ ਸੁਚੱਜੇ ਢੰਗ ਨਾਲ ਪ੍ਰਗਟ ਕਰ ਸਕਦੇ ਹਨ।
ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਤੇ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਨਾਲ ਗਹਿਰਾ ਪਿਆਰ ਬਣਾਈ ਰੱਖਣ ਦੇ ਨਾਲ ਨਾਲ ਹੋਰ ਭਾਸ਼ਾਵਾਂ ਵੀ ਸਿੱਖਣ ਦੀ ਕੋਸ਼ਿਸ਼ ਕਰਨ।

## ਪੁਲਸ ਵੱਲੋਂ ਧੂਰੀ 'ਚ ਫਲੈਗ ਮਾਰਚ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਆਜ਼ਾਦੀ ਦਿਵਸ ਸਮਾਰੋਹ ਨੂੰ ਸ਼ਾਂਤੀਪੂਰਨ ਤੇ ਸੁਰੱਖਿਅਤ ਢੰਗ ਨਾਲ ਮਨਾਉਣ ਲਈ ਥਾਣਾ ਸਿਟੀ ਧੂਰੀ ਦੀ ਪੁਲਸ ਵੱਲੋਂ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚ ਫਲੈਗ ਮਾਰਚ ਕੀਤਾ ਗਿਆ। ਇਸ ਫਲੈਗ ਮਾਰਚ ਦੀ ਅਗਵਾਈ ਕਪਤਾਨ ਪੁਲਸ ਸੰਗਰੂਰ ਦਿਲਪ੍ਰੀਤ ਸਿੰਘ ਅਤੇ ਡੀ.ਐੱਸ.ਪੀ. ਧੂਰੀ ਦਮਨਬੀਰ ਸਿੰਘ ਨੇ ਕੀਤੀ। ਇਸ ਮੌਕੇ ਉਨ੍ਹਾਂ ਰੇਲਵੇ ਸਟੇਸ਼ਨ ਅਤੇ ਹੋਰ ਥਾਵਾਂ 'ਤੇ ਚੈਕਿੰਗ ਵੀ ਕੀਤੀ।ਇਸ ਮੌਕੇ ਗੱਲਬਾਤ ਕਰਦਿਆਂ ਕਪਤਾਨ ਪੁਲਸ ਦਿਲਪ੍ਰੀਤ ਸਿੰਘ ਨੇ ਕਿਹਾ ਕਿ 15 ਅਗਸਤ ਮੌਕੇ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧ ਪੂਰੇ ਕਰ ਲਏ ਗਏ ਹਨ ਅਤੇ ਪੁਲਸ ਪੂਰੀ ਤਰ੍ਹਾਂ ਚੌਕਸ ਹੈ ਅਤੇ ਦਿਨ ਅਤੇ ਰਾਤ ਵੇਲੇ ਨਾਕੇ ਲਗਾਏ ਜਾ ਰਹੇ ਹਨ।


**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਉਨ੍ਹਾਂ ਦੇ ਲਈ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ/ਜੰਮੂ-ਤਵੀ ਹੇਠਾਂ ਲਿਖਤ ਕੰਮ ਲਈ Single packet System ਦੇ ਅਨੁਸਾਰ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | |
|---|---|
| ਨਿਵਿਦਾ ਨੰ. | 17-Elect-C-AMC-SINA-2025 Dated 14.08.2025 |
| ਕੰਮ ਦਾ ਨਾਮ | ਉਧਮਪੁਰ - ਸ੍ਰੀਨਗਰ - ਬਾਰਾਮੂਲਾ ਰੇਲ ਲਿੰਕ ਪਰਿਯੋਜਨਾ ਦੇ ਤਹਿਤ ਸ੍ਰੀਨਗਰ ਰੇਲਵੇ ਸਟੇਸ਼ਨ ਤੇ ਅਧਿਕਾਰੀ ਵਿਸ਼੍ਰਾਮ ਗ੍ਰਹਿ ਅਤੇ ਅਧਿਕਾਰੀ ਵਿਸ਼੍ਰਾਮ ਗ੍ਰਹਿ ਅਤੇ ਦਫਤਰ ਪਰਿਸਰ ਤੁਲਸੀਬਾਗ ਵਿਚ ਲਗਾਏ ਗਏ ਬਿਜਲੀ ਦੇ ਉਪਕਰਣਾਂ ਦਾ ਦੋ ਸਾਲ ਦੇ ਸਮੇਂ ਦੇ ਲਈ ਸੰਚਾਲਨ ਅਤੇ ਵਿਆਪਕ ਰਖਰਖਾਅ ਦੇ ਕੰਮ ਲਈ। |
| ਅੰਦਾਜ਼ਨ ਲਾਗਤ | ਰੁ. 1,83,78,789.00 |
| ਬਿਆਨਾ ਰਾਸ਼ੀ | ਰੁ. 2,41,900.00 |
| ਕੰਮ ਸਮਾਂ | 24 ਮਹੀਨੇ |
| ਈ-ਨਿਵਿਦਾਵਾਂ ਅਪਲੋਡ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਨਿਵਿਦਾ ireps ਦੀ ਵੈਬਸਾਈਟ www.ireps.gov.in'ਤੇ ਮਿਤੀ 25.08.2025 ਤੋਂ 08.09.2025 15:00 ਵਜੇ ਤਕ ਅਪਲੋਡ ਕਰਨੀ ਹੋਵੇਗੀ ਅਤੇ ਉਸੇ ਦਿਨ 15:00 ਵਜੇ ਦੇ ਬਾਅਦ ਖੋਹਲੀ ਜਾਵੇਗੀ। |
| ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵਜ | ਨਿਵਿਦਾ ਸੂਚਨਾ ireps ਦੀ ਵੈਬਸਾਈਟ www.ireps.gov.in'ਤੇ ਮਿਤੀ 25.08.2025 ਤੋਂ 08.09.2025 15:00 ਵਜੇ ਤਕ ਅਪਲੋਡਿੰਗ ਦੇ ਲਈ ਉਪਲਬਧ ਰਹਿਣਗੇ। ਹੋਰ ਸਾਰੇ ਨਿਯਮ ਅਤੇ ਸ਼ਰਤਾਂ ਉਪਰੋਕਤ ਨਿਵਿਦਾ ਦਸਤਾਵੇਜ ਵਿਚ ਦਿਤੇ ਗਏ ਹਨ, ਕੇਵਲ ਈ-ਨਿਵਿਦਾਵਾਂ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਕਿਸੇ ਹੋਰ ਰੂਪ ਵਿਚ ਪੇਸ਼ ਕੀਤੇ ਗਏ ਨਿਵਿਦਾਵਾਂ ਨੂੰ ਸਰਸਰੀ ਤੌਰ ਤੇ ਖਾਰਜ ਕਰ ਦਿਤਾ ਜਾਵੇਗਾ। ਨਿਵਿਦਾ ਸੂਚਨਾ ਦਾ ਪੂਰਾ ਵੇਰਵਾ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ/ਜੰਮੂ ਤਵੀ ਦਫਤਰ ਦੇ ਸੂਚਨਾ ਪਟ ਤੇ ਵੇਖੀ ਜਾ ਸਕਦੀ ਹੈ। |

ਨੰ.:17-Elect-C-AMC-SINA-2025 ਤਾਰੀਕ : 14.08.2025 2498/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਜ਼ਿਲ੍ਹਾ ਖ਼ੁਰਾਕ ਤੇ ਸਪਲਾਈਜ਼ ਕੰਟਰੋਲਰ ਨੂੰ ਸੌਂਪਿਆ ਮੰਗ ਪੱਤਰ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ੍ਰੀ ਮੁਕਤਸਰ ਸਾਹਿਬ ਗੁਡਸ ਟਰਾਂਸਪੋਰਟ ਵੈਲਫੇਅਰ ਸੁਸਾਇਟੀ ਵੱਲੋਂ ਜ਼ਿਲ੍ਹਾ ਖੁਰਾਕ ਅਤੇ ਸਪਲਾਈਜ਼ ਕੰਟਰੋਲਰ ਸੁਖਵਿੰਦਰ ਸਿੰਘ ਗਿੱਲ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਦੌਰਾਨ ਸੁਸਾਇਟੀ ਦੇ ਵਾਇਸ ਪ੍ਰਧਾਨ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਢੋਆ ਢੁਆਈ ਦੇ ਟਰਾਂਸਪੋਰਟੇਸ਼ਨ ਦੀ ਟੈਂਡਰ 13 ਅਗਸਤ ਨੂੰ ਅਖੀਰਲੀ ਤਾਰੀਖ ਸੀ। ਉਹਨਾਂ ਕਿਹਾ ਕਿ ਉਹਨਾਂ ਵੱਲੋਂ ਪਹਿਲਾਂ ਹੀ ਸਾਰੇ ਠੇਕੇਦਾਰਾਂ ਨੂੰ ਕਹਿ ਦਿੱਤਾ ਗਿਆ ਸੀ ਕਿ ਘੱਟ ਰੇਟ 'ਤੇ ਕੋਈ ਠੇਕੇਦਾਰ ਟੈਂਡਰ ਨਾ ਪਾਵੇ ਅਤੇ ਇਹ ਟੈਂਡਰ ਟਰੱਕ ਯੂਨੀਅਨ ਆਪਣੇ ਨਾਮ 'ਤੇ ਪਾਵੇਗੀ, ਪਰ ਇਸ ਦੇ ਬਾਵਜੂਦ ਕੁਝ ਠੇਕੇਦਾਰਾਂ ਵੱਲੋਂ ਬਹੁਤ ਘੱਟ ਰੇਟ 'ਤੇ ਟੈਂਡਰ ਪਾਏ ਗਏ ਹਨ। ਉਹਨਾਂ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਟਰੱਕ ਯੂਨੀਅਨ ਵੱਲੋਂ ਘੱਟ ਰੇਟ 'ਤੇ ਕਿਸੇ ਕਿਸਮ ਦਾ ਕੋਈ ਵੀ ਮਾਲ ਨਹੀਂ ਢੋਇਆ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਕੋਈ ਵੀ ਠੇਕੇਦਾਰ ਆਪਣੀ ਮਰਜ਼ੀ ਨਾਲ ਘੱਟ ਰੇਟ 'ਤੇ ਟੈਂਡਰ ਪਾ ਕੇ ਕੰਮ ਕਰੇਗਾ ਤਾਂ ਇਸ ਵਿੱਚ ਹੋਣ ਵਾਲੇ ਇਸ ਦੇ ਨੁਕਸਾਨ ਲਈ ਉਹ ਖੁਦ ਠੇਕੇਦਾਰ ਜ਼ਿੰਮੇਵਾਰ ਹੋਵੇਗਾ।ਇਸ ਮੌਕੇ 'ਤੇ ਜਗਰਾਜ ਸਿੰਘ ਨੇ ਕਿਹਾ ਕਿ ਅੱਜ ਉਹ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਅਫ਼ਸਰ ਨੂੰ ਮਿਲੇ ਸਨ ਅਤੇ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ। ਇਸ ਦੌਰਾਨ ਅਫ਼ਸਰ ਵੱਲੋਂ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਦੀ ਸਮੱਸਿਆ ਨੂੰ ਡੀਸੀ ਮੁਕਤਸਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਇਸ ਮੌਕੇ 'ਤੇ ਜਗਰਾਜ ਸਿੰਘ ਨੇ ਕਿਹਾ ਕਿ ਇਸ ਵਾਰ ਦਾ ਸੀਜ਼ਨ ਟਰੱਕ ਯੂਨੀਅਨ ਖੁਦ ਲਗਾਵੇਗੀ। ਉਹਨਾਂ ਕਿਹਾ ਕਿ ਬਾਹਰੀ ਠੇਕੇਦਾਰ ਘੱਟ ਰੇਟਾਂ 'ਤੇ ਟੈਂਡਰ ਲੈ ਲੈਂਦੇ ਹਨ ਅਤੇ ਉਹਨਾਂ ਕੋਲ ਬਾਅਦ ਵਿੱਚ ਪੂਰੀਆਂ ਗੱਡੀਆਂ ਨਹੀਂ ਹੁੰਦੀਆਂ, ਜਿਸ ਕਾਰਨ ਲੋਡਿੰਗ ਅਨਲੋਡਿੰਗ ਦਾ ਕੰਮ ਲੇਟ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਬਾਹਰ ਦੇ ਕਿਸੇ ਵੀ ਠੇਕੇਦਾਰ ਨੂੰ ਘੱਟ ਰੇਟਾਂ 'ਤੇ ਟੈਂਡਰ ਨਹੀਂ ਭਰਨ ਦੇਣਗੇ, ਜੇਕਰ ਫਿਰ ਵੀ ਕੋਈ ਘੱਟ ਰੇਟਾਂ ਟੈਂਡਰ ਲੈ ਜਾਂਦਾ ਹੈ ਤਾਂ ਇਸ ਲਈ ਉਹ ਸੰਘਰਸ਼ ਕਰਨਗੇ।ਇਸ ਮੌਕੇ 'ਤੇ ਸੁਰਿੰਦਰ ਕੁਮਾਰ, ਅਮਰਜੀਤ ਸਿੰਘ, ਜਲੰਧਰ ਸਿੰਘ, ਮਨਜੀਤ ਸਿੰਘ, ਰਾਜਵੀਰ ਸਿੰਘ, ਕਾਲਾ ਸਿੰਘ, ਦਿਲਬਾਗ ਸਿੰਘ, ਸਾਗਰ ਸਿੰਘ, ਗੁਰਜੰਟ ਸਿੰਘ, ਕਮਲਜੀਤ ਸਿੰਘ, ਗੁਰਮੀਤ ਸਿੰਘ, ਨਿਸ਼ਾਨ ਸਿੰਘ, ਬਲਦੇਵ ਸਿੰਘ, ਬੂਟਾ ਸਿੰਘ, ਗੁਰਲਾਲ ਸਿੰਘ, ਸਵਰਨ ਸਿੰਘ, ਮਹਿਕਦੀਪ ਸਿੰਘ, ਪਵਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਟਰੱਕ ਆਪ੍ਰੇਟਰ ਹਾਜ਼ਰ ਸਨ

## ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ : ਰਾਕੇਸ਼ ਬਰੇਟਾ

ਬਰੇਟਾ (ਰੀਤਵਾਲ)-ਪੰਜਾਬ ਭਰ ਵਿੱਚ ਬਲਾਕ ਸਿੱਖਿਆ ਅਫਸਰ ਦੀਆਂ ਵੱਡੇ ਪੱਧਰ 'ਤੇ ਅਸਾਮੀਆਂ ਖਾਲੀ ਪਈਆਂ ਹਨ । ਜਿਸ ਨਾਲ ਜਿੱਥੇ ਅਧਿਆਪਕਾਂ ਦੇ ਕੰਮ ਕਾਜ ਵਿੱਚ ਦੇਰੀ ਹੋ ਰਹੀ ਹੈ ਉੱਥੇ ਤਰੱਕੀਆਂ ਨੂੰ ਉਡੀਕਦੇ ਅਧਿਆਪਕ ਰਿਟਾਇਰ ਹੋ ਰਹੇ ਹਨ। ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਜੋਇੰਟ ਸਕੱਤਰ ਰਾਕੇਸ਼ ਗੋਇਲ ਬਰੇਟਾ ਨੇ ਦੱਸਿਆ ਕਿ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ ਬਲਾਕ ਸਿੱਖਿਆ ਅਫਸਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਉਹਨਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਵਿੱਚ ਬਲਾਕ ਸਿੱਖਿਆ ਅਫਸਰ ਦੀਆਂ 5 ਅਸਾਮੀਆਂ ਮਨਜ਼ੂਰ ਹਨ ਜਦੋਂ ਕਿ ਸਿਰਫ 1 ਪੋਸਟ ਹੀ ਭਰੀ ਹੈ ਬਾਕੀ ਪੰਜ ਪੋਸਟਾਂ ਖਾਲੀ ਪਈਆਂ ਹਨ। ਉਨ੍ਹਾ ਕਿਹਾ ਕਿ ਸਿੱਖਿਆ ਮੰਤਰੀ ਦੇ ਆਪਣੇ ਜ਼ਿਲ੍ਹੇ ਰੂਪਨਗਰ ਵਿੱਚ 9, ਅੰਮ੍ਰਿਤਸਰ ਜ਼ਿਲ੍ਹੇ ਵਿੱਚ 8, ਹੁਸ਼ਿਆਰਪੁਰ ਵਿੱਚ 18 ਅਤੇ ਬਹੁਤੇ ਜ਼ਿਲ੍ਹਿਆਂ ਵਿੱਚ 50% ਤੋਂ ਵੱਧ ਬਲਾਕ ਸਿੱਖਿਆ ਅਫਸਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਜਿਸ ਨਾਲ ਪ੍ਰਾਇਮਰੀ ਸਿੱਖਿਆ ਦਾ ਪ੍ਰਬੰਧ ਚਲਾਉਣ ਵਿੱਚ ਵੱਡੇ ਪੱਧਰ ਤੇ ਸਮੱਸਿਆਵਾਂ ਆ ਰਹੀਆਂ ਹਨ। ਜਥੇਬੰਦੀ ਸਿੱਖਿਆ ਵਿਭਾਗ ਤੋਂ ਮੰਗ ਕਰਦੀ ਹੈ ਕਿ ਬਲਾਕ ਸਿੱਖਿਆ ਅਫਸਰਾਂ ਦੀਆਂ ਤਰੱਕੀਆਂ ਜ਼ਿਲ੍ਹਾ ਪੱਧਰੀ ਸੀਨੀਆਰਤਾ ਬਣਾ ਕੇ ਤੁਰੰਤ ਕੀਤੀਆਂ ਜਾਣ।
ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਜਿੰਨਾ ਸਮਾਂ ਜ਼ਿਲ੍ਹਾ ਪੱਧਰੀ ਸੀਨੀਆਰਤਾ ਸੂਚੀਆਂ ਨਾਲ ਤਰੱਕੀਆਂ ਨਹੀਂ ਹੁੰਦੀਆਂ ਤਦ ਤੱਕ ਅੱਧੇ ਤੋਂ ਵੱਧ ਜ਼ਿਲ੍ਹਿਆਂ ਵਿੱਚ ਬੀ ਪੀ ਈ ਓ ਪੋਸਟਾਂ ਖਾਲੀ ਰਹਿਣ ਦੀਆਂ ਸੰਭਾਵਨਾਵਾਂ ਵੱਧ ਰਹਿਣਗੀਆਂ।ਉਹਨਾਂ ਮੰਗ ਕੀਤੀ ਕਿ ਸੈਂਟਰ ਹੈਡ ਟੀਚਰ ਦੀ ਜ਼ਿਲ੍ਹਾ ਪੱਧਰੀ ਸੀਨੀਆਰਤਾ ਬਣਾ ਕੇ ਬਲਾਕ ਸਿੱਖਿਆ ਅਫਸਰ ਦੀਆਂ ਤਰੱਕੀਆਂ ਕੀਤੀਆਂ ਜਾਣ।


**BHANDARI HOSIERY EXPORTS LIMITED**
Regd. Office: Bhandari House, Village Meharban, Rahon Road, Ludhiana-141007
(Punjab) (India) Ph. 88720-16410, FAX 0161-2690394 CIN: L17115PB1993PLC013930
E-mail : bhandari@bhandariexport.com; web: www.bhandariexport.com
Standalone Un-audited Financial Results for the Quarter ended 30.06.2025 (Rs. In Lakhs)

| Sr. No. | Particulars | Quarter Ended 30.06.2025 (Un-audited) | Quarter Ended 31.03.2025 (Audited) | Quarter Ended 30.06.2024 (Un-audited) | Year ended 31.03.2025 (Audited) |
|---|---|---|---|---|---|
| 1 | Total income from operations | 6296.95 | 8938.18 | 5805.86 | 27882.21 |
| 2 | Net Profit / (Loss) for the period (before Tax, Exceptional and/or Extraordinary items) | 216.35 | 316.28 | 190.71 | 1019.04 |
| 3 | Net Profit / (Loss) for the period before tax (after Extraordinary items) | 216.35 | 316.28 | 190.71 | 1019.04 |
| 4 | Net Profit / (Loss) for the period after tax (after Extraordinary items ) | 161.90 | 265.33 | 142.71 | 771.32 |
| 5 | Paid up Equity Share Capital (Face value of ₹1/- each) | 2400.49 | 2400.49 | 1634.38 | 2400.49 |
| 6 | Total comprehensive income for the period (comprising profit/loss for the period and other comprehensive income (after tax) | 161.90 | 268.80 | 142.71 | 774.80 |
| 7 | Reserves (excluding Revaluation Reserve) as shown in the Audited Balance Sheet of the previous year ended 31.03.2025 | | | | 12914.12 |
| 8 | Earnings Per Share (of Rs. 1/- each) | | | | |
| | Basic : | 0.07 | 0.11 | 0.09 | 0.32 |
| | Diluted : | 0.07 | 0.11 | 0.09 | 0.32 |

Note: 1. The above Unaudited Financial Results for the Quarter ended 30.06.2025 have been reviewed by the Audit Committee and approved by the Board of Directors on 14th August, 2025 in accordance with Regulation 52 of SEBI (Listing Obligations and Disclosure Requirements) Regulations, 2015 as amended. 2. These results have been prepared in accordance with Indian Accounting Standards ('Ind AS') prescribed under Section 133 of the Companies Act, 2013 read with relevant rules thereunder and in terms of Regulation 33 of the SEBI (Listing Obligations & Disclosure Requirements) Regulations 2015 as amended. 3. The Group is engaged in the Single operating segment 'Textiles'. 4. The above is an extract of the detailed format of Financial Results for Quarter ended 30th June, 2025 filed with Stock Exchanges under Regulation 33 of the SEBI (Listing Obligations & Disclosure Requirements) Regulations 2015. The full format of the above said Financial Results are available on the Stock Exchange websites, www.nseindia.com and www.bseindia.com and on the Company's website www.bhandariexport.com.
The aforementioned Financial Results along with the Limited Review Report of the Statutory Auditors thereon can also be accessed by scanning a Quick Response Code given below.

For Bhandari Hosiery Exports Limited
Sd/-
Nitin Bhandari
Chairman & Managing Director
(DIN: 01385065)

Dated : 14.08.2025
Place : Ludhiana


# ਆਕਸਫ਼ੋਰਡ ਸਕੂਲ ਨੇ ਮਨਾਇਆ 79ਵਾਂ ਸੁਤੰਤਰਤਾ ਦਿਵਸ




ਬਠਿੰਡਾ (ਰਾਜੀਵ ਗੋਇਲ)
ਦ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜੋ ਹਰ ਖਾਸ ਦਿਵਸ ਨੂੰ ਬੜੇ ਉਤਸ਼ਾਹ ਤੇ ਹੁਲਾਸ ਨਾਲ ਮਨਾਉਂਦੀ ਹੈ।ਸੰਸਥਾ ਦੇ ਵਿਹੜੇ ਵਿੱਚ 79ਵਾਂ ਅਜ਼ਾਦੀ ਦਿਵਸ ਵੀ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਪ੍ਰੋਗਰਾਮ ਦਾ ਅਗਾਜ਼ ਸਵੇਰ ਦੀ ਸਭਾ ਦੌਰਾਨ ਦੇਸ਼ ਭਗਤੀ ਦੇ ਗੀਤ 'ਸਰਫ਼ਰੋਸ਼ੀ ਕੀ ਤਮੰਨਾ' ਨਾਲ ਹੋਇਆ।ਇਸ ਤੋਂ ਬਾਅਦ ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਮਾਣ ਤਿਰੰਗੇ 'ਤੇ ਡਾਂਸ ਪੇਸ਼ ਕੀਤਾ ਗਿਆ।ਦੂਜੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਜੂਨੀਅਰਜ਼ ਡਾਂਸ ਸ਼ੋਅ ਪੇਸ਼ ਕੀਤਾ।ਡਾਂਸ ਪੇਸ਼ ਕਰਦੇ ਇਹ ਨੰਨ੍ਹੇ ਡਾਂਸਰ ਬੜੇ ਮਨਮੋਹਕ ਲੱਗ ਰਹੇ ਸਨ।ਸਕੂਲ ਦੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਦੇਸ਼-ਭਗਤੀ ਦਾ ਇੰਟਰ ਹਾਊਸ ਸਮੂਹਿਕ ਗਾਣ ਵੀ ਪੇਸ਼ ਕੀਤਾ ਗਿਆ। ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਕੋਰੀਓਗ੍ਰਾਫ਼ੀ-'ਸਾਕਾ ਪਹਿਲਗਾਮ ਦਾ' ਰਾਹੀਂ ਭਾਰਤੀ ਸੈਨਾ ਦੀ ਬਹਾਦਰੀ ਦੀ ਪੇਸ਼ਕਾਰੀ ਕੀਤੀ।ਤਿਰੰਗੇ ਦੇ ਰੰਗਾਂ ਵਿੱਚ ਸਜੇ ਵਿਦਿਆਰਥੀ ਸਮੁੱਚਾ ਹਿੰਦੁਸਤਾਨ ਲੱਗ ਰਹੇ ਸਨ।ਇਸ ਤੋਂ ਬਿਨਾਂ ਸਕੂਲ ਵਿੱਚ ਕਾਰਡ ਮੇਕਿੰਗ, ਹੋਮ ਡੈਕੋਰੇਸ਼ਨ, ਹੈਗਿੰਗ ਡੈਕੋਰੇਸ਼ਨ, ਪੋਸਟਰ ਮੇਕਿੰਗ, ਅਜ਼ਾਦੀ ਘੁਲਾਟੀਆਂ ਦੀਆਂ ਤਸਵੀਰਾਂ ਤੇ ਤਿਰੰਗਾ ਬਣਾਉਣ ਅਤੇ ਇੰਟਰ ਹਾਊਸ ਡਿਸਪਲੇਅ ਬੋਰਡ ਡੈਕੋਰੇਸ਼ਨ ਦੇ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ-ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ।ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਦੇਸ਼ ਦੀ ਅਜ਼ਾਦੀ ਲਈ ਜਾਨਾਂ ਵਾਰਨ ਵਾਲੇ ਯੋਧਿਆਂ ਨੂੰ ਯਾਦ ਕੀਤਾ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਕਿਹਾ ਕਿ ਅਸੀਂ ਹਜ਼ਾਰਾਂ ਸੂਰਮਿਆਂ ਦੀਆਂ ਕੁਰਬਾਨੀਆਂ ਕਾਰਨ ਹੀ ਅਜ਼ਾਦੀ ਦੀ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ ਅਤੇ ਸਾਡਾ ਫ਼ਰਜ਼ ਬਣਦਾ ਹੈ ਕਿ ਸ਼ਹੀਦਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਜੀਵਤ ਰੱਖੀਏ।

# ਉਗੋਕੇ ਦੀ ਪੁਸਤਕ 'ਤੂੰ ਇਕ ਦੀਵਾ ਬਣ' ਆਸਟ੍ਰੇਲੀਆ 'ਚ ਰਿਲੀਜ਼



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਵਿਧਾਨ ਸਭਾ ਹਲਕਾ ਭਦੌੜ ਤੋਂ ਵਿਧਾਇਕ ਲਾਭ ਸਿੰਘ ਉੱਗੋਕੇ ਦੀ ਪੁਸਤਕ 'ਤੂੰ ਇਕ ਦੀਵਾ ਬਣ' ਆਸਟ੍ਰੇਲੀਆ ਦੇ ਟਾਰਨੇਟ 'ਚ ਸਥਿਤ ਪੰਜਾਬ ਕਿਤਾਬ ਘਰ ਵਿਖੇ ਸੀ-ਸੈਵਨ ਆਸਟ੍ਰੇਲੀਆ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰੀਤਮ ਪ੍ਰਕਾਸ਼ਨ ਮਹਿਲ ਕਲਾਂ ਦੇ ਬਾਨੀ ਪ੍ਰੀਤਮ ਸਿੰਘ ਦਰਦੀ ਨੂੰ ਸਮਰਪਤ ਪ੍ਰੋਗਰਾਮ ਦੌਰਾਨ ਲੋਕ ਅਰਪਣ ਕੀਤੀ ਗਈ।ਇਸ ਮੌਕੇ ਪੰਜਾਬੀ ਸਹਿਤਕਾਰ ਮਾ: ਬਲਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਰਾਜਨੀਤੀ ਦੇ ਨਾਲ ਨਾਲ ਸਹਿਤਕ ਖੇਤਰ 'ਚ 'ਤੂੰ ਇਕ ਦੀਵਾ ਬਣ' ਪੁਸਤਕ ਨਾਲ ਵਿਧਾਇਕ ਲਾਭ ਸਿੰਘ ਉਗੋਕੇ ਨੇ ਚੰਗੀ ਸ਼ੁਰੂਆਤ ਕੀਤੀ ਹੈ।ਉਨ੍ਹਾਂ ਕਿਹਾ ਕਿ ਆਸ ਹੈ ਕਿ ਪੰਜਾਬ ਦੇ ਹਿੱਤਾਂ ਲਈ ਵਿਧਾਨ ਸਭਾ 'ਚ ਆਵਾਜ਼ ਬੁਲੰਦ ਕਰਨ ਦੇ ਨਾਲ-ਨਾਲ ਉਸਾਰੂ ਰਚਨਾਵਾਂ ਪੰਜਾਬੀ ਸਹਿਤ ਦੀ ਝੋਲੀ ਪਾਉਣਗੇ।ਪ੍ਰੀਤਮ ਪ੍ਰਕਾਸ਼ਨ ਦੇ ਸੰਚਾਲਕ ਗੁਰਪ੍ਰੀਤ ਸਿੰਘ ਅਣਖੀ ਨੇ ਪੁਸਤਕ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਕਾਵਿ-ਸੰਗ੍ਰਹਿ ਵਿੱਚ ਵਿਧਾਇਕ ਲਾਭ ਸਿੰਘ ਉਗੋਕੇ ਨੇ ਆਪਣੇ ਜੀਵਨ ਦੇ ਸੰਘਰਸ਼ਮਈ ਸਫ਼ਰ, ਇੱਕ ਮਜ਼ਦੂਰ ਪਰਵਾਰ ਵਿੱਚੋਂ ਉੱਠ ਕੇ ਵਿਧਾਇਕ ਬਣਨ ਤੱਕ ਦੇ ਉਤਰਾਅ-ਚੜ੍ਹਾਅ, ਪੰਜਾਬ ਦੇ ਪਾਣੀਆਂ ਦੀ ਸਮੱਸਿਆ ਅਤੇ ਹੋਰ ਸਮਾਜਿਕ ਮੁੱਦਿਆਂ ਨੂੰ ਉਨ੍ਹਾਂ ਨੇ ਆਪਣੇ ਫ਼ਿਕਰ ਅਤੇ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ ਹੈ। ਇਸ ਮੌਕੇ ਸੀ. ਸੈਵਨ ਆਸਟ੍ਰੇਲੀਆ ਤੋਂ ਤਰਨਦੀਪ ਸਿੰਘ ਬਿਲਾਸਪੁਰ, ਅਵਤਾਰ ਸਿੰਘ ਟਹਿਣਾ, ਲੇਖਕ ਪ੍ਰੀਤ ਕੰਵਲ, ਜਗਦੀਪ ਸਿੰਘ ਅਣਖੀ, ਧਰਵਿੰਦਰ ਸਿੰਘ ਸੰਧੂ, ਮਨਪ੍ਰੀਤ ਕੌਰ, ਰਮਨਦੀਪ ਕੌਰ ਨੇ ਵੀ ਵਿਚਾਰ ਰੱਖੇ।ਵਿਧਾਇਕ ਲਾਭ ਸਿੰਘ ਉਗੋਕੇ ਨੇ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੇਸ਼ਾਂ-ਵਿਦੇਸ਼ਾਂ ਤੋਂ ਉਨ੍ਹਾਂ ਦੀ ਲਿਖਤ ਨੂੰ ਮਿਲ ਰਹੇ ਮਾਣ-ਸਤਿਕਾਰ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਨੂੰ ਹੋਰ ਵਧਾ ਦਿੱਤਾ ਹੈ। ਜਲਦ ਹੀ ਉਹ ਆਪਣੀ ਨਵੀਂ ਵਾਰਤਕ ਪੁਸਤਕ ਪੰਜਾਬੀ ਪਾਠਕਾਂ ਦੀ ਝੋਲੀ ਪਾਉਣਗੇ।


**PAOS INDUSTRIES LTD.**
REGD. & CORPORATE OFFICE: VILLAGE PAWA, G.T. ROAD, LUDHIANA-141120
CIN: L24100PB1990PLC049032, Ph: +91-161-5220000.
Email: paosindustriesltd@gmail.com, Website: www.paosindustries.in
EXTRACT OF STANDALONE UNAUDITED FINANCIAL RESULTS FOR THE QUARTER ENDED 30TH JUNE, 2025 (Amount Rs. in Lakh)

| Particulars | Quarter ended 30.06.2025 (Un-audited) | Quarter ended 31.03.2025 (Audited) | Quarter ended 30.06.2024 (Un-audited) | Year to Date 31.03.2025 (Audited) |
|---|---|---|---|---|
| Total Income from operations | 2261.36 | 1624.00 | 0.00 | 5463.62 |
| Other Income | 9.51 | 10.87 | 0.00 | 24.50 |
| **Net Profit/(Loss) for the period (before Tax, Exceptional and/or Extraordinary items)** | 41.55 | (286.68) | (12.00) | (187.68) |
| Net Profit/(Loss) for the period (after Tax, Exceptional and/or Extraordinary items) | 41.55 | (286.68) | (12.00) | (187.68) |
| **Total Comprehensive Income/(Loss) for the period [Comprising Profit for the period (after Tax) and Other Comprehensive Income (after Tax)]** | 46.98 | (232.39) | (12.00) | (70.10) |
| Equity Share Capital Face value of Rs 10/- per share | 610.36 | 610.36 | 610.36 | 610.36 |
| Reserves (excluding Revaluation Reserve) as per last audited FS (31/03/2025) | | | | (2196.35) |
| Earnings Per Share (of Rs. 10/-each) (for continuing and discontinued operations) | | | | |
| a) Basic | 0.77 | (3.81) | (0.20) | (1.26) |
| b) Diluted | 0.77 | (3.81) | (0.20) | (1.26) |

Notes: a) The above Standalone Financial Results were reviewed by the Audit Committee and approved by the Board of Directors at their meeting held on 14th August, 2025 and the same have been reviewed by the Statutory Auditors and the Auditors Report does not contain any adverse remarks. As financial figures for Standalone Audited Financial Results are the same hence single tabular columnar information has been provided for the both. b) The figures of previous have been reclassified and regrouped wherever necessary. c) The above is an extract of the detailed format of the Financial Results for the quarter ending on 30th June, 2025 filed with Stock Exchanges under regulation 33 of the SEBI (Listing Obligations and Disclosure Requirement) Regulations, 2015. The full format of the financial results is available on the Company's website www.paosindustries.in and on the website of the stock exchange www.bseindia.com, The said results can also be assessed from the QR code given below.

For PAOS INDUSTRIES LIMITED
Sd/-
SAGAR BORASE
Director (DIN : 11220136)

DATE : 14-08-2025
PLACE : LUDHIANA

15 Aug Page 8.qxd 8/14/2025 9:02 PM Page 1



# ਗੰਦੇ ਪਾਣੀ ਦੀ ਨਿਕਾਸੀ ਦਾ ਮਸਲਾ ਹੱਲ ਹੋਣ ਤੋਂ ਬਾਅਦ ਧਰਨਾ ਸਮਾਪਤ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਵੱਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕੇ ਧਰਨੇ ਦੇ 38ਵੇਂ ਦਿਨ ਫ਼ਿਲੌਰ ਪ੍ਰਸ਼ਾਸ਼ਨ ਵੱਲੋਂ ਪਾਣੀ ਦੀ ਨਿਕਾਸੀ ਦਾ ਕੰਮ ਸ਼ੁਰੂ ਕਰਨ ਅਤੇ ਤਹਿਸੀਲਦਾਰ ਫ਼ਿਲੌਰ ਮਨਦੀਪ ਸਿੰਘ ਵੱਲੋਂ ਬੀ ਡੀ ਪੀ ਓ ਰਜਿੰਦਰ ਕੌਰ ਦੀ ਹਾਜ਼ਰੀ ਵਿੱਚ ਨਿਰਵਿਘਨ ਕੰਮ ਨੂੰ ਨੇਪਰੇ ਚਾੜ੍ਹਨ ਦੇ ਭਰੋਸੇ ਤੋਂ ਬਾਅਦ ਲੋਕ ਇਨਸਾਫ਼ ਮੰਚ ਦੀ ਟੀਮ ਵੱਲੋਂ ਪੱਕੇ ਧਰਨੇ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ। ਇਸ ਸਮੇਂ ਆਗੂਆਂ ਨੇ ਚੇਤਾਵਨੀ ਵੀ ਦਿੱਤੀ ਕਿ ਅਗਰ ਪ੍ਰਸ਼ਾਸਨ ਵੱਲੋਂ ਪਾਣੀ ਦੀ ਨਿਕਾਸੀ ਵਿੱਚ ਕੋਈ ਢਿੱਲ ਵਰਤੀ ਗਈ ਤਾਂ ਵੱਡੇ ਪੱਧਰ ਅੰਦੋਲਨ ਦੁਬਾਰਾ ਸ਼ੁਰੂ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸ਼ਨ ਦੀ ਹੋਵੇਗੀ। ਇਸ ਮੌਕੇ ਲੋਕ ਇਨਸਾਫ਼ ਮੰਚ ਵੱਲੋਂ ਹਲਕਾ ਫ਼ਿਲੌਰ ਦੇ ਸਥਾਨਕ ਮਸਲਿਆਂ 'ਤੇ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਫ਼ਿਲੌਰ 'ਚ ਮਹਾਂ ਪੰਚਾਇਤ ਕਰਨ ਦਾ ਐਲਾਨ ਕੀਤਾ। ਜਿੱਤ ਰੈਲੀ ਤੋਂ ਬਾਅਦ ਫ਼ਿਲੌਰ ਵਿੱਚ ਜੇਤੂ ਮਾਰਚ ਕੀਤਾ ਗਿਆ ਜਿਹੜਾ ਲੱਕੜ ਮੰਡੀ, ਭਗਵਾਨ ਵਾਲਮੀਕ ਚੌਂਕ ਤੋਂ ਹੁੰਦਾਂ ਹੋਇਆ ਡਾਕਟਰ ਅੰਬੇਦਕਰ ਚੌਂਕ ਫੁੱਲ ਮਲਾਵਾਂ ਭੇਂਟ ਕਰਨ ਤੋਂ ਬਾਅਦ ਡੇਰਾ ਮਈਆ ਭਗਵਾਨ ਦਰਬਾਰ ਵਿਖੇ ਸਮਾਪਤ ਹੋਇਆ।

ਸਥਾਨਕ ਬੀ ਡੀ ਪੀ ਓ ਦਫ਼ਤਰ ਵਿੱਚ ਹੋਈ ਵਿਸ਼ਾਲ ਰੈਲੀ ਨੂੰ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ। ਜਿੱਤ ਰੈਲੀ ਨੂੰ ਕਿਰਤੀ



ਕਿਸਾਨ ਯੂਨੀਅਨ ਦੇ ਆਗੂ ਸੰਤੋਖ ਸਿੰਘ ਸੰਧੂ , ਗੁਰਨਾਮ ਸਿੰਘ ਕੰਦੋਲਾ, ਸਤਨਾਮ ਸਿੰਘ, ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਤੇਜਾ ਸਿੰਘ, ਰਣਜੀਤ ਸਿੰਘ ਖੇਲਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਕਮਲਜੀਤ ਸਿੰਘ ਗੰਨਾ ਪਿੰਡ ਆਦਿ ਨੇ ਸੰਬੋਧਨ ਕੀਤਾ। ਜਿੱਤ ਰੈਲੀ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ ਲਾਡੀ ਮਹਿਸਮਪੁਰ, ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮ ਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ, ਰਵੀ ਕਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਸੁਰਿੰਦਰ ਮਾਹਲਾ, ਪਰਵਿੰਦਰ ਫਲਪੋਤਾ ਆਦਿ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

# ਨਸ਼ਾ ਤਸਕਰਾਂ ਦੇ ਘਰਾਂ 'ਤੇ ਚੱਲਿਆ ਪੀਲਾ ਪੰਜਾ

## ਪੰਚਾਇਤੀ ਜ਼ਮੀਨ 'ਤੇ ਕੀਤੀ ਅਣਅਧਿਕਾਰਤ ਉਸਾਰੀ ਢਾਹੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਤਹਿਤ, ਹੁਸ਼ਿਆਰਪੁਰ ਪੁਲਸ ਵੱਲੋਂ ਗੜ੍ਹਸ਼ੰਕਰ ਦੇ ਇੱਕ ਪਿੰਡ ਵਿੱਚ ਨਸ਼ਾ ਤਸਕਰਾਂ ਦੇ ਘਰਾਂ ਤੇ ਪੀਲਾ ਪੰਜਾ ਚਲਾਇਆ। ਜ਼ਿਲ੍ਹਾ ਪੁਲਸ ਵੱਲੋਂ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਪਿੰਡ ਦੇਨੋਵਾਲ ਖੁਰਦ ਦੇ ਬਸਤੀ ਸਾਂਸੀਆ ਵਿੱਚ 13 ਮਰਲੇ ਖੇਤਰ ਵਿੱਚ ਪੰਚਾਇਤੀ ਜ਼ਮੀਨ 'ਤੇ ਕੀਤੀਆਂ



ਗਈਆਂ 5 ਅਣਅਧਿਕਾਰਤ ਉਸਾਰੀਆਂ ਨੂੰ ਢਾਹ ਦਿੱਤਾ।ਇਹ ਗੈਰ-ਕਾਨੂੰਨੀ ਉਸਾਰੀ 9 ਲੋਕਾਂ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਖ਼ਿਲਾਫ਼ 100 ਐੱਫ ਆਈ ਆਰ ਦਰਜ ਹਨ, ਜਿਨ੍ਹਾਂ ਵਿੱਚੋਂ 92 ਐੱਫ ਆਈ ਆਰ ਐੱਨ ਡੀ ਪੀ ਐੱਸ ਨਾਲ ਸਬੰਧਤ ਹਨ ਅਤੇ ਕਈ ਮਾਮਲਿਆਂ ਵਿੱਚ ਉਨ੍ਹਾਂ ਨੂੰ ਸਜ਼ਾ ਵੀ ਸੁਣਾਈ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਇਹ ਕਾਰਵਾਈ ਪੇਂਡੂ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਬੇਨਤੀ 'ਤੇ ਕੀਤੀ ਗਈ ਸੀ, ਜਿਨ੍ਹਾਂ ਨੂੰ ਇਸ ਗੈਰ-ਕਾਨੂੰਨੀ ਉਸਾਰੀ ਨੂੰ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ।ਕਾਰਵਾਈ 9 ਲੋਕਾਂ ਵਿਰੁੱਧ ਕੀਤੀ ਗਈ ਹੈ। ਇਨ੍ਹਾਂ ਵਿੱਚ ਗੁਲਜ਼ਾਰ ਸਿੰਘ, ਸੁਖਵਿੰਦਰ ਰਾਣੀ, ਗੁਰਦਿਆਲ ਸਿੰਘ, ਅਮਰਜੀਤ ਕੌਰ, ਨਿਰਮਲ ਚੰਦ, ਇੰਦਰਜੀਤ, ਜੋਗਾ ਸਿੰਘ, ਸੰਤੋਖ ਸਿੰਘ ਅਤੇ ਜੋਗਿੰਦਰ ਸਿੰਘ ਸ਼ਾਮਲ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਕਥਿਤ ਦੋਸ਼ੀਆਂ ਵਿਰੁੱਧ ਤੁਰੰਤ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਲੜਕੀ ਨੇ ਲੁਟੇਰਾ ਖੁਰਦ ਦੇ ਸਰਪੰਚ 'ਤੇ ਲਗਾਏ ਪ੍ਰੇਸ਼ਾਨ ਕਰਨ ਦੇ ਦੋਸ਼, ਸਰਪੰਚ ਨੇ ਨਕਾਰੇ

**ਆਦਮਪੁਰ (ਪਰਮਜੀਤ ਸਿੰਘ)**— ਇੱਕ ਪ੍ਰੈੱਸ ਕਾਨਫਰੰਸ ਰਾਹੀਂ ਇੱਕ ਲੜਕੀ ਵੱਲੋਂ ਲੁਟੇਰਾ ਖੁਰਦ ਪਿੰਡ ਦੇ ਸਰਪੰਚ ਜਸਪ੍ਰੀਤ ਸਿੰਘ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਆਪਣੇ ਨਾਨਕੇ ਪਿੰਡ ਲੁਟੇਰਾ ਖੁਰਦ ਵਿਖੇ ਰਹਿੰਦੀ ਹੈ ਤੇ ਪਿਛਲੇ ਕਾਫੀ ਸਮੇਂ ਤੋਂ ਸਰਪੰਚ ਜਸਪ੍ਰੀਤ ਸਿੰਘ ਵੱਲੋਂ ਲਗਾਤਾਰ ਉਸਨੂੰ ਪ੍ਰੇਸ਼ਾਨ ਕਰਦਿਆਂ ਰਿਲੇਸ਼ਨ ਬਣਾਉਣ ਦਾ ਜੋਰ ਪਾਇਆ ਜਾ ਰਿਹਾ ਹੈ, ਜਿਸ ਸਬੰਧੀ ਮੇਰੇ ਵਲੋਂ ਕਈ ਵਾਰ ਸਮਝਾਉਣ 'ਤੇ ਵੀ ਇਹ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ। ਜਿਸ ਸਬੰਧੀ ਉਨ੍ਹਾਂ



ਪੁਲਸ ਨੂੰ ਵੀ ਸ਼ਿਕਾਇਤ ਕੀਤੀ ਪਰ ਕਾਰਵਾਈ ਨਹੀਂ ਹੋਈ ਤੇ ਹੁਣ ਹਾਰ ਕੇ ਉਹ ਆਪਣਾ ਦੁੱਖ ਸੁਣਾਉਣ ਆਏ ਹਨ। ਉਨ੍ਹਾਂ ਇਸ ਮੌਕੇ ਦੋ ਪੰਚਾਂ ਤੇ ਪਿੰਡ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ 'ਤੇ ਵੀ ਉਨ੍ਹਾਂ ਉੱਪਰ ਸਮਝੌਤੇ ਦੇ ਲਈ ਦਬਾਅ ਪਾਇਆ ਜਾ ਰਿਹਾ ਹੈ। ਉਸਨੇ ਮੰਗ ਕਰਦਿਆਂ ਕਿਹਾ ਕਿ ਉਸ ਨੂੰ ਇਨਸਾਫ ਦਿਵਾਇਆ ਜਾਵੇ। ਇਸ ਮੌਕੇ ਉਨ੍ਹਾਂ ਨਾਲ ਵਰਿੰਦਰ ਸਿੰਘ ਪਰਹਾਰ ਅਤੇ ਅਕਾਲੀ ਆਗੂ ਸਰਪੰਚ ਹਰਮਿੰਦਰ ਸਿੰਘ ਕਾਲਰਾ ਵੀ ਹਾਜਰ ਸਨ। ਇਸ ਸਬੰਧੀ ਸਰਪੰਚ ਜਸਪ੍ਰੀਤ ਸਿੰਘ ਨੇ ਵੀ ਪੱਤਰਕਾਰ ਵਾਰਤਾ ਦੌਰਾਨ ਆਪਣਾ ਪੱਖ ਰੱਖਦਿਆਂ ਕਿਹਾ ਕਿ ਉਸ 'ਤੇ ਲਗਾਏ ਜਾ ਰਹੇ ਸਾਰੇ ਦੋਸ਼ ਬੇਬੁਨਿਆਦ ਅਤੇ ਵਿਰੋਧੀ ਪਾਰਟੀ ਦੀ ਸੌੜੀ ਰਾਜਨੀਤੀ ਦਾ ਹਿੱਸਾ ਹੈ ਅਤੇ ਉਨ੍ਹਾਂ ਦੇ ਸਰਪੰਚ ਬਣਨ ਤੋਂ ਬਾਅਦ ਹੀ ਵਿਰੋਧੀ ਕਿਸੇ ਨਾ ਕਿਸੇ ਤਰੀਕੇ ਲਗਾਤਾਰ ਉਨ੍ਹਾਂ ਬੇਬੁਨਿਆਦ ਦੋਸ਼ ਲਗਾ ਅਤੇ ਪਿੰਡ ਦੇ ਕੰਮਾਂ ਵਿੱਚ ਅੜਿੱਕਾ ਪਾ ਪ੍ਰੇਸ਼ਾਨ ਤੇ ਡਰਾਉਣ ਦੇ ਯਤਨ ਕਰ ਰਹੇ ਹਨ। ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਦਲਜੀਤ ਸਿੰਘ ਮਿਨਹਾਸ ਨੇ ਕਿਹਾ ਕਿ ਇਸ ਮਾਮਲੇ ਵਿੱਚ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਸੀ ਪਰ ਇਸਨੂੰ ਗੰਦੀ ਰਾਜਨੀਤੀ ਹੀ ਕਹਿ ਸਕਦੇ ਹਾਂ ਕਿ ਇਸ ਮਾਮਲੇ ਅੰਦਰ ਉਨ੍ਹਾਂ ਦਾ ਨਾਂਅ ਉਛਾਲਿਆ ਜਾ ਰਿਹਾ ਹੈ ਜਦਕਿ ਮੈਂ ਸਿਰਫ ਪਿੰਡ ਦਾ ਵਾਸੀ ਹੋਣ ਕਾਰਨ ਪੰਚਾਂ ਦੇ ਨਾਲ ਇਸ ਪਾਸ ਗੱਲ ਕਰਨ ਹੀ ਗਿਆ ਸੀ। ਉਨ੍ਹਾਂ ਕਿਹਾ ਇਸ ਮਾਮਲੇ ਅੰਦਰ ਜੋ ਕੋਈ ਵੀ ਦੋਸ਼ੀ ਹੋਵੇ ਉਹ ਉਸਨੂੰ ਸਜਾ ਦਿਵਾਉਣ ਵਿੱਚ ਪੂਰੇ ਯਤਨ ਕਰਨਗੇ ਪਰ ਇਸ ਮਾਮਲੇ ਵਿੱਚ ਕਨੂੰਨ ਨੂੰ ਨਿਰਪੱਖ ਜਾਂਚ ਕਰਦਿਆਂ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ।

ਇਸ ਪੂਰੇ ਮਾਮਲੇ ਸਬੰਧੀ ਵਰਿੰਦਰ ਸਿੰਘ ਪਰਹਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਗਰੀਬ ਲੜਕੀ ਨਾਲ ਬੇਇਸਾਫੀ ਹੋ ਰਹੀ ਹੈ ਪਿੱਛਲੇ ਕਈ ਮਹੀਨਿਆਂ ਤੋਂ ਸ਼ਿਕਾਇਤ ਦੇਣ ਉਪਰੰਤ ਕੋਈ ਕਾਰਵਾਈ ਹੋ ਰਹੀ ਤੇ ਪੁਲਸ ਅਤੇ ਸਿਆਸੀ ਆਗੂ ਲਗਾਤਾਰ ਰਾਜੀਨਾਮੇ ਦਾ ਦਬਾਓ ਬਣਾ ਰਹੇ ਹਨ।

## ਯੁੱਧ ਨਸ਼ਿਆਂ ਵਿਰੁੱਧ ਗੀਤ ਦਾ ਫਿਲਮਾਂਕਣ ਹੋਇਆ ਮੁਕੰਮਲ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪੰਜਾਬ ਦੇ ਮਸ਼ਹੂਰ ਗਾਇਕ ਦਿਲਵਰਜੀਤ ਦਿਲਵਰ ਅਤੇ ਸੁਨੈਨਾ ਨੂਰ ਦੁਆਰਾ ਗਾਏ ਗੀਤ ਯੁੱਧ ਨਸ਼ਿਆਂ ਵਿਰੁੱਧ ਦਾ ਫਿਲਮਾਂਕਣ ਵੱਖ-ਵੱਖ ਲੁਕੇਸ਼ਨਾਂ 'ਤੇ ਮੁਕੰਮਲ ਹੋਇਆ। ਗੀਤਕਾਰ ਦੇਸ ਰਾਜ ਬਾਲੀ ਦੁਆਰਾ ਲਿਖੇ ਇਸ ਗੀਤ ਨੂੰ



ਸੰਗੀਤਕ ਧੁਨਾਂ ਵਿੱਚ ਬੰਗਾ ਡਿਮਾਣਾ ਨੇ ਸ਼ਿੰਗਾਰਿਆ ਹੈ ਅਤੇ ਜਤਿੰਦਰ ਡਿਮਾਣਾ ਦੀ ਨਿਰਦੇਸ਼ਨਾ ਹੇਠ ਕੈਮਰਾਮੈਨ ਜਸਵੀਰ ਜੱਸੀ ਅਤੇ ਨੀਰਜ ਮੱਟੂ ਦੁਆਰਾ ਫ਼ਰੇਨ ਦੁਆਰਾ ਇਸ ਗੀਤ ਨੂੰ ਫ਼ਿਲਮਾਇਆ ਹੈ। ਵੱਖ ਅਦਾਕਾਰਾਂ ਸਿਕੰਦਰ ਸ਼ੀਹਮਾਰ, ਸਤੀਸ਼ ਕੁਮਾਰ,ਮੇਜਰ ਹਵਾਸ,ਅਜਾਇਬ ਸਿੰਘ ਲੰਗੜੋਆ, ਸੁਰਿੰਦਰ ਭੱਲੀ ਸਾਬਕਾ ਸਰਪੰਚ,ਖਿਡਾਰੀਆਂ ਅਤੇ ਪਹਿਲਵਾਨਾਂ ਨੇ ਇਸ ਵਿੱਚ ਕੰਮ ਕੀਤਾ ਹੈ। ਗੀਤ ਦੇ ਲੇਖਕ ਦੇਸ ਰਾਜ ਬਾਲੀ ਨੇ ਕਿਹਾ ਕਿ ਇਹ ਗੀਤ ਨੌਜਵਾਨ ਪੀੜ੍ਹੀ ਲਈ ਪ੍ਰੇਰਨਾਦਾਇਕ ਸਿੱਧ ਹੋਵੇਗਾ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਤੌਬਾ ਕਰਨ ਲਈ ਮਜਬੂਰ ਕਰੇਗਾ। ਇਸ ਗੀਤ ਵਿੱਚ ਮੌਜੂਦਾ ਸਰਕਾਰ ਦੁਆਰਾ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।

## ਫਿਲੌਰ ਪੁਲਸ ਵੱਲੋਂ ਆਜ਼ਾਦੀ ਦਿਵਸ ਮੌਕੇ ਫਲੈਗ ਮਾਰਚ

**ਫਿਲੌਰ (ਨਿਰਮਲ)**- ਆਜ਼ਾਦੀ ਦਿਵਸ ਨੂੰ ਧਿਆਨ ਵਿੱਚ ਰੱਖਦਿਆਂ ਫਿਲੌਰ ਸਬ ਡਿਵੀਜ਼ਨ ਪੁਲਸ ਵੱਲੋਂ ਫਲੈਗ ਮਾਰਚ ਕੱਢਿਆ ਗਿਆ।ਇਸ ਮੌਕੇ ਉਪ ਪੁਲਿਸ ਕਪਤਾਨ (ਡੀ ਐੱਸ ਪੀ) ਸਰਵਣ ਸਿੰਘ ਬੱਲ ਸਮੇਤ ਫਿਲੌਰ, ਗੁਰਾਇਆ ਤੇ ਬਿਲਗਾ ਥਾਣਿਆਂ ਦੇ ਮੁਖੀਆਂ ਨੇ ਸ਼ਿਰਕਤ ਕੀਤੀ। ਫਲੈਗ ਮਾਰਚ ਉਪ ਪੁਲਿਸ ਕਪਤਾਨ ਦਫ਼ਤਰ ਤੋਂ ਸ਼ੁਰੂ



ਹੋ ਕੇ ਫਿਲੌਰ ਦੇ ਮੁੱਖ ਬਾਜ਼ਾਰਾਂ ਰਾਹੀਂ ਗੁਜ਼ਰਿਆ। ਡੀ ਐੱਸ ਪੀ ਸਰਵਣ ਸਿੰਘ ਬੱਲ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਦਾ ਸਾਥ ਦੇਣ ਤੇ ਜੇਕਰ ਕਿਸੇ ਨੂੰ ਵੀ ਕਿਸੇ ਮਾੜੇ ਅਨਸਰ ਬਾਰੇ ਜਾਣਕਾਰੀ ਮਿਲੇ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦੇਣ।ਡੀ ਐੱਸ ਪੀ ਨੇ ਦੱਸਿਆ ਕਿ ਆਜ਼ਾਦੀ ਦਿਵਸ ਮੌਕੇ ਚੌਕਸੀ ਵਧਾ ਦਿੱਤੀ ਗਈ ਹੈ। ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਜਾ ਰਹੀ ਹੈ।

## ਮੋਦੀ-ਟਰੰਪ ਵਪਾਰਕ ਸੌਦੇ ਦੇ ਵਿਰੋਧ 'ਚ ਕਿਸਾਨਾਂ ਪੁਤਲੇ ਫੂਕੇ

**ਫਿਲੌਰ (ਨਿਰਮਲ)**- ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਤੇ ਕਈ ਕਿਸਾਨ ਯੂਨੀਅਨਾਂ ਵੱਲੋਂ ਫਿਲੌਰ ਵਿਖੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਫੂਕੇ ਗਏ। ਇਹ ਵਿਰੋਧ ਉਸ ਵਪਾਰਕ ਸੌਦੇ ਦੇ ਖ਼ਿਲਾਫ਼ ਕੀਤਾ ਗਿਆ, ਜਿਸ ਰਾਹੀਂ ਅਮਰੀਕਾ ਭਾਰਤ ਨਾਲ ਖੇਤੀਬਾੜੀ, ਬਾਗਬਾਨੀ ਅਤੇ ਦੁੱਧ ਖੇਤਰ ਵਿੱਚ ਖੁੱਲ੍ਹਾ ਵਪਾਰ ਕਰਨਾ



ਚਾਹੁੰਦਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਇਹ ਸਮਝੌਤਾ ਲਾਗੂ ਹੋਇਆ ਤਾਂ ਭਾਰਤੀ ਕਿਸਾਨੀ ਬੁਰੀ ਤਰ੍ਹਾਂ ਤਬਾਹ ਹੋ ਜਾਵੇਗੀ। ਪ੍ਰਦਰਸ਼ਨ ਵਿੱਚ ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਦੋਆਬਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਅਤੇ ਲੋਕ ਇਨਸਾਫ ਮੰਚ ਦੇ ਸੈਂਕੜਿਆਂ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿਸਾ ਲਿਆ। ਪ੍ਰਦਰਸ਼ਨ ਦੀ ਅਗਵਾਈ ਕਿਰਤੀ ਨੌਜਵਾਨ ਯੂਨੀਅਨ ਦੇ ਸੂਬਾਈ ਆਗੂ ਸੰਤੋਖ ਸਿੰਘ ਸੰਧੂ ਅਤੇ ਲੋਕ ਇਨਸਾਫ ਮੰਚ ਦੇ ਹਰਦੇਜ ਸਿੰਘ ਨੇ ਕੀਤੀ।

## 'ਆਪ' ਸੋਸ਼ਲ ਮੀਡੀਆ ਟੀਮ ਦੀ ਮੀਟਿੰਗ

**ਬਲਾਚੌਰ/ਨਵਾਂ ਸ਼ਹਿਰ (ਜਸਵਿੰਦਰ ਬੈਂਸ/ਕੁਲਵਿੰਦਰ ਸਿੰਘ ਦੁਰਗਾਪੁਰੀਆ)**-'ਆਪ' ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਣ ਲਈ ਆਮ ਆਦਮੀ ਪਾਰਟੀ ਦੇ ਸੋਸ਼ਲ ਮੀਡੀਆ ਵਿੰਗ ਰਾਹੀਂ ਬੂਥ ਲੈਵਲ ਤੱਕ ਪ੍ਰਚਾਰ ਕਰਨ ਲਈ ਬੂਥ ਲੈਵਲ ਦੀਆਂ ਕਮੇਟੀਆਂ ਦਾ ਗਠਨ ਕਰਨ ਲਈ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਕੀਤਾ ਗਿਆ।

ਮੀਟਿੰਗ ਦੌਰਾਨ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਵਲੋਂ ਹਲਕੇ ਦੇ ਵਿਕਾਸ ਕਾਰਜਾਂ, ਸਰਕਾਰੀ ਯੋਜਨਾਵਾਂ ਦੀ ਪ੍ਰਚਾਰ-ਪ੍ਰਸਾਰ ਰਣਨੀਤੀ ਅਤੇ ਲੋਕਾਂ ਤੱਕ ਸਹੀ ਜਾਣਕਾਰੀ ਪਹੁੰਚਾਉਣ ਦੇ ਤਰੀਕਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਵਿਧਾਇਕ ਸੰਤੋਸ਼ ਕਟਾਰੀਆ ਨੇ ਟੀਮ ਮੈਂਬਰਾਂ ਨੂੰ ਸੋਸ਼ਲ ਮੀਡੀਆ ਰਾਹੀਂ ਲੋਕਾਂ ਨਾਲ ਮਜਬੂਤ ਸੰਪਰਕ ਬਣਾਈ ਰੱਖਣ ਦੀ ਅਪੀਲ ਕੀਤੀ।



ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ ਹਤੈਸੀ ਨੀਤੀਆਂ ਦਾ ਨਿਰਮਾਣ ਕਰ ਰਹੀ ਹੈ।

ਇਸ ਮੌਕੇ ਕੁਲਵੰਤ ਸਿੰਘ ਜ਼ਿਲ੍ਹਾ ਸੋਸ਼ਲ ਮੀਡੀਆ ਪ੍ਰਧਾਨ ਨੇ ਕਿਹਾ ਕਿ 2027 ਦੀਆਂ ਚੋਣਾਂ ਮੁੱਖ ਰੱਖਦਿਆਂ ਹੋਇਆਂ ਆਮ ਆਦਮੀ ਪਾਰਟੀ ਜੰਗੀ ਪੱਧਰ ਤੇ ਸੋਸ਼ਲ ਮੀਡੀਆ ਟੀਮ ਦਾ ਗਠਨ ਕਰਨ ਜਾ ਰਹੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ, ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਮਾਰਕੀਟ ਕਮੇਟੀ ਚੇਅਰਮੈਨ ਸੇਠੀ ਉਧਨਵਾਲ, ਕੁਲਵੰਤ ਸਿੰਘ ਜ਼ਿਲ੍ਹਾ ਸੋਸ਼ਲ ਮੀਡੀਆ ਪ੍ਰਧਾਨ ਹਾਜ਼ਰ ਸਨ।

# ਸੰਘਰਸ਼ ਕਮੇਟੀ ਪਡਿਆਲਾ ਨੇ ਰਾਜੇਵਾਲ ਦਾ ਕੀਤਾ ਸਨਮਾਨ

**ਕੁਰਾਲੀ (ਮੋਹਨ ਅੱਗਰਵਾਲ)**- ਪਿਛਲੇ ਲੰਬੇ ਸਮੇਂ ਤੋਂ ਪਿੰਡ ਪਡਿਆਲਾ ਦੇ ਲੋਕ ਪਿੰਡ ਵਿੱਚੋਂ ਲੰਘ ਰਹੇ ਭਾਰਤ ਮਾਲਾ ਪ੍ਰੋਜੈਕਟ ਦੇ ਪੁਲ ਵਿੱਚੋਂ ਰਸਤਾ ਲੈਣ ਲਈ ਵੱਡਾ ਸੰਘਰਸ਼ ਕਰ ਰਹੇ ਸਨ।

ਸਥਾਨਕ ਲੋਕਾਂ ਵੱਲੋਂ ਕੀਤੇ ਜਾ ਰਹੇ ਇਸ ਸੰਘਰਸ਼ ਦੀ ਉਦੋਂ ਜਿੱਤ ਹੋਈ ਜਦੋਂ ਪਿੰਡ ਪਡਿਆਲਾ ਦੇ ਲੋਕਾਂ ਨੂੰ ਪੁੱਲ ਦੇ ਥੱਲਿਉਂ ਲਾਂਘਾ ਲਈ ਤਿੰਨ ਵੱਡੇ ਰਸਤੇ ਮਿਲੇ। ਸੰਘਰਸ਼ ਦੀ ਇਸ ਜਿੱਤ ਦੀ ਖ਼ੁਸ਼ੀ ਨੂੰ ਲੈ ਕੇ ਪਿੰਡ ਪਡਿਆਲਾ ਦੇ ਵਿੱਚ ਇੱਕ ਵੱਡਾ ਧੰਨਵਾਦ ਸਮਾਰੋਹ ਰੱਖਿਆ ਗਿਆ। ਇਸ ਧੰਨਵਾਦ ਸਮਾਰੋਹ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਸੀਨੀਅਰ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨ ਲਈ ਪਹੁੰਚੇ ਅਤੇ ਉਨ੍ਹਾਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ। ਉਹਨਾਂ ਕਿਹਾ ਕਿ ਜਿੱਥੇ ਕਿਸਾਨ ਜਥੇਬੰਦੀ ਵੱਲੋਂ ਇਸ ਸੰਘਰਸ਼ ਦੇ ਵਿੱਚ ਡੱਟ ਕੇ ਸਹਿਯੋਗ ਦਿੱਤਾ ਗਿਆ ਉੱਥੇ ਹੀ ਕਾਂਗਰਸੀ ਆਗੂ ਪਡਿਆਲਾ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਰਾਬਤਾ ਕਾਇਮ ਕਰਕੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਅਤੇ ਪੰਜਾਬ ਪੰਚਾਇਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ



ਕਰਵਾ ਇਸ ਮੰਗ ਨੂੰ ਪੂਰਾ ਕਰਵਾਇਆ ਗਿਆ।ਇਸ ਮੌਕੇ ਕਿਸਾਨ ਆਗੂ ਗੁਰਮੀਤ ਸਿੰਘ ਸ਼ਾਂਟੂ (ਸਾਬਕਾ ਡਾਇਰੈਕਟਰ ਮਿਲਕ ਪਲਾਂਟ), ਤਜਿੰਦਰ ਸਿੰਘ ਪੂਨੀਆ, ਜਸਵੰਤ ਸਿੰਘ ਪੂਨੀਆ ਮਾਜਰਾ, ਜਸਪਾਲ ਸਿੰਘ ਲਾਂਡਰਾਂ, ਅਮਰਜੀਤ ਸਿੰਘ ਪਟਿਆਲਾ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਪਥਰੇੜੀ, ਦਰਸ਼ਨ ਸਿੰਘ ਖੇੜਾ, ਕੁਲਵਿੰਦਰ ਸਿੰਘ ਸਾਬਕਾ ਸਰਪੰਚ, ਮੁਕੇਸ਼ ਰਾਣਾ ਸਾਬਕਾ ਕੌਂਸਲਰ, ਬਲਵਿੰਦਰ ਸਿੰਘ ਰੰਗੂਆਣਾਂ, ਜਰਨੈਲ ਸਿੰਘ ਗੋਸਲਾ ਰਣਧੀਰ ਸਿੰਘ ਕਾਲੇਵਾਲ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਬੱਚਿਆਂ ਨੂੰ ਕਾਨੂੰਨੀ ਤਰੀਕੇ ਨਾਲ ਗੋਦ ਲਿਆ ਜਾਵੇ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਅਕਸਰ ਇਹ ਦੇਖਿਆ ਗਿਆ ਹੈ ਕਿ ਅਣ-ਵਿਆਹੀਆਂ ਮਾਵਾਂ ਜਾਂ ਮਾਪੇ, ਜੋ ਕਿ ਬੱਚਿਆਂ ਨੂੰ ਆਪਣੇ ਕੋਲ ਰੱਖਣ ਵਿਚ ਅਸਮਰੱਥ ਹਨ ਤੇ ਬੱਚਿਆਂ ਨੂੰ ਸਪੁਰਦ ਕਰਨਾ ਚਾਹੁੰਦੇ ਹਨ ਜਾਂ ਗੋਦ ਦੇਣਾ ਚਾਹੁੰਦੇ ਹਨ, ਉਹ ਸਭ ਤੋਂ ਪਹਿਲਾਂ ਹਸਪਤਾਲ, ਨਰਸਿੰਗ ਹੋਮ ਜਾਂ ਡਾਕਟਰ ਨਾਲ ਸੰਪਰਕ ਕਰਦੇ ਹਨ।



ਇਸ ਤੋਂ ਇਲਾਵਾ ਉਹ ਮਾਪੇ ਜੋ ਬੱਚਿਆਂ ਨੂੰ ਗੋਦ ਲੈਣਾ ਚਾਹੁੰਦੇ ਹਨ, ਉਹ ਵੀ ਇਨ੍ਹਾਂ ਨਾਲ ਰਾਬਤਾ ਕਾਇਮ ਕਰਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਜਿੰਨੀਆਂ ਵੀ ਸਿਹਤ ਸਬੰਧੀ ਸੰਸਥਾਵਾਂ (ਸਰਕਾਰੀ/ਪ੍ਰਾਈਵੇਟ) ਤੇ ਡਾਕਟਰ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਬੱਚੇ ਕਾਨੂੰਨ ਦੇ ਤਹਿਤ ਸਪੁਰਦ ਕਰਨ ਜਾਂ ਗੋਦ ਲੈਣ ਦੀ ਪ੍ਰਕਿਰਿਆ ਬਾਰੇ ਜਾਣੂ ਹੋਣਾ ਜ਼ਰੂਰੀ ਹੈ, ਤਾਂ ਜੋ ਕਿ ਗੈਰ-ਕਾਨੂੰਨੀ ਅਡਾਪਸ਼ਨਾਂ ਨੂੰ ਰੋਕਿਆ ਜਾ ਸਕੇ ਅਤੇ ਬੱਚਿਆਂ ਦੇ ਹਿੱਤਾਂ ਦੀ ਰੱਖਿਆ ਕਰਦੇ ਹੋਏ ਉਨ੍ਹਾਂ ਨੂੰ ਟ੍ਰੈਫਿਕਿੰਗ ਜਾਂ ਸ਼ੋਸ਼ਣ ਦੇ ਜੋਖਮਾਂ ਤੋਂ ਬਚਾਇਆ ਜਾ ਸਕੇ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਨੋਡਲ ਏਜੰਸੀ ਹੈ। ਇਹ ਜੇ.ਜੇ ਐਕਟ ਅਨਾਥ, ਤਿਆਗੇ ਹੋਏ ਜਾਂ ਸਮਰਪਣ ਕੀਤੇ ਗਏ ਬੱਚਿਆਂ (ਓ.ਏ.ਐਸ) ਦੀ ਦੇਖਭਾਲ ਸੁਰੱਖਿਆ, ਪੁਨਰਵਾਸ ਅਤੇ ਗੋਦ ਲੈਣ ਲਈ ਕਾਰਾ ਨਵੀਂ ਦਿੱਲੀ ਰਾਹੀਂ ਇੱਕ ਵਿਆਪਕ ਕਾਨੂੰਨੀ ਢਾਂਚਾ ਪ੍ਰਦਾਨ ਕਰਦੀ ਹੈ ਅਤੇ ਸਾਰੇ ਓ.ਏ.ਐਸ ਬੱਚਿਆਂ ਦੀ ਸਥਾਨਕ ਬਾਲ ਭਲਾਈ ਕਮੇਟੀ (ਸੀ.ਡਬਲਯੂ.ਸੀ) ਨੂੰ ਰਿਪੋਰਟ ਕਰਨ ਦੀ ਆਦੇਸ਼ ਦਿੰਦੀ ਹੈ। ਜੇਕਰ ਕਿਸੇ ਵੀ ਅਦਾਰੇ (ਸਰਕਾਰੀ/ਪ੍ਰਾਈਵੇਟ) ਵਿੱਚ ਇਸ ਦੀ ਉਲੰਘਣਾ ਕੀਤੀ ਜਾਂਦੀ ਹੈ ਅਤੇ ਬੱਚੇ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਗੋਦ ਲੈਣ ਦੀ ਪ੍ਰਕਿਰਿਆ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਜਾਂ ਜਾਣਕਾਰੀ ਨੂੰ ਗੁਪਤ ਰੱਖਿਆ ਜਾਂਦਾ ਹੈ, ਤਾਂ ਇਸ ਸਬੰਧੀ ਉਨ੍ਹਾਂ ਨੂੰ ਛੇ ਮਹੀਨੇ ਦੀ ਸਜਾ ਜਾਂ ਦਸ ਹਜ਼ਾਰ ਰੁਪਏ ਦਾ ਜੁਰਮਾਨਾ ਜਾਂ ਦੋਨਾਂ ਦੀ ਸਜ਼ਾ ਦਾ ਉਪਬੰਧ ਹੈ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਟਰੰਪ ਅਤੇ ਮੋਦੀ ਦਾ ਪੁਤਲਾ ਫੂਕਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਯੁਕਤ ਕਿਸਾਨ ਮੋਰਚਾ ਦੇ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਪਿੰਡ ਕੱਕੋਂ ਦੇ ਅੱਡੇ ਤੇ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਕਾ. ਗੁਰਮੇਸ਼ ਸਿੰਘ ਅਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਦਵਿੰਦਰ ਸਿੰਘ ਕੱਕੋਂ ਦੀ ਅਗਵਾਈ ਵਿੱਚ ਇਕੱਤਰਤਾ ਕੀਤੀ ਗਈ।ਇਸ ਮੌਕੇ ਬੁਲਾਰਿਆਂ ਨੇ ਟਰੰਪ ਦਾ ਲੋਕ ਵਿਰੋਧੀ ਚਿਹਰਾ ਨੰਗਾ ਕਰਦਿਆਂ ਕਿਹਾ ਕਿ ਟਰੰਪ ਜੰਗੀ ਸਮਾਨ ਬਣਾਉਂਦਾ ਹੈ ਅਤੇ ਵੇਚਦਾ ਹੈ। ਧੱਕੇ ਨਾਲ ਦੇਸ਼ਾਂ ਨੂੰ ਡਰਾ ਕੇ ਟੈਕਸ ਲਗਾਉਣ ਵਿੱਚ ਮੋਹਰੀ ਹੈ। ਬੁਲਾਰਿਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਟਰੰਪ ਅਤੇ ਹੋਰ ਦੇਸ਼ਾਂ ਨਾਲ ਚੱਲ ਰਹੇ ਸਮਝੌਤਿਆਂ ਨੂੰ ਦੇਸ਼ ਦੀ ਜਨਤਾ ਨਾਲ ਸਾਂਝਾ ਨਹੀਂ ਕਰਦਾ। ਪ੍ਰਦਰਸ਼ਨਕਾਰੀਆਂ ਵੱਲੋਂ ਨਾਅਰਿਆਂ ਦੀ ਗੂੰਜ ਵਿੱਚ ਟਰੰਪ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਪੁਤਲੇ ਸਾੜ ਕੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਮੁਲਾਜ਼ਮ- ਪੈਨਸ਼ਨਰ ਸਾਂਝਾ ਫਰੰਟ ਦੇ ਆਗੂ ਸਤੀਸ਼ ਰਾਣਾ, ਕੁਲਮੇਲ ਸਿੰਘ ਕੋਟਲਾ ਨੌਂ ਸਿੰਘ, ਗੁਰਚਰਨ ਸਿੰਘ, ਪ੍ਰਦੁਮਣ ਸਿੰਘ ਖਰਲ, ਜਗਤਾਰ ਸਿੰਘ, ਤੀਰਥ ਸਿੰਘ ਸਤੌਰ, ਲੰਬੜਦਾਰ ਇਕਬਾਲ ਸਿੰਘ ਨਵੀਂ ਬਸੀ, ਮੱਖਣ ਸਿੰਘ ਨਈਅਰ, ਗਿਆਨ ਸਿੰਘ, ਮਲਕੀਤ ਸਿੰਘ ਸਲੇਮਪੁਰ, ਰਜਿੰਦਰ ਕੁਮਾਰ, ਸਤਨਾਮ ਸਿੰਘ, ਦੇਵ ਰਾਜ, ਸਵਰਨ ਚੰਦ, ਓਂਕਾਰ ਸਿੰਘ, ਹਰਭਜਨ ਸਿੰਘ, ਜੀਤ ਸਿੰਘ, ਹਰਮਿੰਦਰ ਸਿੰਘ, ਕਿੰਦੀ, ਯੋਨੀ, ਬਲੇਸਰ, ਆਦਿ ਹਾਜ਼ਰ ਸਨ।

# ਬਾਰ ਐਸੋਸੀਏਸ਼ਨ ਨੇ ਸਹਾਇਕ ਲੇਬਰ ਕਮਿਸ਼ਨਰ ਦਾ ਮੰਗਿਆ ਤਬਾਦਲਾ

## ਤਬਾਦਲਾ ਨਾ ਹੋਣ ਤੱਕ ਅਦਾਲਤਾਂ ਦੇ ਬਾਈਕਾਟ ਦਾ ਕੀਤਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬਾਰ ਐਸੋਸੀਏਸ਼ਨ ਦੀ ਹੰਗਾਮੀ ਮੀਟਿੰਗ ਬਾਰ ਰੂਮ ਵਿੱਚ ਹੋਈ ਜਿੱਥੇ ਸਹਾਇਕ ਲੇਬਰ ਕਮਿਸ਼ਨਰ ਦੇ ਮਾਮਲੇ 'ਤੇ ਚਰਚਾ ਕੀਤੀ ਗਈ।ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਪੀ ਐੱਸ ਘੁੰਮਣ ਨੇ ਦੱਸਿਆ ਕਿ ਉਕਤ ਅਧਿਕਾਰੀ ਦੇ ਸਿੱਧੇ ਨਿਰਦੇਸ਼ 'ਤੇ ਵਕੀਲਾਂ ਨੂੰ ਬੇਲੋੜਾ ਕੋਰਟ ਰੂਮ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਇਨ੍ਹਾਂ ਗੰਭੀਰ ਦੋਸ਼ਾਂ ਦੇ ਮੱਦੇਨਜ਼ਰ, ਬਾਰ ਦੇ



ਪ੍ਰਧਾਨ ਨੇ ਆਪਣੀ ਅਧਿਕਾਰਤ ਹੈਸੀਅਤ ਵਿੱਚ ਜਸ਼ਨਦੀਪ ਸਿੰਘ ਕੰਗ ਸਹਾਇਕ ਲੇਬਰ ਕਮਿਸ਼ਨਰ ਤੋਂ ਸਪੱਸ਼ਟੀਕਰਨ ਮੰਗਣ ਅਤੇ ਮਾਮਲੇ ਨੂੰ ਸੁਹਿਰਦਤਾ ਨਾਲ ਹੱਲ ਕਰਨ ਦੀ ਬੇਨਤੀ ਕੀਤੀ। ਹਾਲਾਂਕਿ ਗੱਲਬਾਤ ਕਰਨ ਦੀ ਬਜਾਏ ਜਸ਼ਨਦੀਪ ਸਿੰਘ ਕੰਗ ਸਹਾਇਕ ਲੇਬਰ ਕਮਿਸ਼ਨਰ ਨੇ ਕਥਿਤ ਤੌਰ 'ਤੇ ਪ੍ਰਧਾਨ ਅਤੇ ਉਨ੍ਹਾਂ ਦੇ ਨਾਲ ਆਏ ਵਕੀਲਾਂ ਨੂੰ ਗ੍ਰਿਫਤਾਰ ਕਰਵਾਉਣ ਦੀ ਧਮਕੀ ਦਿੰਦਿਆਂ ਕਿਹਾ ਕਿ ਉਹ ਪੁਲਸ ਨੂੰ ਬੁਲਾਉਣਗੇ। ਅਜਿਹਾ ਵਿਵਹਾਰ ਬਾਰ ਦੇ ਚੁਣੇ ਹੋਏ ਪ੍ਰਤੀਨਿਧੀ ਅਤੇ ਪੂਰੇ ਕਾਨੂੰਨੀ ਭਾਈਚਾਰੇ ਦਾ ਸਿੱਧਾ ਅਪਮਾਨ ਵੀ ਹੈ। ਬਾਰ ਐਸੋਸੀਏਸ਼ਨ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਸਹਾਇਕ ਕਿਰਤ ਕਮਿਸ਼ਨਰ ਜਸ਼ਨਦੀਪ ਸਿੰਘ ਕੰਗ ਦੇ ਆਚਰਣ ਦੀ ਰਿਪੋਰਟ ਸਾਰੇ ਸਮਰੱਥ ਅਧਿਕਾਰੀਆਂ ਨੂੰ ਕੀਤੀ ਜਾਵੇ ਜਿਨ੍ਹਾਂ ਵਿੱਚ ਮਾਨਯੋਗ ਹਾਈ ਕੋਰਟ,ਪੰਜਾਬ ਅਤੇ ਹਰਿਆਣਾ ਦੀ ਬਾਰ ਕੌਂਸਲ, ਪੰਜਾਬ ਦੇ ਮੁੱਖ ਸਕੱਤਰ,ਪੰਜਾਬ ਦੇ ਕਿਰਤ ਕਮਿਸ਼ਨਰ ਅਤੇ ਤੁਰੰਤ ਢੁੱਕਵੀਂ ਕਾਰਵਾਈ ਲਈ ਕੋਈ ਹੋਰ ਸਬੰਧਤ ਅਧਿਕਾਰੀ ਸ਼ਾਮਿਲ ਹਨ। ਬਾਰ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਜਸ਼ਨਦੀਪ ਸਿੰਘ ਕੰਗ ਦਾ ਹੁਸ਼ਿਆਰਪੁਰ ਤੋਂ ਤਬਾਦਲਾ ਨਹੀਂ ਕੀਤਾ ਜਾਂਦਾ ਉਦੋਂ ਤੱਕ ਬਾਰ ਐਸੋਸੀਏਸ਼ਨ ਦੇ ਵਕੀਲ ਸਾਰੀਆਂ ਨਿਆਂਇਕ ਅਦਾਲਤਾਂ ਅਤੇ ਮਾਲ ਅਦਾਲਤਾਂ ਵਿੱਚ ਕੰਮ ਤੋਂ ਦੂਰ ਰਹਿਣਗੇ। ਇਸ ਮੌਕੇ ਰਣਜੀਤ ਕੁਮਾਰ ਸਾਬਕਾ ਪ੍ਰਧਾਨ, ਵੀ ਕੇ ਮੈਨਨ ਸਾਬਕਾ ਪ੍ਰਧਾਨ, ਆਰ ਪੀ ਧੀਰ ਸਾਬਕਾ ਪ੍ਰਧਾਨ, ਕੁਲਦੀਪ ਸਿੰਘ ਸਾਬਕਾ ਪ੍ਰਧਾਨ, ਵਿਕਰਮ ਸਿੰਘ ਸਾਬਕਾ ਪ੍ਰਧਾਨ, ਡੀ ਐੱਮ ਸ਼ਰਮਾ, ਐੱਸ ਕੇ ਸ਼ਰਮਾ, ਐੱਸ ਆਰ ਧੀਰ, ਐੱਲ ਐੱਸ ਸਵਰਾ, ਮਾਨਿਕ, ਵੀ ਕੇ ਸ਼ਰਮਾ, ਨਵੀਨ ਜੈਰਥ, ਰਾਕੇਸ਼ ਮਰਵਾਹਾ, ਦੁਸ਼ਯੰਤ ਓਹਰੀ, ਨਵਰੋਜ਼ ਸ਼ਰਮਾ, ਏ.ਕੇ.ਸ਼ਰਮਾ ਅਤੇ ਹੋਰ ਐਡਵੋਕੇਟ ਮੌਜੂਦ ਸਨ।

## ਨਸ਼ਿਆਂ ਵਿਰੁੱਧ ਜਨ-ਜਾਗਰੂਕਤਾ ਅੰਦੋਲਨ ਵਿੱਢਣ ਦੀ ਲੋੜ : ਸਤਵਿੰਦਰਪਾਲ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਨਸ਼ਾ



ਮੁਕਤ ਭਾਰਤ ਮੁਹਿੰਮ ਤਹਿਤ ਸਮਾਜ 'ਚ ਨਸ਼ਿਆਂ ਵਿਰੁੱਧ ਜਨ-ਜਾਗਰੂਕਤਾ ਅੰਦੋਲਨ ਵਿੱਢਣ ਦੀ ਲੋੜ 'ਤੇ ਜ਼ੋਰ ਦੇਣ ਲਈ ਸਿਹਤ ਸਟਾਫ ਸਮੇਤ ਆਮ ਲੋਕਾਂ ਨੂੰ ਸਹੁੰ ਚੁਕਾਈ ਗਈ।

ਇਸ ਮੌਕੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਨੌਜਵਾਨ ਕਿਸੇ ਵੀ ਰਾਸ਼ਟਰ ਦੀ ਊਰਜਾ ਹੁੰਦੇ ਹਨ। ਨਸ਼ਾ ਮੁਕਤ ਭਾਰਤ ਮੁਹਿੰਮ 'ਚ ਨੌਜਵਾਨ ਵੱਡੀ ਗਿਣਤੀ ਵਿੱਚ ਜੁੜਨ ਅਤੇ ਇਹ ਪ੍ਰਤਿਗਿਆ ਕਰਨ ਕਿ ਉਹ ਨਾ ਕੇਵਲ ਪਰਿਵਾਰ, ਸਗੋਂ ਸਮਾਜ ਵਿੱਚ ਸਾਰਿਆਂ ਨੂੰ ਨਸ਼ਾ ਮੁਕਤ ਕਰਨਗੇ।

## 15ਵੀਂ ਹਾਕੀ ਇੰਡੀਆ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ

# ਚੰਡੀਗੜ੍ਹ, ਕੇਰਲਾ, ਲੀ ਪੁਡੂਚੇਰੀ, ਛਤੀਸਗੜ੍ਹ, ਗੋਆ ਤੇ ਉੱਤਰਾਖੰਡ ਵੱਲੋਂ ਜਿੱਤ ਦਰਜ

**ਜਲੰਧਰ (ਸ਼ੈਲੀ ਐਲਬਰਟ)**-ਹਾਕੀ ਪੰਜਾਬ ਵਲੋਂ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਕਰਵਾਈ ਜਾ ਰਹੀ 15ਵੀਂ ਹਾਕੀ ਇੰਡੀਆ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਦੇ ਦੂਜੇ ਦਿਨ ਚੰਡੀਗੜ੍ਹ, ਕੇਰਲਾ, ਲੀ ਪੁਡੂਚੇਰੀ, ਗੋਆ ਅਤੇ ਉੱਤਰਾਖੰਡ ਨੇ ਆਪਣੇ ਆਪਣੇ ਮੈਚ ਜਿੱਤ ਕੇ ਤਿੰਨ ਅੰਕ ਹਾਸਲ ਕਰ ਲਏ।



ਇਸ ਮੌਕੇ ਤੇ ਰਾਜਿੰਦਰ ਸਿੰਘ ਉਲੰਪੀਅਨ (ਸੀਨੀਅਰ) ਟੈਕਨੀਕਲ ਲੀਡ ਰਾਊਂਡ ਗਲਾਸ ਨੇ ਕਿਹਾ ਕਿ ਉਹ ਹਾਕੀ ਦੇ ਵਿਕਾਸ ਲਈ ਹਾਕੀ ਪੰਜਾਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ।ਖੇਡੇ ਗਏ ਮੈਚਾਂ 'ਚ ਕੇਰਲਾ ਨੇ ਲਗਾਤਾਰ ਜਿੱਤ ਦਰਜ ਕਰਦੇ ਹੋਏ ਤੇਲੰਗਾਨਾ ਨੂੰ 8-3 ਦੇ ਫਰਕ ਨਾਲ ਹਰਾਇਆ। ਦੂਜੇ ਮੈਚ 'ਚ ਲੀ ਪੁਡੂਚੇਰੀ ਨੇ ਤ੍ਰਿਪੁਰਾ ਨੂੰ 4-0 ਦੇ ਫਰਕ ਨਾਲ ਹਰਾਇਆ। ਤੀਜੇ ਮੈਚ 'ਚ ਛਤੀਸਗੜ੍ਹ ਨੇ ਗੁਜਰਾਤ ਨੂੰ 13-0 ਦੇ ਵੱਡੇ ਫਰਕ ਨਾਲ ਹਰਾਇਆ। ਚੌਥੇ ਮੈਚ 'ਚ ਗੋਆ ਨੇ ਰਾਜਸਥਾਨ ਨੂੰ 4-2 ਦੇ ਫਰਕ ਨਾਲ ਹਰਾਇਆ। ਪੰਜਵੇਂ ਮੈਚ 'ਚ ਚੰਡੀਗੜ੍ਹ ਨੇ ਜੰਮੂ ਕਸ਼ਮੀਰ ਨੂੰ 7-2 ਨਾਲ ਹਰਾਇਆ। ਛੇਵੇਂ ਮੈਚ 'ਚ ਉੱਤਰਾਖੰਡ ਨੇ ਬਿਹਾਰ ਨੂੰ 3-1 ਨਾਲ ਹਰਾਇਆ। ਮੈਚਾਂ ਦੇ ਮੁੱਖ ਮਹਿਮਾਨ ਉਲੰਪੀਅਨ ਸਮੀਰ ਦਾਦ, ਅਵਤਾਰ ਸਿੰਘ ਪਿੰਕਾ ਹਾਕੀ ਕੋਚ, ਰਿਪੁਦਮਨ ਕੁਮਾਰ ਸਿੰਘ ਅੰਤਰਰਾਸ਼ਟਰੀ ਖਿਡਾਰੀ, ਨਿਤਨ ਮਹਾਜਨ, ਜਤਿਨ ਮਹਾਜਨ, ਡਾ. ਬਲਜੀਤ ਕੌਰ ਤੇ ਲਖਵਿੰਦਰ ਪਾਲ ਸਿੰਘ ਖਹਿਰਾ ਨੇ ਟੀਮਾਂ ਨਾਲ ਜਾਣ-ਪਛਾਣ ਕੀਤੀ।

# ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਨੈਣੋਵਾਲ ਜੱਟਾਂ ਦੇ ਵਿਦਿਆਰਥੀਆਂ ਵੱਲੋਂ ਜਾਗਰੂਕਤਾ ਰੈਲੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੈਣੋਵਾਲ ਜੱਟਾਂ ਦੇ ਵਿਦਿਆਰਥੀਆਂ ਵੱਲੋਂ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਪਿੰਡ ਵਾਸੀਆਂ ਨੂੰ ਜਾਗਰੂਕ ਕਰਨ ਲਈ ਇੱਕ ਵਿਸ਼ਾਲ ਰੈਲੀ ਸਕੂਲ ਇੰਚਾਰਜ ਮੋਨਿਕਾ ਰਤਨ ਦੀ ਅਗਵਾਈ ਹੇਠ ਕੱਢੀ ਗਈ, ਜਿਸ ਵਿੱਚ ਸਕੂਲ ਦੇ ਸਟਾਫ ਮੈਂਬਰਾਂ ਰਾਜ ਕੁਮਾਰ, ਗੁਰਜੀਤ ਸਿੰਘ, ਸੁਸ਼ਮਾ ਰਾਣੀ, ਨਿਧੀ ਧਵਨ, ਸਿੰਪੀ ਜੀੜ, ਮੀਨਾ ਕੁਮਾਰੀ ਅਤੇ ਸਿਮਰਨਜੀਤ ਸਿੰਘ ਨੇ ਸਰਗਰਮ ਭਾਗ ਲਿਆ।ਰੈਲੀ ਸਕੂਲ ਪ੍ਰੰਗਣ ਤੋਂ ਸ਼ੁਰੂ ਹੋਈ ਅਤੇ ਪਿੰਡ ਨੈਣੋਵਾਲ ਜੱਟਾਂ ਦੇ ਵੱਖ-ਵੱਖ ਗਲੀਆਂ ਤੇ ਮੁੱਖ ਮਾਰਗਾਂ ਰਾਹੀਂ ਗੁਜ਼ਰੀ ਅਤੇ ਵਾਸੀਆਂ ਤੱਕ ਨਸ਼ਿਆਂ ਤੋਂ ਦੂਰ ਰਹੋ , ਨਸ਼ਾ ਜ਼ਿੰਦਗੀ ਬਰਬਾਦ ਕਰਦਾ ਹੈ , ਸਿਹਤ ਹੈ ਸਭ ਤੋਂ ਵੱਡਾ ਧਨ ਵਰਗੇ ਨਾਅਰੇ ਪਹੁੰਚਾਏ ਗਏ। ਵਿਦਿਆਰਥੀਆਂ ਨੇ ਤਖ਼ਤੀਆਂ ਅਤੇ ਬੈਨਰਾਂ ਰਾਹੀਂ ਵੀ ਲੋਕਾਂ ਦਾ ਧਿਆਨ ਖਿੱਚਿਆ।ਇਸ ਮੌਕੇ ਵਿਦਿਆਰਥੀਆਂ ਦੇ ਮਾਪੇ, ਸਕੂਲ ਮੈਨੇਜਿੰਗ ਕਮੇਟੀ ਦੀ ਸਾਬਕਾ ਚੇਅਰਮੈਨ ਕਮਲੇਸ਼ ਕੁਮਾਰੀ ਅਤੇ ਪਿੰਡ ਦੇ ਹੋਰ ਵਾਸੀ ਵੀ ਰੈਲੀ ਵਿੱਚ ਸ਼ਾਮਲ ਹੋਏ।



ਪਿੰਡ ਵਿੱਚ ਲੋਕਾਂ ਨੂੰ ਸੰਦੇਸ਼ ਦਿੰਦੇ ਹੋਏ ਵਿਦਿਆਰਥੀਆਂ ਨੇ ਕਿਹਾ ਕਿ ਨਸ਼ਿਆਂ ਕਾਰਨ ਨਾ ਸਿਰਫ਼ ਵਿਅਕਤੀ ਦੀ ਸਿਹਤ ਖਰਾਬ ਹੁੰਦੀ ਹੈ, ਸਗੋਂ ਪਰਵਾਰ, ਸਮਾਜ ਅਤੇ ਆਰਥਿਕ ਹਾਲਤ 'ਤੇ ਵੀ ਗੰਭੀਰ ਅਸਰ ਪੈਂਦਾ ਹੈ।ਸਕੂਲ ਇੰਚਾਰਜ ਮੋਨਿਕਾ ਰਤਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸਿਰਫ਼ ਸਰਕਾਰ ਜਾਂ ਪੁਲਸ ਦੀ ਹੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਇਸ ਬੁਰਾਈ ਵਿਰੁੱਧ ਆਪਣੀ ਆਵਾਜ਼ ਉਠਾਏ ਅਤੇ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਇਸ ਉਤਸ਼ਾਹ ਨਾਲ ਪਿੰਡ ਵਿੱਚ ਇੱਕ ਸਕਾਰਾਤਮਕ ਸੰਦੇਸ਼ ਪਹੁੰਚਿਆ ਹੈ, ਜੋ ਭਵਿੱਖ ਵਿੱਚ ਨਸ਼ਾਮੁਕਤ ਵਾਤਾਵਰਨ ਬਣਾਉਣ ਵਿੱਚ ਸਹਾਇਕ ਹੋਵੇਗਾ।ਰੈਲੀ ਦੇ ਅੰਤ 'ਤੇ ਸਕੂਲ ਵਾਪਸ ਪਹੁੰਚ ਕੇ ਸਭ ਨੇ ਇਹ ਸਹੁੰ ਚੁੱਕੀ ਕਿ ਉਹ ਖੁਦ ਵੀ ਨਸ਼ਿਆਂ ਤੋਂ ਦੂਰ ਰਹਿਣਗੇ ਅਤੇ ਹੋਰਾਂ ਨੂੰ ਵੀ ਇਸ ਤੋਂ ਬਚਣ ਲਈ ਪ੍ਰੇਰਿਤ ਕਰਨਗੇ। ਇਸ ਮੁਹਿੰਮ ਨੇ ਪਿੰਡ ਦੇ ਲੋਕਾਂ ਵਿੱਚ ਜਾਗਰੂਕਤਾ ਦੀ ਇੱਕ ਨਵੀਂ ਚਿੰਗਾਰੀ ਜਗਾਈ ਹੈ, ਜੋ ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ।

# ਇਕਮੁਸ਼ਤ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ 15 ਤੱਕ ਜੁਰਮਾਨੇ ਤੇ ਵਿਆਜ ਤੋਂ ਮਿਲੇਗੀ ਛੋਟ : ਮੱਟੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਜਯੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ,ਪੰਜਾਬ ਦੀ ਓ ਟੀ ਪੀ (ਵਨ ਟਾਈਮ ਸੈਟਲਮੈਂਟ) ਸਕੀਮ ਤਹਿਤ ਲੋਕਾਂ ਨੂੰ ਪ੍ਰਾਪਰਟੀ ਟੈਕਸ ਜਮ੍ਹਾ ਨਾ ਕਰਵਾਉਣ 'ਤੇ ਲੱਗੇ ਜੁਰਮਾਨੇ ਅਤੇ ਵਿਆਜ 'ਤੇ 100 ਫੀਸਦੀ ਛੋਟ ਦਿੱਤੀ ਗਈ ਹੈ, ਜਿਸ ਤਹਿਤ 31 ਜੁਲਾਈ 2025 ਤੱਕ ਇਸ ਸਕੀਮ ਨੂੰ ਲਾਗੂ ਕੀਤਾ ਗਿਆ ਸੀ, ਪਰ ਇਸ



ਸਕੀਮ ਨੂੰ ਮਿਲ ਰਹੇ ਲੋਕਾਂ ਦੇ ਉਤਸ਼ਾਹ ਨੂੰ ਦੇਖਦੇ ਹੋਏ ਅਤੇ ਜਮ੍ਹਾ ਹੋਏ ਭਾਰੀ ਟੈਕਸ ਕਾਰਨ ਸਰਕਾਰ ਵੱਲੋਂ ਇਸ ਸਕੀਮ ਨੂੰ 15 ਅਗਸਤ 2025 ਤੱਕ ਵਧਾ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਸਕੀਮ ਨੂੰ ਖਤਮ ਹੋਣ ਵਿਚ ਸਿਰਫ ਦੋ ਦਿਨ ਬਾਕੀ ਰਹਿ ਗਏ ਹਨ ।

ਉਨ੍ਹਾਂ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ ਇਕਮੁਸ਼ਤ ਜਮ੍ਹਾ ਕਰਵਾ ਕੇ 100 ਫੀਸਦੀ ਜ਼ੁਰਮਾਨੇ ਅਤੇ ਵਿਆਜ ਤੋਂ ਛੋਟ ਪ੍ਰਾਪਤ ਕਰਕੇ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ। ਆਮ ਪਬਲਿਕ ਦੀ ਸਹੂਲਤ ਲਈ 15 ਅਗਸਤ ਨੂੰ ਆਜ਼ਾਦੀ ਦਿਵਸ ਦੇ ਮੌਕੇ 'ਤੇ ਵੀ ਪ੍ਰਾਪਰਟੀ ਟੈਕਸ ਦੇ ਕਾਊਂਟਰ ਸਵੇਰੇ 10 ਵਜੇ ਤੋਂ ਦੁਪਹਿਰ 2:00 ਵਜੇ ਤੱਕ ਆਮ ਦਿਨਾਂ ਵਾਂਗੂ ਖੁੱਲ੍ਹੇ ਰਖੇ ਜਾਣਗੇ।

# ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਟਰੰਪ ਤੇ ਮੋਦੀ ਦੀ ਫੂਕੀ ਅਰਥੀ



ਸ੍ਰੀ ਆਨੰਦਪੁਰ ਸਾਹਿਬ 13 ਅਗਸਤ (ਅਰਵਿੰਦਰ ਬਿੰਦੀ)-ਅੱਜ ਨਜ਼ਦੀਕੀ ਪਿੰਡ ਢੇਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਤੇ ਕੁੱਲ ਹਿੰਦ ਕਿਸਾਨ ਸਭਾ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰਥੀ ਫੂਕੀ ਗਈ।ਆਗੂਆਂ ਨੇ ਕਿਹਾ ਕਿ 1942 ਵਿੱਚ ਦੇਸ਼ ਭਗਤਾਂ ਨੇ ਅੰਗਰੇਜੋ ਭਾਰਤ ਛੱਡੋ ਦਾ ਨਾਹਰਾ ਲਗਾਇਆ ਸੀ। ਅੱਜ 83ਵੀਂ ਵਰ੍ਹੇਗੰਢ ਦੇ ਮੌਕੇ 'ਤੇ ਕਾਰਪੋਰੇਟੋ ਖੇਤੀ ਛੱਡੋ ਦਾ ਨਾਹਰਾ ਲਗਾਇਆ ਜਾ ਰਿਹਾ ਹੈ। ਅੱਜ ਸਾਰੇ ਭਾਰਤ ਵਿੱਚ ਖੇਤੀ ਨੂੰ ਬਚਾਉਣ ਲਈ ਅਰਥੀਆਂ ਸਾੜੀਆਂ ਜਾ ਰਹੀਆਂ ਹਨ। ਇਸ ਮੌਕੇ 'ਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਤਹਿਸੀਲ ਪ੍ਰਧਾਨ ਨਰਿੰਦਰ ਸਿੰਘ ਮਾਵੀ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਨੰਗਲੀ ਨੇ ਕਿਹਾ ਕਿ ਅਮਰੀਕਾ -ਯੂ ਕੇ ਨਾਲ ਮੋਦੀ ਦੀ ਸਰਕਾਰ ਕੋਈ ਵੀ ਸਮਝੌਤਾ ਖੇਤੀ ਕਾਰੋਬਾਰ ਨਾਲ ਜੁੜਿਆ ਨਾ ਕਰੇ। ਇਸ ਮੌਕੇ 'ਤੇ ਸੂਬੇਦਾਰ ਹਰਜਾਪ ਸਿੰਘ ਭੰਗਲ, ਕੁਲਵਿੰਦਰ ਸਿੰਘ ਭੰਗਲ,ਕੇਸਰ ਸਿੰਘ ਅਟਵਾਲ, ਬਰਜਿੰਦਰ ਸਿੰਘ ਡੋਡ, ਡਾਕਟਰ ਰਵਿੰਦਰ ਨਾਥ,ਹਰਜਾਪ ਸਿੰਘ ਬਡਿਆਲ, ਰਘਵੀਰ ਸਿੰਘ ਭੰਗਲ, ਖੁਸ਼ਹਾਲ ਸਿੰਘ ਭੰਗਲ,ਪ੍ਰੇਮ ਸਿੰਘ ਅਟਵਾਲ,ਕਸਤੂਰ ਸਿੰਘ ਸਾਧੜਾ, ਗੁਲਜ਼ਾਰ ਸਿੰਘ ਨੰਗਲੀ, ਗੁਰਚਰਨ ਸਿੰਘ ਕੂਨਰ, ਦੀਦਾਰ ਸਿੰਘ ਕੂਨਰ,ਜਰਨੈਲ ਸਿੰਘ ਸਮੇਤ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ।

# ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੇ ਵਿਦਿਆਰਥੀਆਂ ਤੋਂ ਵਜ਼ੀਫ਼ੇ ਦੇਣ ਲਈ ਅਰਜ਼ੀਆਂ ਮੰਗੀਆਂ

**ਰੂਪਨਗਰ (ਰਜਿੰਦਰ ਸੈਣੀ)**- ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵੱਲੋਂ ਪੇਸ਼ੇਵਰ ਤਕਨੀਕੀ ਅਤੇ ਉਚੇਰੀ ਵਿਦਿਅਕ ਸੰਸਥਾਵਾਂ 'ਚ ਦਾਖਲ ਵਿਦਿਆਰਥੀਆਂ ਨੂੰ ਸਾਲ 2025-26 ਦੌਰਾਨ ਵਜ਼ੀਫ਼ੇ ਦੇਣ ਲਈ 31 ਅਗਸਤ 2025 ਤੱਕ ਅਰਜ਼ੀਆਂ ਨਿਧਾਰਤ ਫਾਰਮ 'ਚ ਲਈਆਂ ਜਾਣਗੀਆਂ। ਫਾਰਮ ਸੈਣੀ ਭਵਨ ਤੋਂ ਸਵੇਰੇ 10 ਤੋਂ 1 ਵਜੇ ਤੱਕ ਪ੍ਰਾਪਤ ਕੀਤੇ ਜਾ ਸਕਦੇ ਹਨ।ਇਹ ਫੈਸਲਾ ਟਰੱਸਟ ਦੀ ਚੇਅਰਮੈਨ ਬਲਬੀਰ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕੀਤਾ ਗਿਆ। ਟਰਸੱਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਦੱਸਿਆ ਕਿ ਵਜ਼ੀਫੇ ਅਕਤੂਬਰ ਮਹੀਨੇ ਦੇ ਪਹਿਲੇ ਸਪਤਾਹ 'ਚ ਵੰਡੇ ਜਾਣਗੇ ਅਤੇ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਦ੍ਰਿੜ ਬਣਾਉਣ ਦੇ ਉਦੇਸ਼ ਨਾਲ ਭਖਦੇ ਮਸਲਿਆਂ 'ਤੇ ਭਾਸ਼ਣ ਮੁਕਾਬਲੇ ਵੀ ਕਰਵਾਏ ਜਾਣਗੇ।ਪ੍ਰਤਿਯੋਗਤਾਵਾਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਦਿੱਤਾ ਜਾਵੇਗਾ। ਟਰੱਸਟ ਵਲੋਂ ਇਹ ਵਜ਼ੀਫ਼ੇ ਆਰਥਿਕ ਪੱਖੋਂ ਕਮਜ਼ੋਰ ਪਰਵਾਰਾਂ ਦੇ ਪੜ੍ਹਾਈ ਵਿੱਚ ਵਧਿਆ ਨਤੀਜੇ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ। ਪਰਵਾਰ ਦੀ ਸਾਲਾਨਾ ਆਮਦਨ 5 ਲੱਖ ਤੋਂ ਵੱਧ ਨਹੀ ਹੋਣੀ ਚਾਹੀਦੀ ਹੈ। ਟਰੱਸਟ ਦੇ ਸਕੱਤਰ ਅਮਰਜੀਤ ਸਿੰਘ ਨੇ ਮੀਟਿੰਗ 'ਚ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਟਰੱਸਟ ਵਲੋਂ ਐਲ. ਆਰ. ਮੁੰਡਰਾ ਮੈਮੋਰੀਅਲ ਸਕਾਲਰਸਿਸ਼ਪ 2025-26 ਲਈ ਅਰਜ਼ੀਆ 20 ਸਤੰਬਰ 2025 ਤੱਕ ਲਈਆਂ ਜਾਣਗੀਆਂ। ਇਹ ਵਜ਼ੀਫਾ ਡੋਨਰ ਦੀ ਇੱਛਾ ਅਨੁਸਾਰ ਕੇਵਲ ਸੈਣੀ ਬਰਾਦਰੀ ਦੇ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ਜੋ ਵਿਦਿਆਰਥੀ ਦੇਸ਼ ਦੀ ਕਿਸੀ ਉੱਚ ਵੱਕਾਰੀ ਸੰਸਥਾ ਵਿੱਚ ਖੋਜ ਦੇ ਖੇਤਰ ਵਿੱਚ ਪੜ੍ਹਾਈ ਕਰਦਾ ਹੈ ਅਤੇ ਉਹ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਤੇ ਦਿੱਲੀ ਰਾਜ ਸਬੰਧਤ ਹੋਵੇਗਾ। ਇਸ ਵਜ਼ੀਫੇ ਦੀ ਰਕਮ ਇਕ ਵਿਦਿਆਰਥੀ ਨੂੰ 3 ਲੱਖ ਰੁਪਏ ਸਾਲਾਨਾ ਤੱਕ ਦਿੱਤੀ ਜਾਂਦੀ ਹੈ।ਮੀਟਿੰਗ ਵਿੱਚ ਟਰੱਸਟ ਦੇ ਵਾਇਸ ਚੇਅਰਮੈਨ ਡਾ. ਅਜਮੇਰ ਸਿੰਘ, ਵਾਇਸ ਪ੍ਰਧਾਨ ਡਾ. ਜਸਵੰਤ ਕੌਰ ਸੈਣੀ, ਹਰਚਰਨ ਦਾਸ ਸੈਰ, ਰਾਜਿੰਦਰ ਸਿੰਘ ਗਿਰਨ ਤੋਂ ਸੈਣੀ ਭਵਨ ਪ੍ਰਬੰਧਕ ਕਮੇਟੀ ਦੇ ਮੈਂਬਰ ਇੰਜ. ਹਰਜੀਤ ਸਿੰਘ ਸੈਣੀ, ਰਾਜਿੰਦਰ ਸਿੰਘ ਨਨੂਆ, ਦਲਜੀਤ ਸਿੰਘ, ਜਗਦੇਵ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਕਾਲਜ ਹੁਸ਼ਿਆਰਪੁਰ 'ਚ 'ਅੰਗਦਾਨ ਕਰਨ' ਤੇ 'ਨਸ਼ਿਆਂ ਵਿਰੁੱਧ' ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਕਾਲਜ ਹੁਸ਼ਿਆਰਪੁਰ 'ਚ ਕਾਲਜ ਦੇ ਪ੍ਰਿੰਸੀਪਲ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਰੈਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ. ਵਿਜੇ ਕੁਮਾਰ ਦੇ ਸਹਿਯੋਗ ਨਾਲ "ਅੰਗਦਾਨ ਕਰਨ" ਤੇ "ਨਸ਼ਿਆਂ ਵਿਰੁੱਧ" ਸੈਮੀਨਾਰ ਅਤੇ ਸਹੁੰ ਚੁੱਕ ਪ੍ਰੋਗਰਾਮ ਕਰਵਾ ਕੇ ਵਿਦਿਆਰਥੀਆਂ 'ਚ ਜਾਗਰੂਕਤਾ



ਫੈਲਾਈ ਤਾਂ ਕਿ ਉਹ ਸਮਾਜ ਪ੍ਰਤੀ ਬਣਦੇ ਫਰਜ ਨੂੰ ਇਮਾਨਦਾਰੀ ਨਾਲ ਨਿਭਾ ਸਕਣ। ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ. ਵਿਜੇ ਕੁਮਾਰ ਨੇ ਕਾਲਜ ਦੇ ਲਗਭਗ 250 ਵਿਦਿਆਰਥੀਆਂ ਨੂੰ ਅੰਗਦਾਨ ਕਰਨ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਜੇਕਰ ਅਸੀਂ ਆਪਣੀਆਂ ਅੱਖਾਂ ਤੇ ਖ਼ੂਨ ਦਾਨ ਕਰਦੇ ਹਾਂ ਤਾਂ ਕਿਸੇ ਹੋਰ ਨੂੰ ਅਸੀਂ ਨਵਾਂ ਜੀਵਨ ਦੇ ਸੱਕਦੇ ਹਾਂ। ਪ੍ਰੋ. ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਹੁੰ ਚੁਕਾਈ ਕਿ ਉਹ ਸਮਾਜ ਦੇ ਭਲੇ ਲਈ ਅੰਗਦਾਨ ਕਰਨ ਵਿੱਚ ਤੇ ਨਸ਼ਿਆਂ ਤੋਂ ਦੂਰ ਰਹਿਣ 'ਚ ਆਪ ਵੀ ਵਿਸ਼ੇਸ਼ ਭੂਮਿਕਾ ਨਿਭਾਉਣਗੇ । ਇਸ ਮੌਕੇ 'ਤੇ ਪ੍ਰੋ. ਨਵਦੀਪ ਕੌਰ, ਅਸਿਸਟੈਂਟ ਪ੍ਰੋ. ਕੁਲਵਿੰਦਰ ਕੌਰ, ਅਸਿਸਟੈਂਟ ਪ੍ਰੋ. ਸੂਰਜ ਕੁਮਾਰ ਤੇ ਅਸਿਸਟੈਂਟ ਪ੍ਰੋ. ਅਰੁਣ ਕੁਮਾਰ ਵੀ ਹਾਜ਼ਰ ਸਨ।

# ਲੈਂਡ ਪੂਲਿੰਗ ਪਾਲਿਸੀ ਰੱਦ ਹੋਣ ਦੀ ਖ਼ੁਸ਼ੀ 'ਚ ਕਾਂਗਰਸੀ ਵਰਕਰਾਂ ਲੱਡੂ ਵੰਡੇ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**— ਪੰਜਾਬ ਸਰਕਾਰ ਵੱਲੋਂ ਕਿਸਾਨ ਵਿਰੋਧੀ ਲੈਂਡ ਪੂਲਿੰਗ ਪਾਲਿਸੀ ਦੀ ਵਾਪਸੀ ਨੂੰ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਸਿਹਤ ਮੰਤਰੀ



ਬਲਬੀਰ ਸਿੰਘ ਸਿੱਧੂ ਨੇ ਕਿਸਾਨਾਂ ਅਤੇ ਕਾਂਗਰਸ ਪਾਰਟੀ ਵੱਲੋਂ ਕੀਤੀ ਲੰਮੀ ਲੜਾਈ ਅਤੇ ਸੰਘਰਸ਼ ਦੀ ਵੱਡੀ ਜਿੱਤ ਵਜੋਂ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਇਹ ਫ਼ੈਸਲਾ ਸਾਡੇ ਪੰਜਾਬ ਦੇ ਕਿਸਾਨਾਂ ਅਤੇ ਖੇਤੀਬਾੜੀ ਨਾਲ ਜੁੜੇ ਹਰੇਕ ਵਿਅਕਤੀ ਲਈ ਇੱਕ ਬਹੁਤ ਵੱਡੀ ਪ੍ਰਾਪਤੀ ਹੈ।

ਪਾਲਿਸੀ ਰੱਦ ਹੋਣ ਦੀ ਖ਼ੁਸ਼ੀ ਵਿੱਚ ਪੰਜਾਬ ਕਾਂਗਰਸ ਭਵਨ ਵਿਖੇ ਜਸ਼ਨ ਮਨਾਇਆ ਗਿਆ ਅਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਪਾਰਟੀ ਵਰਕਰਾਂ ਅਤੇ ਕਿਸਾਨਾਂ ਨੇ ਲੱਡੂ ਵੰਡ ਕੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਅਤੇ ਖ਼ੁਸ਼ੀ ਜ਼ਾਹਿਰ ਕੀਤੀ। ਇਸ ਮੌਕੇ ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਮੋਹਾਲੀ ਦੇ ਮੇਅਰ ਅਮਰਜੀਤ ਸਿੰਘ ਸਿੱਧੂ ਵੀ ਨਾਲ ਮੌਜੂਦ ਰਹੇ। ਜਿਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਕਿਸਾਨਾਂ ਦੀ ਆਵਾਜ਼ ਬਣ ਕੇ ਹਮੇਸ਼ਾ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਕਰੇਗੀ।ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਕਿਸਾਨਾਂ ਦੇ ਹੱਕਾਂ ਦੀ ਲੜਾਈ ਲੜਦੀ ਰਹੀ ਹੈ ਅਤੇ ਇਹ ਜਿੱਤ ਸਾਡੀ ਪਾਰਟੀ ਅਤੇ ਕਿਸਾਨ ਭਾਈਚਾਰੇ ਦੀ ਅਟੁੱਟ ਇਕਜੁੱਟਤਾ ਦਾ ਨਤੀਜਾ ਹੈ। ਅਸੀਂ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਕਰਨ ਤੋਂ ਪਿੱਛੇ ਨਹੀਂ ਹਟਾਂਗੇ।ਉਨ੍ਹਾਂ ਨੇ ਅੱਗੇ ਕਿਹਾ, ਇਹ ਪਾਲਿਸੀ ਵਾਪਸੀ ਸਿਰਫ਼ ਇੱਕ ਨੀਤੀ ਦਾ ਖ਼ਤਮ ਹੋਣਾ ਨਹੀਂ, ਸਗੋਂ ਪੰਜਾਬ ਦੇ ਕਿਸਾਨਾਂ ਦੀ ਆਵਾਜ਼ ਅਤੇ ਇਨਸਾਫ਼ ਲਈ ਚੱਲ ਰਹੇ ਸੰਘਰਸ਼ ਦੀ ਪ੍ਰਤੀਕ ਹੈ। ਕਾਂਗਰਸ ਪਾਰਟੀ ਵਾਅਦਾ ਕਰਦੀ ਹੈ ਕਿ ਅੱਗੇ ਵੀ ਕਿਸਾਨਾਂ ਦੀ ਭਲਾਈ ਅਤੇ ਖੇਤੀਬਾੜੀ ਦੇ ਵਿਕਾਸ ਲਈ ਲੜਾਈ ਜਾਰੀ ਰਹੇਗੀ।ਸਿੱਧੂ ਨੇ ਕਿਹਾ ਕਿ ਸਾਡਾ ਸੰਦੇਸ਼ ਸਾਫ਼ ਹੈ - ਪੰਜਾਬ ਦੇ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਕਰਨਾ ਸਾਡਾ ਮੁੱਖ ਕਰਮ ਹੈ।

# 'ਹਰ ਘਰ ਤਿਰੰਗਾ' ਅਭਿਆਨ ਤਹਿਤ ਰਾਸ਼ਟਰੀ ਝੰਡਾ ਵੰਡਿਆ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**— ਹਰ ਘਰ ਤਿਰੰਗਾ ਅਭਿਆਨ 2025 ਤਹਿਤ ਨੂਰਮਹਿਲ ਵਿਖੇ ਰਾਸ਼ਟਰੀ ਝੰਡਾ ਵਿਤਰਿਤ ਕੀਤਾ ਗਿਆ। ਇਸ ਅਭਿਆਨ ਦਾ ਮੁੱਖ ਮਕਸਦ ਲੋਕਾਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਅਤੇ ਰਾਸ਼ਟਰ ਹਿੱਤ ਲਈ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ।

ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਰਾਸ਼ਟਰ ਸਰਵੋਪਰੀ ਦੀ ਭਾਵਨਾ ਨਾਲ ਕੰਮ ਕਰਕੇ ਭਾਰਤ ਨੂੰ ਵਿਸ਼ਵ ਸ਼ਕਤੀ ਬਣਾਉਣਾ ਹਰ ਭਾਰਤੀ ਦਾ ਕਰਮ ਹੋਣਾ ਚਾਹੀਦਾ ਹੈ। ਬੜੀਆਂ ਕੁਰਬਾਨੀਆਂ ਉਪਰੰਤ ਪ੍ਰਾਪਤ ਹੋਈ ਆਜ਼ਾਦੀ ਨੂੰ ਸੰਭਾਲਣਾ ਹਰ ਸੁਚੇਤ ਨਾਗਰਿਕ ਦੀ ਜਿੰਮੇਵਾਰੀ ਬਣਦੀ ਹੈ।

ਇਸੇ ਭਾਵਨਾ ਨੂੰ ਮੁੱਖ ਰੱਖਦਿਆਂ ਨੂਰਮਹਿਲ ਵਿਖੇ ਬੀਜੇਪੀ ਮੰਡਲ ਪ੍ਰਧਾਨ ਮਨਦੀਪ ਕੁਮਾਰ ਸ਼ੁਕਲਾ ਵੱਲੋਂ ਰਾਸ਼ਟਰੀ ਝੰਡੇ ਵਿਤਰਿਤ ਕੀਤੇ ਗਏ। ਡਾਕਟਰ ਸ਼ਕਤੀ ਮਹਿੰਦਰੂ ਦੁਆਰਾ ਰਾਸ਼ਟਰੀ ਝੰਡੇ ਦੀ ਮਹੱਤਤਾ ਨੂੰ ਦੱਸਦਿਆਂ ਹੋਇਆਂ ਲੋਕਾਂ ਨੂੰ ਇਸ ਦਾ ਸਨਮਾਨ ਕਰਨ ਅਤੇ ਗਰਵ ਨਾਲ ਆਪਣੇ ਘਰਾਂ ਤੇ ਲਹਿਰਾਉਣ ਲਈ ਪ੍ਰੇਰਿਤ ਕੀਤਾ ਗਿਆ। ਕੁਲਵੀਰ ਸਿੰਘ ਬੈਂਸ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਲਲਿਤ ਨਈਅਰ, ਸੁਨੀਲ ਲਖਨਪਾਲ, ਅਸ਼ੋਕ ਬਿਆਸ,ੀ ਹਰੀਦੇਵ ਸੰਘੜ, ਵਿਜੇ ਛਾਬੜਾ,



ਡਾਕਟਰ ਨਰੇਸ਼ ਤਿਵਾੜੀ, ਰੋਹਿਤ ਕੁਮਾਰ, ਦੀਪੂ ਖੋਸਲਾ, ਦੀਪੂ ਤੱਕਿਆਰ, ਵਿਸ਼ਾਲ ਗਿੱਲ, ਜੋਗਿੰਦਰ ਪਾਲ, ਸਚਿਨ ਕੰਦੋਲਾ, ਰਾਮ ਲੁਭਾਇਆ, ਰਜਿੰਦਰ ,ਬਲਜਿੰਦਰ, ਦੇਵਰਾਜ, ਨਛੱਤਰ, ਪ੍ਰਿੰਸ ਰਾਜਪੂਤ, ਅੰਕਿਤ, ਅਸ਼ਵਨੀ ਕੁਮਾਰ, ਜੋਤੀ ਚੰਨਣ, ਗੁਰਦੀਪ ਬੰਗੜ, ਕੇਵਲ ਸਿੰਘ, ਹੁਸਨ ਲਾਲ, ਕੁਲਵਿੰਦਰ, ਕਸ਼ਮੀਰੀ ਲਾਲ, ਬਲਵੀਰ ਚੰਦ, ਪ੍ਰੇਮ ਸਾਗਰ ਨੇ ਹਿੱਸਾ ਲਿਆ।

## ਹੱਕੀ ਮੰਗਾਂ ਲਈ ਬਿਜਲੀ ਕਾਮਿਆਂ ਪੰਜਾਬ ਸਰਕਾਰ ਵਿਰੁੱਧ ਕੀਤਾ ਰੋਸ ਮੁਜ਼ਾਹਰਾ



ਅਜਨਾਲਾ (ਸੁਖਤਿੰਦਰ ਸਿੰਘ)- ਅਜਨਾਲਾ ਮੰਡਲ ਜੁਆਇੰਟ ਫੋਰਮ ਅਤੇ ਏਕਤਾ ਮੰਚ ਦੇ ਸੱਦੇ ਤੇ ਮੰਡਲ ਇੰਪਲਾਈਜ਼ ਫੈਡਰੇਸ਼ਨ ਚਾਹਲ ਸਰਵਿਸ ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਸਾਂਝੀ ਰੋਸ ਰੈਲੀ ਅਤੇ ਪੰਜਾਬ ਸਰਕਾਰ ਵਿਰੁੱਧ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਦੀ ਅਗਵਾਈ ਪ੍ਰਦੀਪ ਸਿੰਘ ਭੁੱਲਰ, ਰਣਜੀਤ ਸਿੰਘ ਅਜਨਾਲਾ, ਮੰਡਲ ਪ੍ਰਧਾਨ ਰਾਜਬੀਰ ਸਿੰਘ ਪੰਡੋਰੀ, ਹਰਜਿੰਦਰ ਸਿੰਘ ਨਿਕੋ ਸਰਾਂ ਵੱਲੋਂ ਕੀਤੀ ਗਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸਰਬਜੋਤ ਸਿੰਘ, ਪ੍ਰਧਾਨ ਰਕੇਸ਼ ਕੁਮਾਰ ਅਜਨਾਲਾ, ਲਾਈਨ ਮੈਨ ਸੰਦੀਪ ਕੁਮਾਰ, ਦੀਪਕ ਕੁਮਾਰ, ਪੂਰਨ ਸਿੰਘ, ਪ੍ਰੀਤਮ ਸਿੰਘ ਜੇਈ, ਨਵਦੀਪ ਸਿੰਘ, ਕੁਲਵਿੰਦਰ ਸਿੰਘ, ਸਰਬਜੀਤ ਸਿੰਘ, ਜੋਗਿੰਦਰ ਸਿੰਘ, ਜਸਬੀਰ ਸਿੰਘ, ਸੁਰਪ੍ਰੀਤ ਸਿੰਘ, ਹਰਪ੍ਰੀਤ ਮਸੀਹ, ਆਕਾਸ਼ਦੀਪ ਸਿੰਘ, ਗੁਰਲਾਲ ਸਿੰਘ ਅਤੇ ਰਵਿੰਦਰ ਮਸੀਹ ਹਾਜ਼ਰ ਸਨ।

# 15 ਦੀ ਬਜਾਏ ਲੋਕਾਂ ਨੂੰ ਵੰਡੀ ਜਾ ਰਹੀ 13 ਕਿੱਲੋ ਸਰਕਾਰੀ ਕਣਕ



ਝਬਾਲ (ਹਰਜਿੰਦਰ ਸਿੰਘ ਸੋਨੀ)- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਦੇ ਜਨਰਲ ਸਕੱਤਰ ਕਾਮਰੇਡ ਮਨਜੀਤ ਸਿੰਘ ਝਬਾਲ ਦੀ ਅਗਵਾਈ ਵਿੱਚ ਡਿਪੂ ਹੋਲਡਰਾਂ ਦੀ ਪੜਤਾਲ ਹੋਈ ਜਿਸ ਵਿੱਚ ਇਹ ਸ਼ਿਕਾਇਤ ਕੀਤੀ ਗਈ ਸੀ ਕਿ 12 ਅਗਸਤ ਨੂੰ ਪਿੰਡ ਝਬਾਲ ਵਿਖੇ ਪ੍ਰਤੀ ਲਾਭਪਾਤਰੀ ਸਰਕਾਰੀ ਕਣਕ 15 ਕਿੱਲੋ ਦੀ ਬਜਾਏ 13 ਕਿੱਲੋ ਹੀ ਵੰਡੀ ਗਈ।ਇਸ ਮੌਕੇ ਫੂਡ ਇੰਸਪੈਕਟਰ ਗੁਰਜੀਤ ਸਿੰਘ ਕੰਗ ਨੇ ਵੀ ਇਨ੍ਹਾਂ ਡਿਪੂ ਹੋਲਡਰਾਂ ਨੂੰ ਸਖ਼ਤ ਤਾੜਨਾ ਕੀਤੀ ਸੀ ਪਰ ਅਜੇ ਤੱਕ ਉਨ੍ਹਾਂ ਦੇ ਕੰਨ 'ਤੇ ਜੂੰ ਨਹੀਂ ਸਰਕੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਮਰੇਡ ਮਨਜੀਤ ਸਿੰਘ ਝਬਾਲ ਨੇ ਕਿਹਾ ਜਿੱਥੇ ਵੀ ਕਿਸੇ ਗਰੀਬ ਮਜ਼ਦੂਰ ਨਾਲ ਧੱਕਾ ਹੋਵੇਗਾ ਤਾਂ ਸਾਡੀ ਜਥੇਬੰਦੀ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਉਸ ਦਾ ਡਟ ਕੇ ਵਿਰੋਧ ਕਰਦੀ ਰਹੇਗੀ।ਇਸ ਮੌਕੇ ਕਾਮਰੇਡ ਮਨਜੀਤ ਸਿੰਘ ਝਬਾਲ ਤੋਂ ਇਲਾਵਾ ਸੁਖਦੇਵ ਸਿੰਘ ਢਿੱਲੋਂ, ਹੀਰਾ ਸਿੰਘ, ਦਵਿੰਦਰ ਸਿੰਘ, ਬਲਵਿੰਦਰ ਸਿੰਘ ਭੱਟੀ, ਕਾਮਰੇਡ ਸੁਖਦੇਵ ਸਿੰਘ ਸੁੱਖਾ, ਕਾਮਰੇਡ ਕੁਲਦੀਪ ਸਿੰਘ ਤੇ ਦਵਿੰਦਰ ਕੌਰ ਆਦਿ ਹਾਜ਼ਰ ਸਨ।ਇੰਸਪੈਕਟਰ ਗੁਰਜੀਤ ਸਿੰਘ ਕੰਗ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਲਾਭਪਾਤਰੀ ਦੀ ਪਰਚੀ 15 ਕਿੱਲੋ ਦੀ ਹੈ ਤਾਂ ਉਹ 13 ਕਿੱਲੋ ਕਣਕ ਕਦੇ ਵੀ ਨਾ ਲਵੇ।ਆਪਣੀ ਪਰਚੀ ਲੈਣ ਕੇ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

## ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਜਾਗਰੂਕ ਕਰਨ ਲਈ ਕੈਂਪ ਲਗਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਕੁਮਾਰ ਆਈਏਐੱਸ ਦੀ ਰਹਿਨੁਮਾਈ ਹੇਠ ਡਾ. ਜਸਵਿੰਦਰ ਸਿੰਘ ਜ਼ਿਲ੍ਹਾ ਸਿਖਲਾਈ ਅਫਸਰ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫਸਰ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਖੇਤੀਬਾੜੀ ਬਲਾਕ ਗੰਡੀਵਿੰਡ ਦੇ ਪਿੰਡ ਗੱਗੋਬੂਹਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਗੁਰਮੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ। ਇਸ ਮੌਕੇ ਡਾਕਟਰ ਗੁਰਿੰਦਰਜੀਤ ਸਿੰਘ ਨੇ ਝੋਨੇ ਅਤੇ ਬਾਸਮਤੀ ਦੀਆਂ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਗੱਗੋਬੂਹਾ, ਹਰਦੀਪ ਸਿੰਘ, ਹਰਜੀਤ ਸਿੰਘ, ਨਿਰਮਲ ਸਿੰਘ, ਗੁਰਭੇਜ ਸਿੰਘ ਸਮੇਤ ਪਿੰਡ ਗੱਗੋਬੂਹਾ ਦੇ ਅਗਾਂਹਵਧੂ ਕਿਸਾਨ ਵੀ ਮੌਜੂਦ ਸਨ।

## ਡਾ. ਮਨਜਿੰਦਰ ਸਿੰਘ ਦੇ ਪ੍ਰੋਫ਼ੈਸਰ ਬਣਨ ਅਤੇ ਐਵਾਰਡ ਪ੍ਰਾਪਤੀ 'ਤੇ ਸਨਮਾਨ ਸਮਾਰੋਹ



ਅੰਮ੍ਰਿਤਸਰ (ਜਸਬੀਰ ਸਿੰਘ, ਕੰਵਲਜੀਤ ਸਿੰਘ)- ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੁਖੀ ਡਾ. ਮਨਜਿੰਦਰ ਸਿੰਘ ਦੇ ਪਿਛਲੇ ਦਿਨੀਂ ਪ੍ਰੋਫ਼ੈਸਰ ਬਣਨ ਅਤੇ ਕੇਂਦਰੀ ਪੰਜਾਬੀ ਸਭਾ ਵੱਲੋਂ ਵੱਕਾਰੀ ਰਵਿੰਦਰ ਰਵੀ ਐਵਾਰਡ ਪ੍ਰਾਪਤ ਕਰਨ ਉਤੇ ਵਿਭਾਗ ਦੇ ਖੋਜ-ਵਿਦਿਆਰਥੀਆਂ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਖੋਜ-ਵਿਦਿਆਰਥੀਆਂ ਵੱਲੋਂ ਆਪਣੇ ਸਤਿਕਾਰ ਅਤੇ ਪਿਆਰ ਦਾ ਇਜ਼ਹਾਰ ਕਰਦੇ ਹੋਏ ਡਾ. ਮਨਜਿੰਦਰ ਸਿੰਘ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਭੇਟ ਕੀਤੀਆਂ ਗਈਆਂ।ਇਸ ਸਮੇਂ ਵਿਭਾਗ ਦੇ ਅਧਿਆਪਕਾਂ ਵਿਚ ਡਾ. ਮੇਘਾ ਸਲਵਾਨ, ਡਾ. ਬਲਜੀਤ ਕੌਰ, ਡਾ. ਰਾਜਵਿੰਦਰ ਕੌਰ, ਡਾ. ਸਿਮਰਨਜੀਤ ਸਿੰਘ, ਡਾ. ਜਸਪਾਲ ਸਿੰਘ, ਡਾ. ਚੰਦਨ ਪ੍ਰੀਤ ਸਿੰਘ, ਡਾ. ਅਸ਼ੋਕ ਭਗਤ, ਡਾ. ਕੰਵਲਦੀਪ ਕੌਰ, ਡਾ. ਹਰਿੰਦਰ ਸਿੰਘ ਤੁੜ ਅਤੇ ਡਾ. ਕੰਵਲਜੀਤ ਕੌਰ ਤੋਂ ਇਲਾਵਾ ਵਿਭਾਗ ਦੇ ਖੋਜ-ਵਿਦਿਆਰਥੀ ਵੀ ਹਾਜ਼ਰ ਸਨ।

# ਲੈਂਡ ਪੂਲਿੰਗ ਪਾਲਿਸੀ ਸਰਾਸਰ ਕਿਸਾਨ ਤੇ ਪੰਜਾਬ ਵਿਰੋਧੀ ਸੀ : ਹੀਰਾ ਵਾਲੀਆ



ਬਟਾਲਾ (ਤਰਲੋਕ ਬੱਗਾ)- ਪੰਜਾਬ ਸਰਕਾਰ ਦੁਆਰਾ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਲੈਣ ਦੇ ਫੈਸਲੇ 'ਤੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਇਹ ਪਾਲਿਸੀ ਸ਼ੁਰੂ ਤੋਂ ਹੀ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਸੀ।ਇਸ ਪਾਲਿਸੀ ਦੀ ਆੜ ਵਿਚ ਭਗਵੰਤ ਮਾਨ ਸਰਕਾਰ ਕਿਸਾਨਾਂ ਦੀ ਜ਼ਮੀਨ ਖੋਹਣ ਦਾ ਯਤਨ ਕਰ ਰਹੀ ਸੀ।ਹੀਰਾ ਵਾਲੀਆ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਦੇ ਐਲਾਨ ਹੋਣ ਤੋਂ ਹੀ ਭਾਰਤੀ ਜਨਤਾ ਪਾਰਟੀ ਇਸਦਾ ਸਖਤ ਵਿਰੋਧ ਕਰ ਰਹੀ ਸੀ।ਹੁਣ ਸੂਬਾ ਪੱਧਰੀ ਅੰਦੋਲਨ ਸ਼ੁਰੂ ਕਰਨ ਦੀ ਤਿਆਰੀ ਸੀ। ਇਹ ਅੰਦੋਲਨ 17 ਅਗਸਤ ਤੋਂ ਸ਼ੁਰੂ ਹੋਣਾ ਸੀ ਪਰ ਪੰਜਾਬ ਸਰਕਾਰ ਭਾਰਤੀ ਜਨਤਾ ਪਾਰਟੀ ਦੇ ਦਬਾਅ ਅੱਗੇ ਪੂਰੀ ਤਰ੍ਹਾਂ ਝੁਕ ਗਈ ਹੈ।ਹੀਰਾ ਵਾਲੀਆ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਵਾਪਸ ਲੈਣਾ ਕਿਸਾਨਾਂ ਦੀ ਜਿੱਤ ਹੈ। ਪੰਜਾਬ ਅਤੇ ਪੰਜਾਬੀਆਂ ਦੀ ਜਿੱਤ ਹੈ ਅਤੇ ਭਾਰਤੀ ਜਨਤਾ ਪਾਰਟੀ ਦੇ ਦਬਾਅ ਦੀ ਜਿੱਤ ਹੈ।ਹੀਰਾ ਵਾਲੀਆ ਨੇ ਕਿਹਾ ਕਿ ਜਦ ਵੀ ਸੂਬਾ ਸਰਕਾਰ ਪੰਜਾਬ ਦੇ ਹਿੱਤਾਂ ਦੇ ਵਿਰੋਧ ਵਿਚ ਫੈਸਲੇ ਲਵੇਗੀ ਤਾਂ ਭਾਰਤੀ ਜਨਤਾ ਪਾਰਟੀ ਇਸਦਾ ਸਖਤ ਵਿਰੋਧ ਕਰੇਗੀ।



## ਰਾਜੀਵ ਗਾਂਧੀ ਸਟੇਡੀਅਮ 'ਚ ਫੁੱਲ ਡਰੈੱਸ ਰਿਹਰਸਲ ਹੋਈ

ਬਟਾਲਾ (ਡਾ ਮਲਵਿੰਦਰ ਸਿੰਘ)- ਆਜ਼ਾਦੀ ਦਿਵਸ ਸਮਾਗਮ ਮਨਾਉਣ ਸਬੰਧੀ ਅੱਜ ਸਥਾਨਕ ਰਾਜੀਵ ਗਾਂਧੀ ਸਟੇਡੀਅਮ, ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਫੁੱਲ ਡਰੈੱਸ ਰਿਹਰਸਲ ਕਰਵਾਈ ਗਈ, ਜਿਸ ਵਿੱਚ ਸਤਨਾਮ ਸਿੰਘ ਨਾਇਬ ਤਹਿਸੀਲਦਾਰ ਕਾਦੀਆਂ ਵੱਲੋਂ ਕੌਮੀ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਇੰਸਪੈਕਟਰ ਪ੍ਰਭਪਾਲ ਸਿੰਘ ਵੀ ਮੌਜੂਦ ਸਨ।ਪਰੇਡ ਕਮਾਂਡਰ ਦੀ ਅਗਵਾਈ ਐੱਸਆਈ ਸਕੱਤਰ ਸਿੰਘ ਨੇ ਕੀਤੀ, ਜਿਸ ਵਿੱਚ ਪੰਜਾਬ ਪੁਲਸ, ਪੰਜਾਬ ਹੋਮ ਗਾਰਡਜ਼ ਅਤੇ ਐੱਨਸੀਸੀ 22 ਪੰਜਾਬ ਬਟਾਲੀਅਨ ਦੇ ਕੈਡਿਟਸ ਤੇ ਸਕੂਲੀ ਬੈਂਡ ਦੀ ਟੁਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ ਅਤੇ ਇਸ ਸ਼ਾਨਦਾਰ ਮਾਰਚ ਪਾਸਟ ਵੱਲੋਂ ਸਲਾਮੀ ਦਿੱਤੀ ਗਈ।ਉਪਰੰਤ ਸਮਾਗਮ ਵਿਚ ਦੇਸ਼ ਭਗਤੀ ਤੇ ਆਧਾਰਿਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਦਿੱਤੀ ਗਏ।

## ਕਾਦੀਆਂ ਗੁੱਜਰਾਂ 'ਚ ਮੁਟਿਆਰਾਂ ਨੇ ਰਲਮਿਲ ਮਨਾਈਆਂ ਤੀਆਂ



ਕਲਾਨੌਰ (ਮਨਦੀਪ ਕੌਰ ਸੋਨੀ)- ਇੱਥੋਂ ਨਜ਼ਦੀਕ ਪਿੰਡ ਕਾਦੀਆਂ ਗੁੱਜਰਾਂ ਦੇ ਸਰਪੰਚ ਸਿਮੀ ਬਾਲਾ (ਮੋਨੂੰ) ਦੇ ਯਤਨਾਂ ਸਦਕਾ ਪਿੰਡ ਦੀਆਂ ਮੁਟਿਆਰਾਂ ਨੇ ਇਕੱਠਿਆਂ ਹੋ ਕੇ ਤੀਆਂ ਦਾ ਤਿਉਹਾਰ ਮਨਾਇਆ। ਸਰਪੰਚ ਨੇ ਦੱਸਿਆ ਕਿ ਨਵੀਂ ਪੀੜ੍ਹੀ ਪੁਰਾਣੇ ਰੀਤੀ ਰਿਵਾਜਾਂ ਨੂੰ ਭੁੱਲਦੀ ਜਾ ਰਹੀ ਹੈ। ਚਰਖੇ ਕੱਤਣੇ, ਫੁੱਲਕਾਰੀਆਂ ਕੱਢਣੇ, ਪੱਖੀਆਂ ਬਣਾਉਣੇ ਤੇ ਗਿੱਧੇ ਭੰਗੜੇ ਪਾ ਕੇ ਪੀਂਘਾਂ ਘਰ ਆਈਆਂ ਮੁਟਿਆਰਾਂ ਇੱਕ ਦੂਜੇ ਨਾਲ ਮਿਲ ਕੇ ਦੁੱਖ ਸੁੱਖ ਸਾਂਝੇ ਕਰਦੀਆਂ ਸਨ, ਪਰ ਅੱਜਕੱਲ ਸਭ ਕੁਝ ਬਦਲ ਗਿਆ। ਸੋ ਸਾਨੂੰ ਸਾਰਿਆਂ ਨੂੰ ਮਿਲ ਕੇ ਨਵੀਂ ਪੀੜ੍ਹੀ ਅਤੇ ਆਪਣੇ ਬੱਚਿਆਂ ਨੂੰ ਇਨ੍ਹਾਂ ਪੁਰਾਣੇ ਰੀਤੀ ਰਿਵਾਜਾਂ ਬਾਰੇ ਦੱਸਣਾ ਚਾਹੀਦਾ ਹੈ ਕਿਉਂਕਿ ਪੁਰਾਣੇ ਰੀਤੀ ਰਿਵਾਜ ਸਾਡੇ ਵਿਰਸੇ ਦੀ ਵੱਖਰੀ ਪਛਾਣ ਬਣਾਉਂਦੇ ਹਨ ਅਤੇ ਪੰਜਾਬੀ ਮਾਂ ਬੋਲੀ ਨੂੰ ਜਿੰਦਾ ਰੱਖਦੇ ਹਨ। ਇਸ ਮੌਕੇ ਪਿੰਡ ਦੀਆਂ ਮੁਟਿਆਰਾਂ ਵੱਲੋਂ ਗਿੱਧਾ/ਬੋਲੀਆਂ ਪਾ ਕੇ ਜਾਗੋ ਵੀ ਕੱਢੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਨੂ ਬਾਲਾ, ਰੇਨੂ, ਸੁਮਨ, ਗੁਰਪ੍ਰੀਤ ਕੌਰ, ਅਨੀਤਾ, ਸੁਰਜੀਤ ਕੌਰ, ਰੇਜ਼ੀ, ਕਾਂਤਾ, ਰਾਜ ਰਾਣੀ, ਬਿਮਲਾ, ਅੰਜੂ, ਕਿਰਨ, ਮਾਇਆ ਆਦਿ ਹਾਜ਼ਰ ਸਨ।

## ਕਿਰਨਦੀਪ ਕੌਰ ਤੇ ਸੁਖਮਨਪ੍ਰੀਤ ਕੌਰ ਨੇ ਅੰਤਰਰਾਸ਼ਟਰੀ ਜੂਡੋ ਚੈਂਪੀਅਨਸ਼ਿਪ 'ਚ ਹਿੱਸਾ ਲਿਆ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਨ ਤਾਰਨ ਦੀਆਂ ਦੋ ਪ੍ਰਤਿਭਾਸ਼ਾਲੀ ਵਿਦਿਆਰਥਣਾਂ ਕਿਰਨਦੀਪ ਕੌਰ ਅਤੇ ਸੁਖਮਨਪ੍ਰੀਤ ਕੌਰ ਨੇ ਦੱਖਣੀ ਕੋਰੀਆ ਵਿੱਚ ਆਯੋਜਿਤ ਵੱਕਾਰੀ ਅੰਤਰਰਾਸ਼ਟਰੀ ਜੂਡੋ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਦੱਖਣੀ ਕੋਰੀਆ ਵਿੱਚ ਜੂਡੋ ਮੁਕਾਬਲੇ ਵਿੱਚ ਹਿੱਸਾ ਲਿਆ।ਉਨ੍ਹਾਂ ਦੀ ਚੋਣ ਮਾਰਸ਼ਲ ਆਰਟਸ ਦੇ ਖੇਤਰ ਵਿੱਚ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਸ਼ਾਨਦਾਰ ਪ੍ਰਦਰਸ਼ਨ ਦਾ ਪ੍ਰਮਾਣ ਸੀ।ਪ੍ਰਿੰ. ਰਵਿੰਦਰ ਕੌਰ ਆਹਲੂਵਾਲੀਆ ਨੇ ਕਿਹਾ ਕਿ ਇਹ ਅੰਤਰਰਾਸ਼ਟਰੀ ਐਕਸਪੋਜ਼ਰ ਨਾ ਸਿਰਫ਼ ਉਨ੍ਹਾਂ ਦੀ ਐਥਲੈਟਿਕ ਯੋਗਤਾਵਾਂ ਨੂੰ ਵਧਾਏਗਾ ਬਲਕਿ ਸਾਡੀ ਸੰਸਥਾ ਅਤੇ ਸਾਡੇ ਦੇਸ਼ ਲਈ ਬਹੁਤ ਮਾਣ ਵੀ ਲਿਆਏਗਾ।ਸਕੂਲ ਦੇ ਸਟਾਫ ਮੈਂਬਰਾਂ ਨੇ ਉਨ੍ਹਾਂ ਦੀ ਵਾਪਸੀ 'ਤੇ ਸਵਾਗਤ ਕੀਤਾ। ਪ੍ਰਿੰ. ਰਵਿੰਦਰ ਕੌਰ ਆਹਲੂਵਾਲੀਆ ਅਤੇ ਸਟਾਫ ਮੈਂਬਰਾਂ ਦੁਆਰਾ ਦੋਵਾਂ ਕੁੜੀਆਂ ਨੂੰ ਸਨਮਾਨਿਤ ਕੀਤਾ ਗਿਆ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ 'ਚ ਬੜੇ ਉਤਸ਼ਾਹ ਨਾਲ ਮਨਾਈ ਤੀਜ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚਲਾਏ ਜਾ ਰਹੇ ਮੁੱਖ ਅਦਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਦੇ ਗੁਰੂ ਅਰਜਨ ਦੇਵ ਆਡੀਟੋਰੀਅਮ ਵਿਖੇ ਪੰਜਾਬ ਦੇ ਖੂਬਸੂਰਤ ਸਭਿਆਚਾਰ ਅਤੇ ਪਰੰਪਰਾਵਾਂ ਦੀ ਮਨਮੋਹਕ ਝਲਕ ਪੇਸ਼ ਕਰਦਾ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਥੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਪ੍ਰੋਗਰਾਮ ਦਾ ਆਰੰਭ ਪਰਮਾਤਮਾ ਦੀ ਓਟ ਆਸਰਾ ਲੈਣ ਲਈ ਸਕੂਲ ਸ਼ਬਦ ਨਾਲ ਕਰਨ ਉਪਰੰਤ ਸਕੂਲ ਮੈਂਬਰ ਇੰਚਾਰਜ ਸ. ਆਦਰਸ਼ ਪਿੰਦਰ ਸਿੰਘ ਮਾਨ ਅਤੇ ਸ. ਸਰਬਜੋਤ ਸਿੰਘ ਸਾਹਨੀ, ਪ੍ਰਿੰਸੀਪਲ ਕਵਲਪ੍ਰੀਤ ਕੌਰ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਮਹਿਮਾਨਾਂ ਦਾ ਸ਼ੁਭਆਗਤ ਕੀਤਾ।ਉਪਰੰਤ ਵਿਦਿਆਰਥੀਆਂ ਵੱਲੋਂ ਪੰਜਾਬੀ ਗੀਤਾਂ ਤੇ ਅਧਾਰਿਤ ਕਲਾਸੀਕਲ ਨਾਚ, 'ਸਾਫ ਸੁਥਰਾ ਭਾਰਤ' ਨਾਟਕ ਅਤੇ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ।

## ਸੇਂਟ ਕਬੀਰ ਸਕੂਲ ਦੀਆਂ ਵਾਲੀਬਾਲ ਟੀਮਾਂ ਨੇ ਕਰਵਾਈ ਬੱਲੇ-ਬੱਲੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- 76ਵੇਂ ਪੰਜਾਬ ਰਾਜ ਜ਼ੋਨਲ ਪੱਧਰੀ ਵਾਲੀਬਾਲ ਮੁਕਾਬਲੇ ਵਿੱਚ ਲਾਜਵਾਬ ਪ੍ਰਦਰਸ਼ਨ ਕਰਕੇ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਸਕੂਲ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚੋਂ ਮੋਹਰੀ ਬਣਿਆ ਹੈ। ਲੜਕਿਆਂ ਦੀਆਂ ਦੋ ਟੀਮਾਂ (ਅੰਡਰ-19 ਅਤੇ ਅੰਡਰ-17) ਨੇ ਇਨ੍ਹਾਂ ਰਾਜ ਪੱਧਰੀ ਜ਼ੋਨਲ ਮੁਕਾਬਲਿਆਂ ਵਿੱਚ ਹਿੱਸੇਦਾਰੀ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਅੰਡਰ -19 ਟੀਮ ਨੇ ਕਪਤਾਨ ਰੋਬਨ ਰਾਣਾ ਦੀ ਅਗਵਾਈ ਹੇਠ ਵਧੀਆ ਖੇਡ ਪ੍ਰਦਰਸ਼ਨ ਕਰਕੇ ਦੂਸਰਾ ਸਥਾਨ ਹਾਸਲ ਕੀਤਾ। ਕਪਤਾਨ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਅੰਡਰ- 17 ਦੀ ਟੀਮ ਨੇ ਤਿੱਬੜ ਜ਼ੋਨ ਅਧੀਨ ਖੇਡੇ ਰਾਜ ਪੱਧਰੀ ਮੁਕਾਬਲੇ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ। ਜੇਤੂ ਖਿਡਾਰੀਆਂ ਅਤੇ ਡੀਪੀ ਅਧਿਆਪਕਾਂ ਦਾ ਸਕੂਲ ਪਹੁੰਚਣ 'ਤੇ ਪ੍ਰਿੰ. ਐੱਸ. ਬੀ. ਨਾਯਰ ਅਤੇ ਮੈਨੇਜਮੈਂਟ ਮੈਂਬਰ ਨਵਦੀਪ ਕੌਰ ਤੇ ਕੁਲਦੀਪ ਕੌਰ ਵੱਲੋਂ ਭਰਵਾਂ ਸਵਾਗਤ ਕਰਦਿਆਂ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਵਧੇਰੇ ਰੁਚੀ ਰੱਖਣ ਅਤੇ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਡੀਪੀ ਅਧਿਆਪਕ ਬੇਅੰਤ ਸਿੰਘ, ਜਤਿੰਦਰ ਕੌਰ, ਦਮਨਬੀਰ ਸਿੰਘ, ਗੁਰਪ੍ਰੀਤ ਸਿੰਘ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਪੈਕਟਾਂ 'ਚ ਬੰਦ ਮਿਆਦ ਪੁੱਗਾ ਸਾਮਾਨ ਵੇਚ ਕੇ ਦੁਕਾਨਦਾਰ ਲੋਕਾਂ ਦੀ ਸਿਹਤ ਨਾਲ ਕਰ ਰਹੇ ਨੇ ਸ਼ਰੇਆਮ ਖਿਲਵਾੜ



ਗੁਰਦਾਸਪੁਰ (ਜਨਕ ਮਹਾਜਨ)- ਖਾਣ ਪੀਣ ਵਾਲੀਆਂ ਚੀਜ਼ਾਂ 'ਤੇ ਐਕਸਪਾਇਰੀ ਮਿਤੀ ਲਿਖਣ ਦਾ ਕੀ ਫਾਇਦਾ ਜੇਕਰ ਇਨ੍ਹਾਂ ਬੰਦ ਪੈਕਟਾਂ ਅਤੇ ਬੋਤਲਾਂ ਨੂੰ ਸਮੇਂ ਸਿਰ ਸਿਹਤ ਵਿਭਾਗ ਗੁਰਦਾਸਪੁਰ ਵੱਲੋਂ ਚੈੱਕ ਹੀ ਨਹੀਂ ਕੀਤਾ ਜਾਂਦਾ। ਮਿਸਾਲ ਦੇ ਤੌਰ 'ਤੇ ਪਿੰਡਾਂ ਤੇ ਸ਼ਹਿਰਾਂ ਵਿਚ ਛੋਟੇ-ਵੱਡੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਅੰਦਰ ਅਤੇ ਬਾਹਰ ਖਾਣ ਪੀਣ ਵਾਲੇ ਪੈਕਟ ਭੁਜੀਆ, ਕੁਰਕਰੇ, ਲੇਜ ਆਦਿ ਲਗਾਏ ਹੁੰਦੇ ਹਨ ਜਿਨ੍ਹਾਂ ਉਪਰ ਬਣਨ ਅਤੇ ਐਕਸਪਾਇਰੀ ਮਿਤੀ ਲਿਖੀ ਹੁੰਦੀ ਹੈ। ਕਈ ਵਾਰ ਪੈਕਟ ਖਰੀਦਣ ਤੋਂ ਪਤਾ ਚੱਲਦਾ ਹੈ ਕਿ ਇਸ ਦੀ ਤਾਂ ਐਕਸਪਾਇਰੀ ਮਿਤੀ ਲੰਘ ਚੁੱਕੀ ਹੈ, ਇਸ ਦੇ ਬਾਵਜੂਦ ਦੁਕਾਨਦਾਰ ਧੜੱਲੇ ਨਾਲ ਵੇਚ ਰਹੇ ਹਨ। ਇਹ ਸਾਰਾ ਸਿਹਤ ਵਿਭਾਗ ਦੀ ਅਣਗਹਿਲੀ ਅਤੇ ਲਾਪਰਵਾਹੀ ਨਾਲ ਹੋ ਰਿਹਾ ਹੈ ਜਿਸ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਬਹੁਤ ਘੱਟ ਸੁਣਨ ਅਤੇ ਅਖਬਾਰਾਂ ਵਿਚ ਪੜ੍ਹਨ ਨੂੰ ਮਿਲਦਾ ਹੈ ਕਿ ਇਸ ਮਹੀਨੇ ਗੁਰਦਾਸਪੁਰ ਸ਼ਹਿਰ ਅਤੇ ਪਿੰਡਾਂ ਵਿਚ ਸਿਹਤ ਵਿਭਾਗ ਗੁਰਦਾਸਪੁਰ ਵਲੋਂ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਨਮੂਨੇ ਲਏ ਗਏ ਅਤੇ ਕਿੰਨੇ ਫੇਲ੍ਹ ਹੋਏ ਅਤੇ ਕਿੰਨੇ ਕਥਿਤ ਦੋਸ਼ੀ ਪਾਏ ਗਏ। ਦੁੱਧ, ਪਨੀਰ ਆਦਿ ਦੇ ਸੈਂਪਲ ਭਰੇ ਜਾਣ ਬਾਰੇ ਵੀ ਲੋਕਾਂ ਨੂੰ ਘੱਟ ਹੀ ਜਾਣਕਾਰੀ ਮਿਲਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਸਮੇਂ-ਸਮੇਂ ਸਿਰ ਸੈਂਪਲ ਭਰੇ ਜਾਣ ਤਾਂ ਘਟੀਆ ਤੇ ਮਿਲਾਵਟੀ ਸਾਮਾਨ ਵੇਚਣ ਵਾਲੇ ਦੁਕਾਨਦਾਰ ਅੰਦਰ ਖੌਫ ਪੈਦਾ ਹੋਵੇਗਾ ਅਤੇ ਉਹ ਘਟੀਆ ਮਿਆਰ ਵਾਲਾ ਸਾਮਾਨ ਵੇਚਣ ਤੋਂ ਡਰਨਗੇ।

## ਖ਼ਾਲਸਾ ਕਾਲਜ ਆਫ ਲਾਅ ਦੀਆਂ ਵਿਦਿਆਰਥਣਾਂ ਵੱਲੋਂ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)— ਖ਼ਾਲਸਾ ਕਾਲਜ ਆਫ਼ ਲਾਅ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਲਈ ਗਈ ਬੀ. ਕਾਮ. ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ ਦਸਵੀਂ ਦੀ ਪ੍ਰੀਖਿਆ 'ਚੋਂ ਸ਼ਾਨਦਾਰ ਸਥਾਨ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਦੀਆਂ ਵਿਦਿਆਰਥਣਾਂ ਪਰਨੀਤ ਕੌਰ ਨੇ ਕੁਲ 500 ਅੰਕਾਂ 'ਚੋਂ 390 ਅੰਕਾਂ ਨਾਲ 'ਵਰਸਿਟੀ 'ਚੋਂ ਦੂਜਾ ਸਥਾਨ, ਰੁਪਾਲੀ ਜੈਸਵਾਲ ਨੇ 385 ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਇਸ ਸਬੰਧੀ ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਕਿਹਾ ਕਿ ਸੰਸਥਾ ਦਾ ਸ਼ਾਨਦਾਰ ਨਤੀਜਾ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ, ਲਗਨ ਅਤੇ ਮੈਨੇਜਮੈਂਟ ਵੱਲੋਂ ਸਿਖਿਆ ਦਾ ਵਧੀਆ ਵਾਤਾਵਰਣ ਮੁਹੱਈਆ ਕਰਨ ਕਰਕੇ ਹੀ ਸੰਭਵ ਹੋਇਆ ਹੈ।ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਹਰਪ੍ਰੀਤ ਕੌਰ, ਡਾ. ਸੀਮਾ ਰਾਣੀ, ਡਾ. ਰਾਸ਼ੀਮਾ ਚੰਗੋਤਰਾ, ਡਾ. ਰੈਨੂੰ ਸੈਣੀ, ਡਾ. ਮੋਹਿਤ ਸੈਣੀ, ਡਾ. ਸ਼ਿਵਨ ਸਰਪਾਲ, ਪ੍ਰੋ. ਹੇਮਾ ਸਿੰਘ, ਪ੍ਰੋ. ਸੁਗਮ ਅਤੇ ਕਾਲਜ ਦੇ ਬਾਕੀ ਸਟਾਫ ਮੈਂਬਰ ਹਾਜ਼ਰ ਸਨ।

## ਪਾਰਥ ਅਗਰਵਾਲ ਨੇ ਸ਼ੂਟਿੰਗ ਮੁਕਾਬਲੇ 'ਚ ਸੋਨ ਤਮਗਾ ਜਿੱਤਿਆ




ਬਟਾਲਾ (ਤਰਲੋਕ ਬੱਗਾ)- ਆਰ. ਡੀ. ਖੋਸਲਾ ਡੀਏਵੀ ਸਕੂਲ ਦੇ ਪਾਰਥ ਅਗਰਵਾਲ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਸਕੂਲ ਖੇਡਾਂ ਅਧੀਨ ਆਯੋਜਿਤ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲੇ ਵਿੱਚ ਅੰਡਰ-19 ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸੋਨ ਤਗਮਾ ਜਿੱਤਿਆ।ਇਸ ਪ੍ਰਾਪਤੀ ਦੇ ਨਾਲ ਉਸਨੂੰ ਰਾਜ ਪੱਧਰੀ ਮੁਕਾਬਲੇ ਲਈ ਚੁਣਿਆ ਗਿਆ ਹੈ।ਇਸ ਤੋਂ ਇਲਾਵਾ ਚਾਰ ਹੋਰ ਪ੍ਰਤਿਭਾਸ਼ਾਲੀ ਖਿਡਾਰੀ ਕਪਿਸ਼ ਭਾਟੀਆ, ਰੇਹਾਨ ਜੁਲਕਾ, ਵੇਸ਼ ਅਗਰਵਾਲ ਅਤੇ ਦਾਨਿਸ਼ ਬਾਵਾ ਨੇ ਵੀ ਮੁਕਾਬਲੇ ਦੌਰਾਨ ਸ਼ਾਨਦਾਰ ਸ਼ੂਟਿੰਗ ਦਾ ਪ੍ਰਦਰਸ਼ਨ ਕਰਕੇ ਆਪਣੀ ਮਿਹਨਤ ਅਤੇ ਤਿਆਰੀ ਦਾ ਪ੍ਰਦਰਸ਼ਨ ਕੀਤਾ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰ. ਡਾ. ਬਿੰਦੂ ਭੱਲਾ ਨੇ ਖਿਡਾਰੀਆਂ ਦੇ ਮਾਪਿਆਂ, ਕੋਚ ਰਾਜਬੀਰ ਸਿੰਘ, ਮਨਜਿੰਦਰ ਸਿੰਘ ਅਤੇ ਵਿਨੈ ਪੁਸ਼ਕਰਨਾ ਅਤੇ ਸਾਰੇ ਖਿਡਾਰੀਆਂ ਨੂੰ ਉਨ੍ਹਾਂ ਦੀ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਅਨੁਸ਼ਾਸਨ ਨੇ ਉਨ੍ਹਾਂ ਨੂੰ ਇਹ ਸਫਲਤਾ ਦਿਵਾਈ ਹੈ।

## ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਅੰਤਰਰਾਸ਼ਟਰੀ ਯੁਵਕ ਦਿਵਸ ਮਨਾਇਆ

ਗੁਰਦਾਸਪੁਰ (ਜਨਕ ਮਹਾਜਨ)- ਸਰਕਾਰੀ ਕਾਲਜ ਗੁਰਦਾਸਪੁਰ ਦੇ ਪ੍ਰਿੰ. ਡਾ. ਅਸ਼ਵਨੀ ਕੁਮਾਰ ਭੱਲਾ ਦੀ ਅਗਵਾਈ ਹੇਠ ਕਾਲਜ ਵਿਚ ਅੰਤਰਰਾਸ਼ਟਰੀ ਯੁਵਕ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ ਕਰਵਾਏ ਵਿਸ਼ੇਸ਼ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਤੇ ਡਾ. ਰਿਸ਼ੀ ਰਾਜ ਸ਼ਰਮਾ ਸ਼ਾਮਿਲ ਹੋਏ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦਾ ਸਰਮਾਇਆ ਤੇ ਸ਼ਕਤੀ ਹੁੰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਐਨਰਜੀ ਨੂੰ ਸਹੀ ਪਾਸੇ ਵੱਲ ਲਗਾਉਣ ਲਈ ਪ੍ਰੇਰਿਆ। ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿਚ ਚੰਗੇ ਕੰਮ ਕਰਨ ਅਤੇ ਅਗਾਂਹ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਮੁੱਖ ਮਹਿਮਾਨ ਵਧੀਕ ਡਿਪਟੀ ਕਮਿਸ਼ਨਰ ਨੂੰ ਸਨਮਾਨਿਤ ਵੀ ਕੀਤਾ। ਸਮਾਗਮ ਦੌਰਾਨ ਡਾ. ਰਿਸ਼ੀ ਰਾਜ ਸ਼ਰਮਾ ਨੇ ਵਿਦਿਆਰਥੀਆਂ ਨਾਲ ਇਸ ਦਿਵਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਭਾਸ਼ਣ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ ਜਿਸ ਵਿਚ ਜੱਜ ਦੀ ਭੂਮਿਕਾ ਪ੍ਰੋ. ਹਰਮੀਤ ਕੌਰ, ਪ੍ਰੋ. ਤਰਨਬੀਰ ਕੌਰ, ਪ੍ਰੋ. ਸ਼ਰੂਤੀ, ਪ੍ਰੋ. ਅੰਧਲੀਪ ਅਤੇ ਪ੍ਰੋ. ਸੁਗੰਧੀ ਮਹਾਜਨ ਨੇ ਨਿਭਾਈ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਸੀਮਾ ਮਹਾਜਨ ਨੇ ਨਿਭਾਈ। ਭਾਸ਼ਣ ਮੁਕਾਬਲਿਆਂ ਵਿਚ ਸੁਨੇਹਾ, ਦੀਵਾਂਸ਼ ਅਤੇ ਰਿਧਮ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਪੋਸਟਰ ਮੇਕਿੰਗ ਵਿਚ ਵੈਦਹੀ, ਸੰਦੀਪ ਸਿੰਘ ਅਤੇ ਸੁਨੇਹਾ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰ. ਡਾ. ਅਸ਼ਵਨੀ ਕੁਮਾਰ ਭੱਲਾ ਨੇ ਵਿਦਿਆਰਥੀਆਂ ਨੂੰ ਇਨਾਮ ਵੰਡੇ।

## ਬ੍ਰਹਮਪੁਰਾ ਨੂੰ ਸ਼੍ਰੋਮਣੀ ਅਕਾਲੀ ਦਲ (ਬ) ਦਾ ਉੱਪ ਪ੍ਰਧਾਨ ਬਣਾਉਣ 'ਤੇ ਇਲਾਕੇ 'ਚ ਖੁਸ਼ੀ ਦੀ ਲਹਿਰ



ਚੋਹਲਾ ਸਾਹਿਬ (ਰਮਨ ਚੱਢਾ)- ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦਾ ਉਪ ਪ੍ਰਧਾਨ ਬਣਾਉਣ ਤੇ ਇਲਾਕੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਸਰਪੰਚ ਅਮਰੀਕ ਸਿੰਘ ਚੋਹਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਨਵ-ਨਿਯੁਕਤ ਉਪ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਪਾਰਟੀ ਵਿੱਚ ਜਿਹੜਾ ਅਹੁਦਾ ਦਿੱਤਾ ਗਿਆ ਉਹ ਉਸਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਇਸ ਸਮੇਂ ਬੀਸੀ ਸੈੱਲ ਦੇ ਪ੍ਰਧਾਨ ਮਨਜਿੰਦਰ ਸਿੰਘ ਲਾਟੀ, ਡਾਇਰੈਕਟਰ ਬਲਬੀਰ ਸਿੰਘ ਬੱਲੀ, ਦਿਲਬਰ ਸਿੰਘ ਪ੍ਰਧਾਨ ਟੂਰ ਐਂਡ ਟਰੈਵਲ, ਪ੍ਰਧਾਨ ਗੁਰਦੇਵ ਸਿੰਘ, ਅਵਤਾਰ ਸਿੰਘ, ਹਰਜਿੰਦਰ ਸਿੰਘ, ਦੇਬਾ, ਕੁਰਿੰਦਰਜੀਤ ਸਿੰਘ, ਡਾ. ਜਤਿੰਦਰ ਸਿੰਘ, ਗੁਰਦਿਆਲ ਸਿੰਘ, ਦਲਬੀਰ ਸਿੰਘ, ਸਾਬਾ ਸਿੰਘ, ਰਾਜੂ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਐੱਸਕੇਐੱਮ ਦੇ ਦੇਸ਼ ਵਿਆਪੀ ਸੱਦੇ 'ਤੇ ਟਰੰਪ ਤੇ ਮੋਦੀ ਦੇ ਪੁਤਲੇ ਫੂਕੇ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਭਰ ਦੇ ਸੱਦੇ 'ਤੇ ਮੋਰਚੇ 'ਚ ਸ਼ਾਮਿਲ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਪੰਜਾਬ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਕੁਲ ਹਿੰਦ ਕਿਸਾਨ ਸਭਾ ਤੇ ਪੰਜਾਬ ਕਿਸਾਨ ਯੂਨੀਅਨ ਦੇ ਆਗੂਆਂ ਤੇ ਕਾਰਕੁੰਨਾ ਨੇ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਕਾਬਲ ਸਿੰਘ ਛੀਨਾ, ਦੇਸਾ ਸਿੰਘ ਭਿੰਡੀ ਔਲਖ, ਜੱਗਾ ਸਿੰਘ ਡੱਲਾ, ਵਿਜੇ ਸ਼ਾਹ ਧਾਰੀਵਾਲ, ਸਤਵਿੰਦਰ ਸਿੰਘ ਉਠੀਆਂ ਤੇ ਰਜਿੰਦਰ ਸਿੰਘ ਭਲਾ ਪਿੰਡ ਦੀ ਅਗਵਾਈ 'ਚ ਕਾਰਪੋਰੇਟੋ ਭਾਰਤ ਛੱਡੋ ਅਤੇ ਖੇਤੀ ਕਿੱਤੇ ਨੂੰ ਕਰਮੁਕਤ ਵਪਾਰ ਵਿੱਚੋਂ ਬਾਹਰ ਕੱਢੋ ਦੇ ਬੁਲੰਦ ਨਾਅਰੇ ਲਾਉਂਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲ ਟਰੰਪ ਦੇ ਪੁਤਲੇ ਚੁੱਕ ਕੇ ਅਜਨਾਲਾ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚ ਪ੍ਰਦਰਸ਼ਨ ਕੀਤਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਅਸੀਂ ਕਿਸਾਨਾਂ. ਮਜ਼ਦੂਰਾਂ ਤੇ ਪੰਜਾਬੀਆ ਨੂੰ ਸੁਚੇਤ ਕਰਨ ਚਾਹੁੰਦੇ ਹਾਂ ਕਿ ਭਗਵੰਤ ਮਾਨ ਦੀ ਸਰਕਾਰ ਨੇ ਇਸ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰਨ ਦੇ ਕੀਤੇ ਐਲਾਨ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਿਸ ਕਰਕੇ ਐੱਸਕੇਐੱਮ ਦਾ ਸੰਘਰਸ਼ ਜਾਰੀ ਹੈ ਅਤੇ 24 ਅਗਸਤ ਨੂੰ ਸਮਰਾਲਾ ਵਿਖੇ ਐੱਸਕੇਐੱਮ ਵੱਲੋਂ ਜਿਹੜੀ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ ਉਸ ਵਿੱਚ ਤਨ, ਮਨ, ਧਨ ਨਾਲ ਵੱਧ-ਚੜ੍ਹ ਕੇ ਸ਼ਾਮਿਲ ਹੋਵੋ ! ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਭੂਰੇ ਗਿੱਲ, ਰੇਸ਼ਮ ਸਿੰਘ ਅਜਨਾਲਾ, ਮਨਜੀਤ ਸਿੰਘ ਮਾਸੀ ਨੰਗਲ, ਪ੍ਰੋ. ਮਾਲਕ ਸਿੰਘ ਗੁਰਾਲਾ, ਅੰਗਰੇਜ਼ ਸਿੰਘ ਲੱਖੋਵਾਲ, ਜਤਿੰਦਰ ਸਿੰਘ ਗਿੱਲ ਮਾਨਾਂਵਾਲਾ, ਗਾਇਕ ਗੁਰਪਾਲ ਗਿੱਲ ਸੈਦਪੁਰ, ਲਖਬੀਰ ਸਿੰਘ ਸਾਰਗਦੇਵ, ਸਾ. ਸਰਪੰਚ ਲਖਬੀਰ ਸਿੰਘ ਤੇੜਾ, ਬੱਗਾ ਸਿੰਘ ਜਗਦੇਵ ਕਲਾਂ, ਸਰਪੰਚ ਜੋਗਾ ਸਿੰਘ ਰਣੀਕੇ, ਸ਼ਮਸ਼ੇਰ ਸਿੰਘ ਮੱਟੀਆਂ, ਫੁੰਮਣ ਸਿੰਘ, ਬਲਵਿੰਦਰ ਸਿੰਘ ਡਿਆਲ ਭੱਟੀ ਨੇ ਵੀ ਆਪਣੇ ਵਿਚਾਰ ਰੱਖੇ।

## ਪ੍ਰਿੰ. ਸੁਖਵਿੰਦਰ ਕੌਰ ਰੰਧਾਵਾ ਦਾ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ ਵੱਲੋਂ ਸਨਮਾਨ



ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਸ਼੍ਰੋਮਣੀ ਅਕਾਲ ਦਲ ਦੇ ਹਲਕਾ ਤਰਨ ਤਾਰਨ ਤੋਂ ਉਮੀਦਵਾਰ ਪ੍ਰਿੰ. ਸੁਖਵਿੰਦਰ ਕੌਰ ਰੰਧਾਵਾ ਨੇ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ ਦੇ ਗ੍ਰਹਿ ਝਬਾਲ ਵਿਖੇ ਅਕਾਲੀ ਵਰਕਰਾਂ ਨਾਲ ਆਗਾਮੀ ਚੋਣ ਲਈ ਸਲਾਹ ਮਸ਼ਵਰਾ ਕਰਨ ਪਹੁੰਚੇ। ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਸਿਰੋਪਾਓ ਦੇ ਕੇ ਸਨਮਾਨ ਕੀਤਾ। ਇਸ ਮੌਕੇ ਚੇਅਰਮੈਨ ਹਰਵੰਤ ਸਿੰਘ ਝਬਾਲ, ਡਾਇਰੈਕਟਰ ਦਲਜੀਤ ਸਿੰਘ ਐਮਾਂ, ਸਾਬਕਾ ਸਰਪੰਚ ਮਨਜਿੰਦਰ ਸਿੰਘ ਐਮਾਂ, ਸਾਬਕਾ ਸਰਪੰਚ ਗੁਰਿੰਦਰ ਸਿੰਘ ਬਾਬਾ ਲੰਗਾਹ, ਰਾਮ ਸਿੰਘ ਨਾਮਧਾਰੀ, ਸਾਬਕਾ ਸਰਪੰਚ ਅਜਮੇਰ ਸਿੰਘ ਕਾਕਾ ਛਾਪਾ, ਸਾਬਕਾ ਸਰਪੰਚ ਪ੍ਰੀਤਇੰਦਰ ਸਿੰਘ ਝਬਾਲ, ਸਤਿਨਾਮ ਸਿੰਘ ਭੁੱਜੜਾਵਾਲਾ, ਸਾਹਿਬ ਸਿੰਘ ਭੁੱਜੜਾਵਾਲਾ, ਦਿਲਬਾਗ ਸਿੰਘ ਭੁੱਜੜਾਵਾਲਾ, ਕੁਲਵੰਤ ਸਿੰਘ ਹੀਰਾਪੁਰ, ਸਵਰਨ ਸਿੰਘ ਹੀਰਾਪੁਰ, ਅੰਗਰੇਜ਼ ਸਿੰਘ ਪਟਿਆਲਾ, ਪ੍ਰਿੰਸ ਚੌਲੀਆ ਝਬਾਲ, ਕਸ਼ਮੀਰ ਸਿੰਘ ਹੀਰਾਪੁਰ, ਸੰਦੀਪ ਸਿੰਘ ਭੁੱਜੜਾਵਾਲਾ, ਹਰਮਨ ਸਿੰਘ ਹੀਰਾਪੁਰ, ਤਰਸੇਮ ਸਿੰਘ ਪੱਪੂ ਭੁਜੜਾਵਾਲਾ ਆਦਿ ਹਾਜ਼ਰ ਸਨ।

## ਧਾਮੀ ਵੱਲੋਂ ਅਮਰੀਕਾ 'ਚ ਬਜ਼ੁਰਗ ਸਿੱਖ 'ਤੇ ਹੋਏ ਨਸਲੀ ਹਮਲੇ ਦੀ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਅੰਦਰ ਕੈਲੀਫੋਰਨੀਆ ਦੇ ਨਾਰਥ ਹਾਲੀਵੁੱਡ ਵਿਚ ਸ. ਹਰਪਾਲ ਸਿੰਘ ਨਾਂ ਦੇ ਇਕ ਬਜ਼ੁਰਗ ਸਿੱਖ 'ਤੇ ਹੋਏ ਨਸਲੀ ਹਮਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਘਟਨਾ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਕੈਲੀਫੋਰਨੀਆ ਵਿਚ ਸਿੱਖ ਬਜ਼ੁਰਗ 'ਤੇ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰ ਦੇਣ ਦੀ ਖ਼ਬਰ ਬੇਹੱਦ ਮੰਦਭਾਗੀ ਹੈ।ਉਨ੍ਹਾਂ ਕਿਹਾ ਕਿ ਅੱਜ ਵੱਖ-ਵੱਖ ਦੇਸ਼ਾਂ ਅੰਦਰ ਸਿੱਖ ਉਚ ਪਦਵੀਆਂ 'ਤੇ ਕਾਰਜ ਕਰ ਰਹੇ ਹਨ ਅਤੇ ਉਹ ਜਿਸ ਵੀ ਖਿੱਤੇ ਵਿਚ ਵੱਸੇ ਹਨ, ਉਨ੍ਹਾਂ ਨੇ ਉਥੋਂ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਕਿ ਸਿੱਖਾਂ ਵਿਰੁੱਧ ਅਜਿਹੀਆਂ ਨਫ਼ਰਤੀ ਘਟਨਾਵਾਂ ਵਾਪਰਨ ਨਾਲ ਕੌਮ ਅੰਦਰ ਰੋਸ ਪੈਦਾ ਹੋਣਾ ਕੁਦਰਤੀ ਹੈ।ਉਨ੍ਹਾਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਵਿਚ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਵਿਹੜੇ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਤੀਜ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸਕੱਤਰ ਪਰਮਿੰਦਰ ਕੌਰ ਚਾਹਲ, ਐਡਵੋਕੇਟ ਗੁਰਬਿੰਦਰ ਸਿੰਘ ਚਾਹਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਮਨਦੀਪ ਕੌਰ ਚਾਹਲ ਨੇ ਸ਼ਿਰਕਤ ਕੀਤੀ। ਸਕੂਲ ਦੇ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਛੋਟੇ ਬੱਚਿਆਂ ਵੱਲੋਂ ਇਕ ਸਕਿਟ ਕੀਤੀ ਗਈ ਜਿਸ ਵਿੱਚ ਭੈਣ-ਭਰਾ ਦੇ ਰਿਸ਼ਤੇ ਦੀ ਮਹੱਤਤਾ ਨੂੰ ਸੋਹਣੇ ਢੰਗ ਨਾਲ ਪੇਸ਼ ਕੀਤਾ। ਤੀਆਂ ਦੇ ਤਿਉਹਾਰ ਮੌਕੇ ਸਕੂਲ ਵਿੱਚ ਜਮਾਤ ਛੇਵੀਂ ਤੋਂ ਬਾਰਵੀਂ ਤੱਕ ਦੀਆਂ ਵਿਦਿਆਰਥਣਾਂ ਦਾ ਹਾਊਸ ਵਾਈਜ਼ ਗਿੱਧਾ ਕੰਪੀਟੀਸ਼ਨ ਕਰਵਾਇਆ ਗਿਆ। ਪ੍ਰਿੰ. ਕਿਰਨ ਕੇਸਰ ਜੀ ਦੁਆਰਾ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਤੀਜ ਦੇ ਤਿਉਹਾਰ ਦੀਆਂ ਮੁਬਾਰਕਾਂ ਦਿੱਤੀਆਂ। ਪ੍ਰੋਗਰਾਮ ਦੇ ਅੰਤ ਵਿੱਚ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਤੀਜ ਦਾ ਤਿਉਹਾਰ ਖੁਸ਼ੀਆਂ ਖੇੜੇ ਬਿਖੇਰਦਾ ਸੰਪੰਨ ਹੋਇਆ।

## ਦਸਮੇਸ਼ ਕਾਲਜ ਫਾਰ ਵੂਮੈਨ ਵਿਖੇ ਮਨਾਇਆ ਤੀਆਂ ਦਾ ਤਿਉਹਾਰ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਕਾਲਜ ਫਾਰ ਵੂਮੈਨ ਮਹਿਤਾ ਚੌਕ ਦੀਆਂ ਵਿਦਿਆਰਥਣਾਂ ਦੁਆਰਾ ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਤਿਉਹਾਰ ਤੀਆਂ ਮਨਾਇਆ ਗਿਆ ਜਿਸ ਵਿੱਚ ਪੰਜਾਬੀ ਸੱਭਿਆਚਾਰ ਦੀ ਝਲਕ ਦੇਖਣ ਨੂੰ ਮਿਲੀ।ਇਸ ਪ੍ਰੋਗਰਾਮ ਵਿੱਚ ਵਿਦਿਆਰਥਣਾਂ ਦੁਆਰਾ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਬੋਲੀਆਂ, ਗਿੱਧਾ ਅਤੇ ਭੰਗੜਾ ਪਾ ਕੇ ਇਸ ਤਿਉਹਾਰ ਦਾ ਆਨੰਦ ਮਾਣਿਆ ਗਿਆ।ਇਹ ਤਿਉਹਾਰ ਵਿਦਿਆਰਥਣਾਂ ਦੇ ਜੀਵਨ ਵਿੱਚ ਖੁਸ਼ੀ ਅਤੇ ਅਨੰਦ ਦੀ ਲਹਿਰ ਲੈ ਕੇ ਆਇਆ।ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਅਤੇ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।ਵਿਦਿਆਰਥਣਾਂ ਦੁਆਰਾ ਇਸ ਦਿਨ ਨੂੰ ਪੂਰੀ ਖੁਸ਼ੀ ਨਾਲ ਮਾਣਿਆ ਗਿਆ ਅਤੇ ਉਨ੍ਹਾਂ ਦੁਆਰਾ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ ।ਇਸ ਮੌਕੇ ਮੈਡਮ ਗੁਰਬੀਰ ਕੌਰ, ਰਵਿੰਦਰ ਕੌਰ, ਸਮੂਹ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

# ਇਨਵੈਸਟੀਚਰ ਸੈਰੇਮਨੀ ਅਧੀਨ ਨਵੀਂ ਵਿਦਿਆਰਥੀ ਕੌਂਸਲ ਦੀ ਚੋਣ



ਝਬਾਲ (ਹਰਜਿੰਦਰ ਸਿੰਘ ਸੋਨੀ)- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਇਨਵੈਸਟੀਚਰ ਸੈਰੇਮਨੀ ਅਧੀਨ ਨਵੀਂ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ ਜਿਸ ਵਿੱਚ ਬਾਰ੍ਹਵੀਂ ਜਮਾਤ ਦੇ ਗੁਰਨੂਰ ਸਿੰਘ ਨੂੰ ਹੈੱਡ ਬੁਆਏ ਅਤੇ ਅਨਹਦਪ੍ਰੀਤ ਕੌਰ ਨੂੰ ਹੈੱਡ ਗਰਲ, ਗਿਆਰ੍ਹਵੀਂ ਦੇ ਪ੍ਰਿੰਸਪਾਲ ਸਿੰਘ ਨੂੰ ਵਾਈਸ ਹੈੱਡ ਬੁਆਏ ਅਤੇ ਨਿਮਰਤ ਕੌਰ ਨੂੰ ਵਾਈਸ ਹੈੱਡ ਗਰਲ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਹਾਊਸ ਕੈਪਟਨ ਅਤੇ 36 ਮੈਂਬਰੀ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ। ਵਿਦਿਆਰਥੀਆਂ ਨੇ ਜ਼ਿੰਮੇਵਾਰੀਆਂ ਨਿਭਾਉਣ ਦੀ ਪਲੈਂਜ ਲਈ। ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰ. ਅਨੂਰੀਤ ਬਾਵਾ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਕੰਮ ਪ੍ਰਤੀ ਵਫਾਦਾਰੀ ਦਿਖਾਉਂਦਿਆਂ ਸਕੂਲ ਅਤੇ ਸਮਾਜ ਪ੍ਰਤੀ ਬਣਦੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਨੂੰ ਸਹੀ ਸੇਧ ਪ੍ਰਦਾਨ ਕੀਤੀ ਜਾ ਸਕੇ। ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਮੋਦੀ ਤੇ ਟਰੰਪ ਦਾ ਪੁਤਲਾ ਫੂਕ ਕੇ ਸਰਮਾਏਦਾਰ ਤਾਕਤਾਂ ਖ਼ਿਲਾਫ਼ ਵਿਰੋਧ ਪ੍ਰਗਟਾਇਆ



ਬਾਬਾ ਬਕਾਲਾ (ਜਸਪਾਲ ਸਿੰਘ)— ਕੁੱਲ ਹਿੰਦ ਕਿਸਾਨ ਸਭਾ ਦੀ ਤਹਿਸੀਲ ਬਾਬਾ ਬਕਾਲਾ ਦਾ ਜਥੇਬੰਦਕ ਇਜਲਾਸ ਪਿੰਡ ਧੂਲਕਾ ਵਿਚ ਕਾਮਰੇਡ ਦਲਬੀਰ ਸਿੰਘ ਧੂਲਕਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਕਿਸਾਨ ਸਭਾ ਦੇ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਸੰਘਰਸ਼ਾਂ ਨਾਲ ਪ੍ਰਾਪਤ ਕੀਤੀਆਂ ਉਪਲੱਬਧੀਆਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਲੈਣ ਦੀ ਮੁਬਾਰਕਬਾਦ ਦਿੰਦਿਆਂ ਇਸ ਨੂੰ ਕਿਸਾਨਾਂ ਦੀ ਜਿੱਤ ਕਰਾਰ ਦਿੱਤਾ ਅਤੇ ਭਗਵੰਤ ਮਾਨ ਨੂੰ ਤਾੜਨਾ ਕੀਤੀ ਕਿ ਵਿਧਾਨ ਸਭਾ 'ਚ ਵੀ ਇਸ ਕਾਨੂੰਨ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਰਮਾਏਦਾਰੀ ਤਾਕਤਾਂ ਦਾ ਹੱਥ ਠੋਕਾ ਬਣ ਕੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣਾ ਚਾਹੁੰਦੀ ਹੈ। ਇਸ ਮੌਕੇ ਸੁਵਿੰਦਰ ਸਿੰਘ ਮੀਰਾਂਕੋਟ, ਭੁਪਿੰਦਰਜੀਤ ਸਿੰਘ ਛੀਨਾ, ਗੁਰਦੀਪ ਸਿੰਘ ਬੁਤਾਲਾ, ਦਿਆਲ ਸਿੰਘ ਕਲੇਰ, ਜਗੀਰ ਸਿੰਘ ਸਰਜਾ ਨੇ ਵੀ ਸੰਬੋਧਨ ਕੀਤਾ। ਅਖ਼ੀਰ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਆਏ ਸੱਦੇ 'ਤੇ ਕਾਮਰੇਡ ਦਲਬੀਰ ਸਿੰਘ ਧੂਲਕਾ ਦੀ ਅਗਵਾਈ ਹੇਠ ਮੋਦੀ ਤੇ ਟਰੰਪ ਦਾ ਪੁਤਲਾ ਫੂਕ ਕੇ ਸਰਮਾਏਦਾਰੀ ਤਾਕਤਾਂ ਦਾ ਵਿਰੋਧ ਕੀਤਾ ਗਿਆ।

## ਬਲਬੀਰ ਰਾਣੀ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀ



ਚੋਹਲਾ ਸਾਹਿਬ (ਰਮਨ ਚੱਢਾ)- ਬੀਤੇ ਦਿਨੀਂ ਬੀਡੀਪੀਓ ਬਲਦੇਵ ਰਾਜ ਦੇ ਧਰਮਪਤਨੀ ਬਲਬੀਰ ਰਾਣੀ ਜੋ ਸਵਰਗ ਸਿਧਾਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਪੰਜਵੀਂ ਚੋਹਲਾ ਸਾਹਿਬ ਪਾਏ ਗਏ ਅਤੇ ਵੱਖ-ਵੱਖ ਸਿਆਸੀ ਅਤੇ ਧਰਮਿਕ ਸ਼ਖਸ਼ੀਅਤਾਂ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਬਲਬੀਰ ਰਾਣੀ ਸਰਕਾਰੀ ਐਲੀਮੈਂਟਰੀ ਸਕੂਲ ਖਾਰਾ ਤੋਂ ਪ੍ਰਿੰ. ਰਿਟਾਇਰ ਹੋਏ ਸਨ ਜਿਨ੍ਹਾਂ ਨੇ ਆਪਣੀ ਸਾਰੀ ਨੌਕਰੀ ਪੂਰੀ ਇਮਾਨਦਾਰੀ ਨਾਲ ਕੀਤੀ ਅਤੇ ਬੱਚਿਆਂ ਦਾ ਭਵਿੱਖ ਸੁਧਾਰਨ ਲਈ ਸਮਾਜ ਸੇਵਾ ਵੀ ਕੀਤੀ। ਉਹ ਬੜੇ ਨਿੱਘੇ ਅਤੇ ਠੰਡੇ ਸੁਭਾਅ ਦੇ ਮਾਲਕ ਸਨ। ਸਮਾਜ ਸੇਵਾ ਨੂੰ ਹਮੇਸ਼ਾ ਪਹਿਲ ਦਿੰਦੇ ਸਨ।

15-AUG-PAGE-10.qxd 8/14/2025 8:54 PM Page 1



## 'ਹਰ ਘਰ ਤਿਰੰਗਾ' ਮੁਹਿੰਮ ਤਹਿਤ ਅਹਿਮਦ ਢੰਡੀ ਸਕੂਲ 'ਚ ਪ੍ਰਸ਼ਨੋਤਰੀ ਮੁਕਾਬਲੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਜ਼ਾਦੀ ਦਿਵਸ ਦੀਆਂ ਖ਼ੁਸ਼ੀਆਂ ਨੂੰ ਸਮਰਪਿਤ ਅਤੇ 'ਹਰ ਘਰ ਤਿਰੰਗਾ' ਮੁਹਿੰਮ ਦੇ ਪ੍ਰਚਾਰ ਹੇਠ ਸਰਕਾਰੀ ਹਾਈ ਸਕੂਲ ਅਹਿਮਦ ਢੰਡੀ ਵਿਚ ਵਿਸ਼ੇਸ਼ ਪ੍ਰਸ਼ਨੋਤਰੀ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਹ ਮੁਕਾਬਲਾ ਸੱਭਿਆਚਾਰ ਮੰਤਰਾਲਾ ਅਤੇ ਮਾਈ ਗੌਰਮਿੰਟ ਇੰਡੀਆ ਵੱਲੋਂ ਸ਼ੁਰੂ ਕੀਤੀ "ਹਰ ਘਰ ਤਿਰੰਗਾ ਕਵਿਜ਼ 2025" ਮੁਹਿੰਮ ਦਾ ਹਿੱਸਾ ਸੀ, ਜਿਸ ਦਾ ਉਦੇਸ਼ ਭਾਰਤੀ ਰਾਸ਼ਟਰੀ ਝੰਡੇ ਬਾਰੇ ਜਾਗਰੂਕਤਾ ਕਰਨਾ ਹੈ। ਮੈਥ ਮਿਸਟਰੈਸ ਪਰਮਜੀਤ ਕੌਰ ਦੁਆਰਾ ਆਯੋਜਿਤ ਇਸ ਮੁਕਾਬਲੇ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਤਿਰੰਗੇ ਦੇ ਇਤਿਹਾਸ, ਮਹੱਤਤਾ ਅਤੇ ਆਜ਼ਾਦੀ ਅੰਦੋਲਨ ਵਿਚ ਯੋਗਦਾਨ ਬਾਰੇ ਆਪਣੇ ਗਿਆਨ ਦਾ ਪ੍ਰਦਰਸ਼ਨ ਕੀਤਾ। ਆਸਥਾ ਕੰਬੋਜ ਬਲਵਿੰਦਰ ਸਿੰਘ, ਮੈਥ ਮਾਸਟਰ ਗੁਰਮੇਜ ਸਿੰਘ ਅਤੇ ਹੋਰਨਾਂ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਰਾਸ਼ਟਰੀ ਝੰਡੇ ਪ੍ਰਤੀ ਸਨਮਾਨ ਅਤੇ ਦੇਸ਼ ਭਗਤੀ ਦੇ ਮੁੱਲਾਂ ਬਾਰੇ ਪ੍ਰੇਰਿਤ ਕੀਤਾ। ਇਨਾਮ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਹੈੱਡਮਾਸਟਰ ਜਗਦੀਸ਼ ਸਿੰਘ ਅਤੇ ਵਾਈਸ ਹੈੱਡ ਮਿਸਟਰੈਸ ਸੁਖਵਿੰਦਰ ਕੌਰ ਗਰੇਵਾਲ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਨਾ ਸਿਰਫ਼ ਦੇਸ਼ ਭਗਤੀ ਦੇ ਭਾਵ ਨੂੰ ਮਜ਼ਬੂਤ ਕਰਦੇ ਹਨ, ਸਗੋਂ ਵਿਦਿਆਰਥੀਆਂ ਨੂੰ ਆਪਣੇ ਰਾਸ਼ਟਰੀ ਪ੍ਰਤੀਕਾਂ ਨਾਲ ਗਹਿਰਾ ਜੋੜ ਬਣਾਉਣ ਦਾ ਮੌਕਾ ਵੀ ਦਿੰਦੇ ਹਨ। ਇਸ ਮੌਕੇ ਸਕੂਲ ਕੰਪਲੈਕਸ ਵਿਚ ਤਿਰੰਗਾ ਲਹਿਰਾਇਆ ਗਿਆ।

## ਚੋਰੀ ਦੇ ਕੇਸ ਵਿੱਚ 2 ਕਾਬੂ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਜ਼ਿਲ੍ਹਾ ਪੁਲਸ ਮੁਖੀ ਮੈਡਮ ਅਮਨੀਤ ਕੋਂਡਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਰਿੰਦਰ ਸਿੰਘ ਕਪਤਾਨ ਪੁਲਸ ਸਿਟੀ ਦੀ ਨਿਗਰਾਨੀ ਹੇਠ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਸਰਵਜੀਤ ਸਿੰਘ ਉਪ ਕਪਤਾਨ ਪੁਲਸ ਸਿਟੀ-2 ਦੀ ਅਗਵਾਈ ਵਿੱਚ ਮੁੱਖ ਅਫ਼ਸਰ ਥਾਣਾ ਸਿਵਲ ਲਾਈਨ ਬਠਿੰਡਾ ਵੱਲੋਂ ਘਰ ਵਿੱਚੋਂ ਚੋਰੀ ਕੀਤੇ ਗਏ ਸੋਨੇ, ਚਾਂਦੀ ਦੇ ਗਹਿਣੇ ਅਤੇ ਨਕਦੀ ਦੇ ਕੇਸ ਵਿੱਚ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸੋਨੇ, ਚਾਂਦੀ ਦੇ ਗਹਿਣਿਆਂ ਤੇ ਨਕਦੀ ਦੀ ਬ੍ਰਾਮਦਗੀ ਕੀਤੀ ਗਈ ਹੈ।ਉਨ੍ਹਾਂ ਅੱਗੇ ਦੱਸਿਆ ਕਿ ਚਰਨਜੀਤ ਕੌਰ ਪਤਨੀ ਗਮਦੂਰ ਸਿੰਘ ਵਾਸੀ ਮਕਾਨ ਨੰਬਰ 1836/1 ਸ਼ਾਂਤ ਨਗਰ ਬਠਿੰਡਾ ਨੇ ਆਪਣਾ ਬਿਆਨ ਲਿਖਾਇਆ ਕਿ ਉਸ ਦੇ ਦੋ ਬੱਚੇ ਬਾਹਰਲੇ ਦੇਸ਼ ਅਤੇ ਇਕ ਬੱਚਾ ਦਿੱਲੀ ਵਿਖੇ ਰਹਿੰਦਾ ਹੈ ਅਤੇ ਉਹ ਆਪਣੇ ਬਜ਼ੁਰਗ ਮਾਤਾ-ਪਿਤਾ ਸਮੇਤ ਸ਼ਾਂਤ ਨਗਰ ਵਿਖੇ ਰਹਿੰਦੀ ਹੈ। ਉਹ ਆਪ ਸਵੇਰੇ ਹੀ ਰਾਮਪੁਰਾ ਸਕੂਲ ਵਿਖੇ ਚਲੀ ਜਾਂਦੀ ਹੈ ਅਤੇ ਬਾਅਦ ਵਿੱਚ ਉਨ੍ਹਾਂ ਦੇ ਮਾਤਾ-ਪਿਤਾ ਦੀ ਦੇਖ-ਰੇਖ ਨੌਕਰ ਕਰਦੇ ਹਨ। ਦਸੰਬਰ ਮਹੀਨੇ ਵਿੱਚ ਮੈਜਿਕ ਫੰਕਸ਼ਨ ਦੌਰਾਨ ਉਸ ਨੇ ਸੋਨੇ ਦੇ ਗਹਿਣੇ ਪਾਉਣ ਲਈ ਆਪਣੇ ਬੈਂਕ ਲਾਕਰ ਵਿੱਚੋਂ ਕਢਵਾ ਕੇ ਆਪਣੇ ਘਰ ਅਲਮਾਰੀ ਵਿੱਚ ਰੱਖ ਲਏ ਸੀ ਅਤੇ ਬਾਅਦ ਵਿੱਚ ਕੰਮਾਂਕਾਰਾਂ ਵਿੱਚ ਮਸਰੂਫ਼ ਹੋਣ ਕਰਕੇ ਵਾਪਸ ਲੌਕਰ ਵਿੱਚ ਜਮ੍ਹਾਂ ਨਹੀਂ ਕਰਵਾ ਸਕੀ ਸੀ। 9 ਅਪ੍ਰੈਲ 2025 ਨੂੰ ਉਨ੍ਹਾਂ ਦੇ ਘਰ ਆਖ਼ਰੀ ਵਾਰ ਰਤਨੀ ਪਤਨੀ ਰੋਸ਼ਨ ਵਾਸੀ ਦਰਬੰਗਾ ਉਨ੍ਹਾਂ ਦੇ ਘਰ ਆਈ ਤੇ ਬਿਨ੍ਹਾਂ ਦੱਸੇ ਪੁੱਛੇ ਚਲੀ ਗਈ ਤੇ ਬਾਅਦ ਵਿੱਚ ਘਰ ਵਿੱਚ ਚੈਕਿੰਗ ਕਰਨ 'ਤੇ ਘਰ ਵਿੱਚ ਅਲਮਾਰੀ ਵਿੱਚ ਪਏ 4 ਸੋਨੇ ਦੇ ਕੜੇ, 3 ਸੋਨੇ ਦੇ ਸੈਟ, 3 ਜੋੜੀਆਂ ਕੰਨਾਂ ਦੀਆਂ ਵਾਲੀਆਂ, 3 ਸੋਨੇ ਦੀਆਂ ਚੈਨਾਂ ਅਤੇ ਹੋਰ ਸੋਨੇ ਦੇ ਗਹਿਣੇ ਗਾਇਬ ਸਨ। ਜਿਸ 'ਤੇ ਰਤਨੀ (ਜੋ ਮੁੱਦਈ ਮੁਕੱਦਮਾ ਦੇ ਘਰ ਕੰਮ ਕਰਦੀ ਸੀ) ਅਤੇ ਰੋਸ਼ਨ ਕੁਮਾਰ ਪੁੱਤਰ ਵਿਨੋਦ ਮਾਹਤੋਂ ਵਾਸੀ ਸਮਧਨੀਆ, ਥਾਣਾ ਜਾਲੇ, ਜ਼ਿਲ੍ਹਾ ਦਰਬੰਗਾ (ਬਿਹਾਰ) ਉਪਰ ਉਕਤ ਗਹਿਣੇ ਚੋਰੀ ਕਰਕੇ ਲੈ ਕੇ ਜਾਣ 'ਤੇ ਮੁਕੱਦਮਾ ਦਰਜ ਕੀਤਾ ਗਿਆ।

## ਇਜ਼ਰਾਇਲੀ ਫ਼ੌਜ ਵੱਲੋਂ ਮਿਥ ਕੇ 6 ਪੱਤਰਕਾਰਾਂ ਨੂੰ ਕਤਲ ਕਰਨ ਦੀ ਲਿਬਰੇਸ਼ਨ ਵੱਲੋਂ ਸਖਤ ਨਿੰਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਗਾਜ਼ਾ ਪੱਟੀ 'ਚ ਫ਼ਲਸਤੀਨੀ ਲੋਕਾਂ 'ਤੇ ਢਾਹੇ ਜਾ ਰਹੇ ਅਸਹਿ ਤੇ ਅਕਹਿ ਜ਼ੁਲਮਾਂ ਦੀਆਂ ਖ਼ਬਰਾਂ ਤੇ ਤਸਵੀਰਾਂ ਸੰਸਾਰ ਭਰ 'ਚ ਨਾ ਜਾ ਸਕਣ ਨੂੰ ਰੋਕਣ ਲਈ ਨੇਤਨਯਾਹੂ ਸਰਕਾਰ ਵਲੋਂ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾ ਕੇ ਕਤਲ ਕਰਨ ਦੀ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਵਲੋਂ ਸਖਤ ਨਿੰਦਾ ਕੀਤੀ ਗਈ।ਇੱਥੇ ਪਾਰਟੀ ਦੀ ਹੋਈ ਇਕ ਹੰਗਾਮੀ ਮੀਟਿੰਗ 'ਚ ਜਾਨ ਤਲੀ ਉੱਤੇ ਰੱਖ ਕੇ ਇਜ਼ਰਾਇਲੀ ਫ਼ੌਜ ਵਲੋਂ ਕੀਤੇ ਜਾ ਰਹੇ ਨਿਹੱਥੇ ਤੇ ਭੁੱਖਮਰੀ ਦਾ ਸ਼ਿਕਾਰ ਬੱਚਿਆਂ ਔਰਤਾਂ ਮਰੀਜ਼ਾਂ ਤੇ ਬਜ਼ੁਰਗਾਂ ਨੂੰ ਨਿੱਤ ਦਿਨ ਕਤਲ ਕਰਨ ਦੀਆਂ ਖ਼ਬਰਾਂ ਦੁਨੀਆ ਦੇ ਲੋਕਾਂ ਤੱਕ ਪਹੁੰਚਾ ਰਹੇ ਇਹਨਾਂ ਕਤਲ ਕੀਤੇ ਗਏ ਪੱਤਰਕਾਰਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਲਿਬਰੇਸ਼ਨ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਕਾ. ਨਛੱਤਰ ਸਿੰਘ ਖੀਵਾ ਨੇ ਕਿਹਾ ਕਿ ਸਖ਼ਤ ਨਾਕਾਬੰਦੀ ਕਰਕੇ ਫ਼ਲਸਤੀਨੀ ਲੋਕਾਂ ਤੱਕ ਖੁਰਾਕ ਤੇ ਪਾਣੀ ਤੱਕ ਨਾ ਪਹੁੰਚਣ ਦੇਣਾ ਅਤੇ ਖੁਦ ਇਜ਼ਰਾਇਲੀ ਫ਼ੌਜ ਵਲੋਂ ਚਲਾਏ ਜਾ ਰਹੇ ਖੁਰਾਕ ਵੰਡ ਕੇਂਦਰਾਂ 'ਤੇ ਆਪਣੇ ਭੁੱਖ ਨਾਲ ਮਰ ਰਹੇ ਬੱਚਿਆਂ ਲਈ ਦੋ ਚਾਰ ਮੁੱਠੀਆਂ ਅਨਾਜ ਲੈਣ ਲਈ ਆਏ ਮਾਪਿਆਂ ਨੂੰ ਬਿਨਾਂ ਕਾਰਨ ਗੋਲੀਆਂ ਨਾਲ ਭੁੰਨ ਸੁੱਟਣਾ ਬੇਹੱਦ ਘਿਨਾਉਣਾ ਨਸਲਘਾਤ ਹੈ। ਪਰ ਭਾਰਤ ਦੀ ਮੋਦੀ ਸਰਕਾਰ ਸਮੇਤ ਅਨੇਕਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ਬਾਰੇ ਅਮਰੀਕਾ ਦੀਆਂ ਹਦਾਇਤਾਂ ਅਨੁਸਾਰ ਪੂਰੀ ਤਰ੍ਹਾਂ ਚੁੱਪ ਧਾਰ ਰੱਖੀ ਹੈ।ਹਾਲਾਂਕਿ ਕਿੰਨੇ ਹੀ ਦੇਸ਼ਾਂ 'ਚ ਇਸ ਜ਼ੁਲਮ ਖ਼ਿਲਾਫ਼ ਲੱਖਾਂ ਲੋਕ ਸੜਕਾਂ ਉਤੇ ਮੁਜ਼ਾਹਰੇ ਕਰ ਰਹੇ ਹਨ।ਲਿਬਰੇਸ਼ਨ ਆਗੂਆਂ ਨੇ ਮੰਗ ਕੀਤੀ ਕਿ ਮੋਦੀ ਸਰਕਾਰ ਨੇਤਨਯਾਹੂ ਸਰਕਾਰ ਦੀ ਹਮਾਇਤ ਤੁਰੰਤ ਬੰਦ ਕਰੇ ਅਤੇ ਦਬਾਅ ਪਾਉਣ ਲਈ ਇਜ਼ਰਾਈਲ ਨਾਲ ਹਰ ਤਰ੍ਹਾਂ ਦੇ ਵਪਾਰਕ ਤੇ ਕੂਟਨੀਤਕ ਸਬੰਧ ਖ਼ਤਮ ਕਰੇ। ਮੀਟਿੰਗ ਵਿੱਚ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਸੁਖਜੀਤ ਸਿੰਘ ਰਾਮਾਨੰਦੀ, ਜਸਬੀਰ ਕੌਰ ਨੱਤ, ਹਰਬੰਸ ਸਿੰਘ ਤਾਲਿਬ ਵਾਲਾ ਅਤੇ ਅਮਨਦੀਪ ਆਦਿ ਆਗੂ ਵੀ ਹਾਜ਼ਰ ਸਨ।

## ਵਿਦਿਆਰਥੀਆਂ ਲਈ ਮੁਫ਼ਤ ਅੱਖਾਂ ਦਾ ਜਾਂਚ ਕੈਂਪ ਲਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਆਪਣੇ ਵਿਦਿਆਰਥੀਆਂ ਲਈ ਨਰਸਰੀ ਤੋਂ ਲੈ ਕੇ 12ਵੀਂ ਜਮਾਤ ਤੱਕ ਦੀਆਂ ਕਲਾਸਾਂ ਨੂੰ ਕਵਰ ਕਰਦੇ ਹੋਏ ਇੱਕ ਮੁਫ਼ਤ ਅੱਖਾਂ ਦੇ ਜਾਂਚ ਕੈਂਪ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਬੱਚਿਆਂ 'ਚ ਅੱਖਾਂ ਦੀ ਸਿਹਤ ਨੂੰ ਉਤਸ਼ਾਹਤ ਕਰਨਾ ਤੇ ਨਜ਼ਰ ਨਾਲ ਸਬੰਧਤ ਚਿੰਤਾਵਾਂ ਦਾ ਜਲਦੀ ਪਤਾ ਲਾਉਣਾ ਸੀ। ਕੈਂਪ ਐਟਮਸ ਆਈ ਐਂਡ ਰੈਟੀਨਾ ਸੈਂਟਰ ਦੇ ਤਜਰਬੇਕਾਰ ਨੇਤਰ ਵਿਗਿਆਨੀ ਡਾ. ਨੇਹਾ ਖੰਨਾ ਦੀ ਮਾਹਰ ਨਿਗਰਾਨੀ ਹੇਠ ਕਰਾਇਆ ਗਿਆ। ਸਿਹਤਮੰਦ ਨਜ਼ਰ ਨੂੰ ਯਕੀਨੀ ਬਣਾਉਣ ਅਤੇ ਧਿਆਨ ਦੇਣ ਦੀ ਲੋੜ ਵਾਲੇ ਕਿਸੇ ਵੀ ਮੁੱਦੇ ਦੀ ਪਛਾਣ ਕਰਨ ਲਈ ਹਰੇਕ ਵਿਦਿਆਰਥੀ ਦੀ ਅੱਖਾਂ ਦੀ ਪੂਰੀ ਜਾਂਚ ਕੀਤੀ ਗਈ। ਕੈਂਪ ਬਾਰੇ ਬੋਲਦੇ ਡਾ. ਖੰਨਾ ਨੇ ਨਿਯਮਤ ਅੱਖਾਂ ਦੀ ਜਾਂਚ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਕੂਲ ਪ੍ਰਬੰਧਨ ਨੇ ਡਾ. ਖੰਨਾ ਤੇ ਐਟਮਸ ਆਈ ਐਂਡ ਰੈਟੀਨਾ ਸੈਂਟਰ ਦੀ ਟੀਮ ਦਾ ਉਨ੍ਹਾਂ ਦੇ ਕੀਮਤੀ ਸਮੇਂ ਤੇ ਸੇਵਾ ਲਈ ਧੰਨਵਾਦ ਕੀਤਾ। ਇਹ ਪਹਿਲਕਦਮੀ ਸਕੂਲ ਦੀ ਆਪਣੇ ਵਿਦਿਆਰਥੀਆਂ ਦੀ ਸਮੁੱਚੀ ਭਲਾਈ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਨਾ ਸਿਰਫ ਅਕਾਦਮਿਕ ਤੌਰ 'ਤੇ।

## ਮੁਕਤ ਵਪਾਰ ਸਮਝੌਤਿਆਂ ਦੇ ਵਿਰੋਧ 'ਚ ਕਿਸਾਨਾਂ ਨੇ ਮੋਦੀ-ਟਰੰਪ ਦੇ ਪੁਤਲੇ ਫੂਕੇ



**ਸੰਗਰੂਰ (ਪ੍ਰਵੀਨ ਸਿੰਘ)**-ਐਸ.ਕੇ.ਐਮ ਦੇ ਸੱਦੇ 'ਤੇ ਮੁਕਤ ਵਪਾਰ ਸਮਝੌਤਿਆਂ ਦੇ ਵਿਰੋਧ ਵਿੱਚ ਕਿਸਾਨਾਂ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਐਸ.ਡੀ.ਐਮ ਦਫ਼ਤਰ ਦੇ ਅੱਗੇ ਫੂਕੇ ਗਏ। ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਬੀ ਕੇ ਯੂ (ਡਕੌਂਦਾ) ਦੇ ਬਿੰਦਰਪਾਲ ਛਾਜਲੀ, ਕੁੱਲ ਹਿੰਦ ਕਿਸਾਨ ਸਭਾ ਦੇ ਕਾਮਰੇਡ ਵਰਿੰਦਰ ਕੌਸ਼ਿਕ, ਐਡਵੋਕੇਟ ਮਿੱਤ ਸਿੰਘ ਜਨਾਲ, ਭਰਪੂਰ ਸਿੰਘ ਦੁੱਗਾਂ ਹੋਰਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਨ ਚਾਹੁੰਦੀ ਹੈ। ਇਹ ਮੁਕਤ ਵਪਾਰ ਸਮਝੌਤਾ ਖੇਤੀ ਖੇਤਰ ਨੂੰ ਤਬਾਹ ਕਰਕੇ ਰੱਖ ਦੇਣਗੇ। ਅਮਰੀਕਾ ਭਾਰਤ ਦੇ ਬਜ਼ਾਰ ਵਿੱਚ ਕਬਜ਼ਾ ਕਰਕੇ ਅਮਰੀਕੀ ਖੇਤੀ ਜਿਣਸਾਂ ਜਿਵੇਂ ਮੱਕੀ, ਕਪਾਹ, ਸੋਇਆਬੀਨ, ਤੇਲ , ਚੌਲ, ਦਾਲਾਂ, ਤੇਲ ਬੀਜ, ਦੁੱਧ ਤੋਂ ਬਣਨ ਵਾਲੀਆਂ ਵਸਤੂਆਂ ਭਾਰਤ ਦੇ ਬਜਾਰ ਵਿੱਚ ਵੇਚਣਾ ਚਾਹੁੰਦਾ। ਇਹ ਸਮਝੌਤਾ ਹੋਣ ਦੀ ਸੂਰਤ 'ਚ ਭਾਰਤ ਦਾ ਕਿਸਾਨ ਅਮਰੀਕੀ ਖੇਤੀ ਜਿਣਸਾਂ ਤੇ ਡੇਅਰੀ ਉਤਪਾਦ ਦਾ ਮੁਕਾਬਲਾ ਨਹੀਂ ਕਰ ਸਕਦਾ, ਕਿਉਂਕਿ ਅਮਰੀਕਾ ਖੇਤੀ ਤੇ ਡੇਅਰੀ ਖੇਤਰ ਵਿੱਚ ਆਪਣੇ ਦੇਸ ਦੇ ਕਿਸਾਨਾਂ ਨੂੰ ਭਾਰੀ ਸਬਸਿਡੀ ਦਿੰਦਾ ਹੈ। ਅਮਰੀਕਾ ਭਾਰਤ ਦੀ ਖ਼ੁਰਾਕ ਵਿਵਸਥਾ ਦੇ ਵੀ ਖਿਲਾਫ਼ ਹੈ, ਉਹ ਘੱਟੋ-ਘੱਟ ਸਮਰਥਨ ਮੁੱਲ ਨੂੰ ਵਪਾਰ ਦਾ ਇੱਕ ਵੱਡਾ ਵਿਗਾੜ ਦੱਸਦਾ ਹੈ। ਕਿਸਾਨ ਆਗੂਆਂ ਨੇ ਕੇਂਦਰ ਦੀ ਮੋਦੀ ਸਰਕਾਰ ਤੋਂ ਇਨ੍ਹਾਂ ਸਮਝੌਤਿਆਂ 'ਚੋਂ ਖੇਤੀ ਖੇਤਰ ਨੂੰ ਬਾਹਰ ਰੱਖਣ ਬਾਰੇ ਆਪਣਾ ਰੁਖ ਸਪੱਸ਼ਟ ਕਰਨ ਦੀ ਮੰਗ ਕੀਤੀ।

## ਲਟੌਰ 'ਚ ਤੀਆਂ ਦਾ ਤਿਉਹਾਰ ਮਨਾਇਆ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਹਾਈ ਸਕੂਲ ਪਿੰਡ ਲਟੌਰ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਧੂਮ ਧਾਮ ਦੇ ਨਾਲ ਮਨਾਇਆ ਗਿਆ।ਬੇਸ਼ੱਕ ਇੰਦਰ ਦੇਵਤਾ ਨੇ ਪ੍ਰੋਗਰਾਮ ਨੂੰ ਰੋਕਣ ਲਈ ਪੂਰੀ ਵਾਹ ਲਾ ਦਿੱਤੀ, ਪ੍ਰੰਤੂ ਧੀਆਂ ਦਾ ਹੌਸਲਾ ਪਸਤ ਨਾ ਕਰ ਸਕਿਆ।ਵਰ੍ਹਦੇ ਮੀਂਹ ਦੌਰਾਨ ਵੀ ਤੀਆਂ ਦਾ ਪ੍ਰੋਗਰਾਮ ਕੀਤਾ ਗਿਆ।ਐਮਐਲਏ ਲਖਬੀਰ ਸਿੰਘ ਰਾਏ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਗੁਰਪ੍ਰੀਤ ਕੌਰ ਨੇ ਮੁੱਖ ਮਹਿਮਾਨ ਵਜੋਂ, ਜਦਕਿ ਪ੍ਰੋਗਰਾਮ ਦੀ ਸ਼ਾਨ ਵਧਾਉਣ ਦੇ ਲਈ ਪੰਜਾਬ ਦੇ ਮਸ਼ਹੂਰ ਪੰਜਾਬੀ ਕਲਾਕਾਰ ਕਰਮਜੀਤ ਅਨਮੋਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕਰਮਜੀਤ ਅਨਮੋਲ ਨੇ ਕਿਹਾ ਕਿ ਅੱਜ ਸਮਾਜ ਵਿੱਚ ਲੜਕੀ ਨੂੰ ਲੜਕੇ ਨਾਲੋਂ ਪਿੱਛੇ ਸਮਝਿਆ ਜਾਂਦਾ ਹੈ।ਬੇਸ਼ੱਕ ਸਮਾਜਿਕ ਸੰਸਥਾਵਾਂ ਵੱਖ-ਵੱਖ ਤਰੀਕਿਆਂ ਦੇ ਨਾਲ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ, ਪ੍ਰੰਤੂ ਇਹ ਪਾੜਾ ਖਤਮ ਹੋਣ ਦਾ ਨਾਂਅ ਨਹੀਂ ਲੈ ਰਿਹਾ, ਕਿਉਂਕਿ ਪਾੜਾ ਸਾਡੇ ਘਰ ਤੋਂ ਹੀ ਸ਼ੁਰੂ ਹੁੰਦਾ ਹੈ।ਐਮਐਲਏ ਦੀ ਪਤਨੀ ਗੁਰਪ੍ਰੀਤ ਕੌਰ ਨੇ ਜਿੱਥੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ, ਉੱਥੇ ਹੀ ਸਕੂਲੀ ਵਿਦਿਆਰਥਣਾਂ ਵੱਲੋਂ ਕੀਤੀ ਗਈ ਪੇਸ਼ਕਾਰੀ ਦੀ ਸ਼ਲਾਘਾ ਕੀਤੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਨੋਟੀਫਿਕੇਸ਼ਨ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਸੰਯੁਕਤ ਕਿਸਾਨ ਮੋਰਚਾ ਨੇ ਮੀਟਿੰਗ ਕਰਕੇ ਸੂਬਾ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਸਬੰਧੀ ਕੀਤੇ ਐਲਾਨ 'ਤੇ ਚਰਚਾ ਕੀਤੀ।ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ ਤੇ ਬਲਦੇਵ ਸਿੰਘ ਨਿਹਾਲਗੜ੍ਹ ਦੀ ਅਗਵਾਈ ਹੇਠ ਹੋਈ ਮਗਰੋਂ ਐਲਾਨ ਕੀਤਾ ਗਿਆ ਕਿ ਐੱਸਕੇਐੱਮ ਸੂਬਾ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਰੱਦ ਕੀਤੇ ਜਾਣ ਤੱਕ ਸੰਘਰਸ਼ ਜਾਰੀ ਰੱਖੇਗਾ।ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ ਤੇ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਲਈ ਮਜਬੂਰ ਕਰਨਾ ਕਿਸਾਨ ਸੰਘਰਸ਼ ਦੀ ਵੱਡੀ ਜਿੱਤ ਹੈ ਪਰ ਸਰਕਾਰ ਦੇ ਐਲਾਨ 'ਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਹਨ।ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ 4 ਜੂਨ ਨੂੰ ਲਿਆਂਦੀ ਗਈ ਸੀ ਪਰ ਸੂਬਾ ਸਰਕਾਰ ਵੱਲੋਂ ਲੰਘੇ ਦਿਨ ਜਾਰੀ ਕੀਤੇ ਆਦੇਸ਼ਾਂ ਵਿੱਚ 14 ਮਈ ਦੀ ਪਾਲਿਸੀ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਤੋਂ ਸਰਕਾਰ ਦੀ ਸੋਚ 'ਤੇ ਕਈ ਤਰ੍ਹਾਂ ਦਾ ਸ਼ੱਕ ਖੜ੍ਹੇ ਹੁੰਦੇ ਹਨ।ਉਨ੍ਹਾਂ ਪੰਜਾਬ ਸਰਕਾਰ ਨੂੰ 20 ਅਗਸਤ ਤੱਕ ਦਾ ਸਮਾਂ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਇਸ ਬਾਰੇ ਸਥਿਤੀ ਸਪੱਸ਼ਟ ਕਰੇ ਨਹੀਂ ਤਾਂ ਸੰਯੁਕਤ ਕਿਸਾਨ ਮੋਰਚਾ ਵੱਲੋਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਮੋਰਚਾ ਦੇ ਆਗੂਆਂ ਨੇ ਇਹ ਮੰਗ ਵੀ ਕੀਤੀ ਕਿ ਜਿਵੇਂ ਸੂਬਾ ਸਰਕਾਰ ਕੈਬਨਿਟ ਮੀਟਿੰਗ ਵਿੱਚ ਪ੍ਰਵਾਨਗੀ ਤੋਂ ਬਾਅਦ ਨੀਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਸਰਕਾਰ ਉਸੇ ਤਰ੍ਹਾਂ ਹੀ ਮੰਤਰੀ ਮੰਡਲ ਦੀ ਮੀਟਿੰਗ ਸੱਦ ਕੇ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰੇ ਤੇ ਇਸ ਦਾ ਨੋਟੀਫਿਕੇਸ਼ਨ ਰੱਦ ਕਰਨ ਦਾ ਲਿਖਤੀ ਆਦੇਸ਼ ਜਾਰੀ ਕਰੇ।ਰਾਜੇਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਲੈਂਡ ਪੂਲਿੰਗ ਨੀਤੀ ਸਣੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੋਰ ਮੰਗਾਂ ਲਈ 24 ਅਗਸਤ ਨੂੰ ਸਮਰਾਲਾ ਵਿੱਚ ਕਿਸਾਨ ਮਹਾਂਰੈਲੀ ਪਹਿਲਾਂ ਦੇ ਐਲਾਨ ਮੁਤਾਬਕ ਕੀਤੀ ਜਾਵੇਗੀ ਤੇ ਸੰਘਰਸ਼ ਦੀ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ।ਉਨ੍ਹਾਂ ਕਿਹਾ ਕਿ ਸਾਲ 2013 ਦੀ ਨੀਤੀ ਕਿਸਾਨ ਹਿਤੈਸ਼ੀ ਸੀ ਜਿਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।ਕਿਸਾਨ ਆਗੂਆਂ ਮੁਤਾਬਕ ਕੇਂਦਰ ਦੇ ਨਾਲ-ਨਾਲ ਸੂਬਾ ਸਰਕਾਰ ਵੀ ਸ਼ਹਿਰੀਕਰਨ ਦੇ ਨਾਂਅ 'ਤੇ ਕਾਰਪੋਰੇਟ ਮਾਡਲ ਅਪਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਬੱਲਮਗੜ੍ਹ ਤੇ ਕਾਕਾ ਬਣੇ ਕਾਂਗਰਸ ਸੇਵਾ ਦਲ ਦੇ ਦਿਹਾਤੀ ਤੇ ਸ਼ਹਿਰੀ ਪ੍ਰਧਾਨ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**
ਪੰਜਾਬ ਕਾਂਗਰਸ ਸੇਵਾ ਦਲ ਵੱਲੋਂ ਹੋਈਆਂ ਨਵੀਆਂ ਨਿਯੁਕਤੀਆਂ ਅਧੀਨ ਜਰਨੈਲ ਸਿੰਘ ਬੱਲਮਗੜ੍ਹ ਨੂੰ ਦਿਹਾਤੀ ਪ੍ਰਧਾਨ ਤੇ ਰਾਜਿੰਦਰ ਕੁਮਾਰ ਕਾਕਾ ਨੂੰ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਨਿਯੁਕਤੀ ਪੱਤਰ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਨੇ ਦੋਵਾਂ ਆਗੂਆਂ ਨੂੰ ਸੌਂਪੇ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਨਵ ਨਿਯੁਕਤ ਪ੍ਰਧਾਨਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਕੈਪਟਨ ਸੰਦੀਪ ਸਿੰਘ ਸੰਧੂ, ਸਾਬਕਾ ਸੰਸਦ ਵਿਜੈਇੰਦਰ ਸਿੰਗਲਾ ਤੇ ਪੰਜਾਬ ਕਾਂਗਰਸ ਸੇਵਾ ਦਲ ਦੇ ਪ੍ਰਧਾਨ ਸੁਭਾਸ਼ ਭਰਗਵ ਦਾ ਧੰਨਵਾਦ ਕੀਤਾ। ਦੋਵਾਂ ਆਗੂਆਂ ਨੇ ਕਿਹਾ ਕਿ ਪਾਰਟੀ ਨੇ ਜੋ ਭਰੋਸਾ ਤੇ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਸ ਨੂੰ ਉਹ ਪੂਰੀ ਤਨਦੇਹੀ, ਨਿਸ਼ਠਾ ਅਤੇ ਮਿਹਨਤ ਨਾਲ ਨਿਭਾਉਣਗੇ। ਉਨ੍ਹਾਂ ਨੇ ਕਾਂਗਰਸ ਸੇਵਾ ਦਲ ਦੀਆਂ ਗਤੀਵਿਧੀਆਂ ਨੂੰ ਦਿਹਾਤੀ ਤੇ ਸ਼ਹਿਰੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ।

## ਸ਼ਹਿਰੀ ਮੰਡਲ ਫਿਰੋਜ਼ਪੁਰ ਪਾਵਰਕਾਮ ਐਸੋਸੀਏਸ਼ਨ ਵੱਲੋਂ ਐਕਸੀਅਨ ਸ਼ਹਿਰੀ ਵਿਰੁੱਧ ਅਰਥੀ ਫੂਕ ਮੁਜ਼ਾਹਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅੱਜ ਸ਼ਹਿਰੀ ਮੰਡਲ ਫਿਰੋਜ਼ਪੁਰ ਪਾਵਰਕਾਮ ਐਸੋਸੀਏਸ਼ਨ ਵੱਲੋਂ ਐਕਸੀਅਨ ਸ਼ਹਿਰੀ ਗਗਨਦੀਪ ਬੱਤਰਾ ਵਿਰੁੱਧ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਸਾਥੀ ਚੰਨਣ ਸਿੰਘ ਨੇ ਕੀਤੀ।ਅੱਜ ਦੀ ਰੈਲੀ ਤੋਂ ਪਹਿਲਾਂ 2 ਧਰਨੇ 17 ਜੁਲਾਈ ਅਤੇ 24 ਜੁਲਾਈ 2025 ਨੂੰ ਐਕਸੀਅਨ ਦੇ ਵਿਰੁੱਧ ਕੀਤੇ ਜਾ ਚੁੱਕੇ ਹਨ। ਪਰ ਐਕਸੀਅਨ ਵੱਲੋਂ ਪੈਨਸ਼ਨਰਜ਼ ਨੂੰ ਮੀਟਿੰਗ ਦੇ ਕੇ ਮਸਲੇ ਹੱਲ ਨਹੀਂ ਕੀਤੇ ਜਾ ਰਹੇ। ਉਨ੍ਹਾਂ ਆਖਿਆ ਕਿ ਸਾਥੀਆਂ ਦੀਆਂ ਮੰਗਾਂ ਵਿਚੋਂ ਮੁੱਖ ਤੌਰ 'ਤੇ 1 ਜਨਵਰੀ 2016 ਤੋਂ ਲੈ ਕੇ 30 ਜੂਨ 2021 ਤੱਕ ਦਾ ਸਕੇਲਾਂ ਦੇ ਬਕਾਏ ਦਾ ਏਰੀਅਰ ਅਜੇ ਤੱਕ ਨਹੀਂ ਦਿੱਤਾ ਗਿਆ। ਲੀਵ ਇਨ ਕੈਸ਼ਮੈਂਟ ਦਾ ਏਰੀਅਰ ਜੋ ਅਪ੍ਰੈਲ 2025 ਤੋਂ ਮਿਲਣਾ ਸੀ ਅਗਸਤ 2025 ਬੀਤ ਜਾਣ ਦੇ ਬਾਵਜੂਦ ਨਹੀਂ ਦਿੱਤਾ ਜਾ ਰਿਹਾ। ਸਾਥੀਆਂ ਦੇ ਮੈਡੀਕਲ ਬਿੱਲ, ਵਿਧਵਾ ਪੈਨਸ਼ਨਰਜ਼ ਦੇ ਬਕਾਏ ਅਤੇ ਹੋਰ ਕਈ ਮੰਗਾਂ ਦਾ ਮੰਗ ਪੱਤਰ ਦਿੱਤਾ ਜਾ ਚੁੱਕਾ ਹੈ, ਪਰ ਐਕਸੀਅਨ ਦਾ ਰਵੱਈਆ ਜਥੇਬੰਦੀ ਪ੍ਰਤੀ ਵਿਰੋਧੀ ਹੈ। ਇਸ ਦੀ ਸ਼ਿਕਾਇਤ ਨਿਗਰਾਨ ਇੰਜ. ਫਿਰੋਜ਼ਪੁਰ ਅਤੇ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਵੀ ਕੀਤੀ ਗਈ ਹੈ, ਪਰ ਵਾਰ ਵਾਰ ਮੰਗਾਂ ਪ੍ਰਤੀ ਮੰਗ ਪੱਤਰ ਦੇ ਕੇ ਮੀਟਿੰਗਾਂ ਦੇ ਕੇ ਮਸਲਾ ਹੱਲ ਕਰਨ ਦੀ ਬਜਾਏ ਅੜੀਅਲ ਵਾਲਾ ਰਵੱਈਆ ਅਪਣਾਇਆ ਜਾ ਰਿਹਾ ਹੈ। ਇਸ ਲਈ ਅੱਜ ਦੇ ਧਰਨੇ ਨੂੰ ਸਟੇਟ ਕਮੇਟੀ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਾਥੀ ਰਾਕੇਸ਼ ਸ਼ਰਮਾ, ਸਰਕਲ ਪ੍ਰਧਾਨ ਸੁਰਿੰਦਰ ਸ਼ਰਮਾ, ਸਾਬਕਾ ਆਗੂ ਹਕੂਮਤ ਰਾਏ, ਬਿਸ਼ਨ ਸਿੰਘ, ਕੋਮਲ ਸਿੰਘ, ਹਾਕਮ ਸਿੰਘ, ਬਲਵਿੰਦਰ ਸਿੰਘ ਮੁੱਦਕੀ ਸਬ ਅਰਬਨ ਮੰਡਲ ਫਿਰੋਜ਼ਪੁਰ ਦੇ ਪ੍ਰਧਾਨ ਸੁਖਚੈਨ ਲਾਲ ਅਤੇ ਰੈਗੂਲਰ ਮੁਲਾਜ਼ਮ ਰਮਨਦੀਪ, ਗੁਰਦੇਵ ਸਿੰਘ, ਕੁਲਵੰਤ ਸਿੰਘ, ਰਜਿੰਦਰ ਸ਼ਰਮਾ, ਗੁਰਦੇਵ ਸਿੰਘ ਤੋਂ ਇਲਾਵਾ ਸ਼ਾਮ ਸਿੰਘ ਮੰਡਲ ਸਕੱਤਰ ਨੇ ਸੰਬੋਧਨ ਕੀਤਾ।

## ਨੌਜਵਾਨ ਵਿਰੁੱਧ ਅਸਲਾ ਐਕਟ ਤਹਿਤ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਇੱਕ ਨੌਜਵਾਨ ਵਿਰੁੱਧ ਅਸਲਾ ਐਕਟ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਰਹਿੰਦ-ਚੁੰਨੀ ਰੋਡ 'ਤੇ ਸਥਿਤ ਇੱਕ ਪ੍ਰਸਿੱਧ ਢਾਬੇ ਦੇ ਪ੍ਰਬੰਧਕਾਂ ਨੇ ਥਾਣਾ ਬਡਾਲੀ ਆਲਾ ਸਿੰਘ ਪੁਲਸ ਨੂੰ ਸੂਚਿਤ ਕੀਤਾ ਕਿ ਕੋਈ ਵਿਅਕਤੀ ਉਨ੍ਹਾਂ ਦੇ ਢਾਬੇ 'ਤੇ ਬਾਥਰੂਮ 'ਚ ਆਪਣਾ ਪਿਸਤੌਲ ਭੁੱਲ ਗਿਆ ਹੈ।ਜਿਸ 'ਤੇ ਮੌਕੇ 'ਤੇ ਪੁੱਜੀ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਇੱਕ ਪਿਸਤੌਲ 45 ਬੋਰ ਸਮੇਤ ਮੈਗਜ਼ੀਨ ਅਤੇ 6 ਜ਼ਿੰਦਾ ਕਾਰਤੂਸਾਂ ਨੂੰ ਕਬਜ਼ੇ 'ਚ ਲੈ ਲਿਆ ਗਿਆ।ਜਿਸ ਤੋਂ ਕੁਝ ਦਿਨ ਬਾਅਦ ਥਾਣੇ ਪੁੱਜੇ ਨੌਜਵਾਨ ਜਸਵਿੰਦਰ ਸਿੰਘ ਵਾਸੀ ਪਿੰਡ ਦੁਧਾਲ (ਲੁਧਿਆਣਾ) ਨੇ ਦੱਸਿਆ ਕਿ ਉਕਤ ਪਿਸਤੌਲ ਲਾਇਸੈਂਸੀ ਹੈ ਤੇ ਉਸ ਦਾ ਹੈ ਜੋ ਕਿ ਉਹ ਢਾਬੇ ਦੇ ਬਾਥਰੂਮ 'ਚ ਭੁੱਲ ਗਿਆ ਸੀ।ਪਰ ਮੌਕੇ 'ਤੇ ਉਕਤ ਨੌਜਵਾਨ ਪੁਲਸ ਨੂੰ ਪਿਸਤੌਲ ਦਾ ਲਾਇਸੈਂਸ ਨਹੀਂ ਦਿਖਾ ਸਕਿਆ ਤੇ ਇਹ ਕਹਿ ਕੇ ਚਲਾ ਗਿਆ ਕਿ ਉਹ ਕੱਲ੍ਹ ਨੂੰ ਲਾਇਸੈਂਸ ਪੇਸ਼ ਕਰ ਦੇਵੇਗਾ।ਪਰ ਅਗਲੇ ਦਿਨ ਉਹ ਥਾਣੇ ਨਹੀਂ ਪੁੱਜਾ।ਪੜਤਾਲ ਦੌਰਾਨ ਬਡਾਲੀ ਆਲਾ ਸਿੰਘ ਪੁਲਸ ਨੂੰ ਪਤਾ ਲੱਗਾ ਕਿ ਉਕਤ ਜਸਵਿੰਦਰ ਸਿੰਘ ਵਿਰੁੱਧ ਅਸਲਾ ਐਕਟ ਅਤੇ ਹੋਰ ਵੱਖ-ਵੱਖ ਧਾਰਾਵਾਂ ਤਹਿਤ ਥਾਣਾ ਮਲੌਦ(ਲੁਧਿਆਣਾ) ਵਿਖੇ ਇੱਕ ਮੁਕੱਦਮਾ ਦਰਜ ਹੈ ਜਿਸ ਦੇ ਸਬੰਧ 'ਚ ਜਸਵਿੰਦਰ ਸਿੰਘ ਅਤੇ ਉਕਤ ਪਿਸਤੌਲ ਮਲੌਦ ਪੁਲਸ ਨੂੰ ਲੋੜੀਂਦੇ ਹਨ।ਜਿਸ 'ਤੇ ਅਸਲਾ ਐਕਟ ਦੀਆਂ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਹੇਠ ਜਸਵਿੰਦਰ ਸਿੰਘ ਵਾਸੀ ਪਿੰਡ ਦੁਧਾਲ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਬਲਕਾਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਸੂਬੇ 'ਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ ਵੱਡੀ ਗਿਣਤੀ 'ਚ ਅਸਾਮੀਆਂ ਖਾਲੀ : ਅਮਨਦੀਪ ਸ਼ਰਮਾ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਸੂਬੇ ਭਰ ਦੇ ਵੱਡੀ ਗਿਣਤੀ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਸਿੱਖਿਆ ਅਧਿਕਾਰੀਆਂ ਤੋਂ ਲੰਬੇ ਸਮੇਂ ਤੋਂ ਸੱਖਣੇ ਚੱਲ ਰਹੇ ਹਨ। ਜਿਸ ਨਾਲ ਜਿੱਥੇ ਅਧਿਆਪਕਾਂ ਦੇ ਕੰਮਕਾਜ ਵਿੱਚ ਦੇਰੀ ਹੋ ਰਹੀ ਹੈ ਉੱਥੇ ਤਰੱਕੀਆਂ ਨੂੰ ਉਡੀਕਦੇ ਅਧਿਆਪਕ ਵੀ ਸੇਵਾ ਮੁਕਤ ਹੋ ਰਹੇ ਹਨ। ਇਸ ਸਬੰਧੀ ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਪੰਜਾਬ ਭਰ 'ਚ ਵੱਡੇ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਉਹਨਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਵਿੱਚ ਬਲਾਕ ਸਿੱਖਿਆ ਅਫ਼ਸਰ ਦੀਆਂ 6 ਅਸਾਮੀਆਂ ਮਨਜ਼ੂਰ ਹਨ ਜਿੱਥੇ ਸਿਰਫ਼ ਇੱਕ ਅਧਿਕਾਰੀ ਹੀ ਕੰਮ ਕਰ ਰਿਹਾ ਹੈ। ਅਧਿਆਪਕ ਆਗੂ ਨੇ ਦੱਸਿਆ ਕਿ ਸਿੱਖਿਆ ਮੰਤਰੀ ਦੇ ਆਪਣੇ ਜ਼ਿਲ੍ਹੇ ਰੂਪਨਗਰ ਵਿੱਚ 9, ਅੰਮ੍ਰਿਤਸਰ 'ਚ 8, ਹੁਸ਼ਿਆਰਪੁਰ 18 ਅਤੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ 50% ਤੋਂ ਵੀ ਇਹਨਾਂ ਅਫਸਰਾਂ ਦੀਆਂ ਪੋਸਟਾਂ ਖਾਲੀ ਹਨ। ਜਿਸ ਨਾਲ ਪ੍ਰਬੰਧ ਚਲਾਉਣ 'ਚ ਵੱਡੇ ਪੱਧਰ 'ਤੇ ਸਮੱਸਿਆਵਾਂ ਆ ਰਹੀਆਂ ਹਨ। ਉਹਨਾਂ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਤਰੱਕੀਆਂ ਜ਼ਿਲ੍ਹਾ ਪੱਧਰੀ ਸੀਨੀਅਰਤਾ ਹੀ ਤੁਰੰਤ ਕੀਤੀਆਂ ਜਾਣ। ਜਥੇਬੰਦੀ ਸੂਬਈ ਜੁਆਇੰਟ ਸਕੱਤਰ ਰਾਕੇਸ਼ ਗੋਇਲ ਬਰੇਟਾ ਨੇ ਕਿਹਾ ਕਿ ਜਦੋਂ ਤੱਕ ਜ਼ਿਲ੍ਹਾ ਪੱਧਰੀ ਸੀਨੀਅਰਤਾ ਸੂਚੀਆਂ ਅਨੁਸਾਰ ਤਰੱਕੀਆਂ ਨਹੀਂ ਹੁੰਦੀਆਂ ਉਦੋਂ ਤੱਕ ਅੱਧੇ ਤੋਂ ਵੱਧ ਜ਼ਿਲ੍ਹਿਆਂ 'ਚ ਬੀ ਪੀ ਈ ਓ ਦੀਆਂ ਅਸਾਮੀਆਂ ਖਾਲੀ ਰਹਿਣ ਦੀਆਂ ਸੰਭਾਵਨਾਵਾਂ ਬਣੀਆਂ ਰਹਿਣਗੀਆਂ ਕਿਉਂਕਿ ਕੁਝ ਜ਼ਿਲ੍ਹਿਆਂ 'ਚ ਸੈਂਟਰ ਹੈੱਡ ਟੀਚਰ ਦੀਆਂ ਤਰੱਕੀਆਂ ਪਹਿਲਾਂ ਹੋ ਗਈਆਂ ਅਤੇ ਕਈ ਜ਼ਿਲ੍ਹਿਆਂ ਵਿੱਚ ਸੈਂਟਰ ਹੈੱਡ ਟੀਚਰ ਦੀਆਂ ਤਰੱਕੀਆਂ ਦੇਰੀ ਨਾਲ ਹੋਈਆਂ ਹਨ। ਉਹਨਾਂ ਮੰਗ ਕੀਤੀ ਕਿ ਸੈਂਟਰ ਹੈੱਡ ਟੀਚਰ ਦੀ ਜ਼ਿਲ੍ਹਾ ਪੱਧਰੀ ਸੀਨੀਆਰਤਾ ਬਣਾ ਕੇ ਬੀ ਪੀ ਈ ਓ ਦੀਆਂ ਤਰੱਕੀਆਂ ਕੀਤੀਆਂ ਜਾਣ। ਜਥੇਬੰਦੀ ਦੇ ਸੂਬਾਈ ਪ੍ਰਚਾਰ ਸਕੱਤਰ ਗੁਰਜੰਟ ਬੱਛੋਆਣਾ ਨੇ ਦੱਸਿਆ ਕਿ ਇਸ ਮਹੀਨੇ ਦੇ ਸ਼ੁਰੂ ਤੋਂ ਹੀ ਬੀ ਪੀ ਈ ਓ ਦੀਆਂ ਤਰੱਕੀਆਂ ਜ਼ਿਲ੍ਹਾ ਪੱਧਰੀ ਸੀਨੀਆਰਤਾ ਬਣਾ ਕੇ ਕਰਨ ਸਬੰਧੀ ਮੰਗ ਪੱਤਰ ਸਾਰੇ ਜ਼ਿਲ੍ਹਿਆਂ ਦੇ ਹਲਕਾ ਵਿਧਾਇਕਾਂ ਰਾਹੀਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਭੇਜੇ ਜਾ ਰਹੇ ਹਨ ਤੇ ਅੱਗੋਂ ਵੀ ਭੇਜੇ ਜਾਂਦੇ ਰਹਿਣਗੇ।

## ਬਿਜਲੀ ਬੋਰਡ ਦੇ ਮੁਲਾਜ਼ਮਾਂ ਦਾ ਧਰਨਾ ਜਾਰੀ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਤੀਜੇ ਦਿਨ ਬਿਜਲੀ ਬੋਰਡ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸੱਦੇ 'ਤੇ ਲਗਾਤਾਰ ਬਿਜਲੀ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ 'ਤੇ ਰਹਿ ਹੁਣ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮਨੇਜਮੈਂਟ ਦੇ ਟੱਸ ਤੋਂ ਮੱਸ ਨਾ ਹੋਣ ਕਰਕੇ 14-15 ਅਗਸਤ ਦੋ ਦਿਨ ਦੀ ਛੁੱਟੀ ਵਿੱਚ ਹੋਰ ਵਾਧਾ ਕੀਤਾ। ਬਿਜਲੀ ਦਫ਼ਤਰ ਤਲਵੰਡੀ ਸਾਬੋ ਵਿਖੇ ਧਰਨਾ ਮੁਜ਼ਾਹਰਾ ਸਰਕਾਰ ਤੇ ਮਨੇਜਮੈਂਟ ਦਾ ਪਿਟ ਸਿਆਪਾ ਕੀਤਾ ਗਿਆ। ਇਸ ਧਰਨੇ 'ਚ ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੇ ਸਮਰਥਨ ਵਿੱਚ ਕਿਸਾਨ ਯੂਨੀਅਨ ਵੱਲੋਂ ਵੀ ਭਰਵਾਂ ਹੁੰਗਾਰਾ ਮਿਲਿਆ ਅਤੇ ਬਿਜਲੀ ਮੁਲਾਜ਼ਮਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਦੀ ਹਿਮਾਇਤ ਕੀਤੀ। ਬਿਜਲੀ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਜਿਵੇਂ ਨਵੀਂ ਰੈਗੂਲਰ ਭਰਤੀ, ਨਿੱਜੀਕਰਨ ਨੂੰ ਰੋਕਣਾ ਤੇ ਪੇ ਸਕੇਲਾਂ ਦੀਆਂ ਤਰੁਟੀਆਂ ਦੂਰ ਕਰਨ, ਖਸਤਾ ਹਾਲਤ ਬਿਲਡਿੰਗ ਦੀ ਮੁਰੰਮਤ ਆਦਿ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਜਦੋਂ ਤੱਕ ਸਰਕਾਰ ਤੇ ਮਨੇਜਮੈਂਟ ਹੱਕੀ ਮੰਗਾਂ ਨਹੀਂ ਮੰਨਦੀ ਇਹ ਸੰਘਰਸ਼ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ। ਇਸ ਸਮੇਂ ਆਗੂ ਸਾਥੀ ਟੈਕਨੀਕਲ ਸਰਵਿਸਿਜ਼ ਯੂਨੀਅਨ ਸਬ ਡਵੀਜ਼ਨ ਤਲਵੰਡੀ ਪ੍ਰਧਾਨ ਬੇਅੰਤ ਸਿੰਘ, ਜ਼ੋਨ ਸਕੱਤਰ ਨਛੱਤਰ ਸਿੰਘ, ਡਵੀਜ਼ਨ ਪ੍ਰਧਾਨ ਗੁਰਲਾਭ ਸਿੰਘ, ਸਰਕਲ ਸਕੱਤਰ ਅੰਗਰੇਜ਼ ਸਿੰਘ, ਗੁਰਮੀਤ ਸਿੰਘ, ਸਬ ਡਵੀਜ਼ਨ ਸਕੱਤਰ ਸੰਜੀਵ ਕੁਮਾਰ, ਰਾਜਦੀਪ ਸਿੰਘ, ਮੀਤ ਪ੍ਰਧਾਨ ਮਨਪ੍ਰੀਤ ਸਿੰਘ ਐਮ ਐਸ ਯੂ ਪ੍ਰਧਾਨ ਸੁਖਬੀਰ ਸਿੰਘ,ਹਨੀ ਗੋਇਲ, ਗੁਰਜੰਟ ਰਾਮਪੁਰਾ ਅਤੇ ਗੁਰਪ੍ਰੀਤ ਕੌਰ ਸ਼ਾਮਲ ਰਹੇ।

## ਝਾੜ ਸਾਹਿਬ ਕਾਲਜ 'ਚ ਮਸਨੂਈ ਬੌਧਿਕਤਾ 'ਤੇ ਵਰਕਸ਼ਾਪ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਵਿੱਚ ਸੁਖਮਿੰਦਰ ਸਿੰਘ (ਸਕੱਤਰ ਵਿੱਦਿਆ) ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਿੰ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਪਲੇਸਮੈਂਟ ਸੈੱਲ ਵਲੋਂ ਆਰਟੀਫਿਸ਼ੀਅਲ ਇੰਟੈਲੀਜੈਂਸ ਵਿਸ਼ੇ ਉੱਤੇ ਸੱਤ ਰੋਜ਼ਾ ਵਰਕਸ਼ਾਪ ਲਗਾਈ ਗਈ। ਜਿਸ ਵਿੱਚ ਕਾਲਜ ਦੇ ਵੱਖ ਵੱਖ ਵਿਭਾਗਾਂ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਵਰਕਸ਼ਾਪ ਦੀ ਸ਼ੁਰੂਆਤ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਸੁਨੀਤਾ ਕੌਸ਼ਲ ਨੇ ਮੁੱਖ ਵਕਤਾ ਅਨਿਲ ਤਨਵਰ ਕੋਆਰਡੀਨੇਟਰ ਅਨੁਦੀਪ ਫਾਊਂਡੇਸ਼ਨ ਅਤੇ ਟ੍ਰੇਨਰ ਭਵਾਨੀ ਸ਼ੰਕਰ ਦਾ ਸਵਾਗਤ ਕਰਕੇ ਕੀਤੀ। ਇਸ ਵਰਕਸ਼ਾਪ ਵਿੱਚ ਸੁਨੀਲ ਤਨਵਰ ਨੇ ਵਿਦਿਆਰਥਣਾਂ ਨੂੰ ਏ ਆਈ ਦੇ ਨਾਲ ਸਬੰਧਤ ਵੱਖ ਵੱਖ ਨੁਕਤਿਆਂ ਦੀ ਜਾਣਕਾਰੀ ਦਿੱਤੀ ਜਿਹਨਾਂ ਵਿਚ ਰੁਜ਼ਗਾਰ ਸਬੰਧੀ ਬਾਇਓਡਾਟਾ ਤਿਆਰ ਕਰਨਾ, ਇੰਟਰਵਿਊ ਦੀ ਤਿਆਰੀ, ਰੁਜ਼ਗਾਰ ਪ੍ਰਾਪਤੀ ਲਈ ਪ੍ਰੋਫੈਸ਼ਨਲ ਸਕਿੱਲਜ਼ ਅਤੇ ਕਮਿਊਨੀਕੇਸ਼ਨ ਸਕਿੱਲਜ਼ ਸਾਮਲ ਸਨ। ਏ ਆਈ ਦੀ ਵਰਤੋਂ ਕਰਕੇ ਸੁਪਰਹਿਊਮਨ ਸਮਰੱਥਾਵਾਂ ਨੂੰ ਬਣਾਉਣ ਦੀ ਸੰਭਾਵਨਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵਿਦਿਆਰਥਣਾਂ ਨੂੰ ਏ.ਆਈ ਦੇ ਤਕਨੀਕੀ ਨੁਕਤੇ ਬਾਰੇ ਵੀ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਏ.ਆਈ ਭਾਵਨਾਤਮਕ ਵਿਸ਼ਲੇਸ਼ਣ, ਐਨ.ਐਲ.ਪੀ. 'ਤੇ ਕੰਮ ਕਰਨਾ, ਏ.ਆਈ ਦੇ ਐਡਵਾਂਸ ਮੋਡ ਜਿਹਨਾਂ ਵਿਚ ਚੈਟਬੋਟਸ, ਸੀ.ਐਨ.ਐਨ, ਜੀ.ਏ.ਐਨ ਆਦਿ। ਮਸ਼ੀਨ ਲਰਨਿੰਗ ਅਤੇ ਡੀਪ ਲਰਨਿੰਗ ਬਾਰੇ ਵਿਦਿਆਰਥਣਾਂ ਨੂੰ ਸਿਖਾਇਆ ਗਿਆ। ਜਿਸ ਵਿੱਚ ਡਿਸੀਜਨ ਟਰੀ, ਲਰਨਰ ਰਿਗਰੈਸ਼ਨ, ਲੌਜਿਸਟਿਕਸ ਰਿਗਰੈਸ਼ਨ ਵਰਗੇ ਐਲਗੋਰਿਥਮ ਦੀ ਜਾਣਕਾਰੀ ਦਿੱਤੀ। ਵਿਦਿਆਰਥਣਾਂ ਨੂੰ ਵੱਖ ਵੱਖ ਏ.ਆਈ ਐਪਸ ਜਿਹਨਾਂ ਵਿਚ ਚੈਟ ਜੀ.ਪੀ.ਟੀ, ਗਾਮਾ ਏ.ਆਈ, ਸੁਨੋ ਏ.ਆਈ ਨੂੰ ਕੈਰੀਅਰ ਵਿੱਚ ਪ੍ਰਯੋਗ ਵਿੱਚ ਲਿਆਉਣ ਬਾਰੇ ਦੱਸਿਆ। ਇਸ ਮੌਕੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ ਕਿਉਂਕਿ ਇਹਨਾਂ ਸਦਕਾ ਹੀ ਵਿਦਿਆਰਥਣਾਂ ਰੁਜ਼ਗਾਰ ਅਤੇ ਭਵਿੱਖ ਮੁਖੀ ਵੱਖ ਵੱਖ ਕਿੱਤਿਆਂ ਵਿੱਚ ਆਪਣਾ ਸਥਾਨ ਬਣਾ ਸਕਦੀਆਂ ਹਨ। ਇਸ ਮੌਕੇ ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਮੈਂਬਰ ਅਤੇ ਸਮੁਕੇਸ਼ ਸ਼ਰਮਾ ਨੇ ਵਿਦਿਆਰਥਣਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਵਰਕਸ਼ਾਪ ਵਿੱਚ ਆਰਤੀ ਰਾਣੀ ਅਸਿ.ਪ੍ਰ.ਕਾਮਰਸ, ਸਿਮਰਨਪ੍ਰੀਤ ਕੌਰ ਅਸਿ.ਪ੍ਰ.ਕਾਮਰਸ, ਸੁਖਦੀਪ ਕੌਰ ਅਸਿ.ਪ੍ਰ.ਕੰਪਿਊਟਰ ਸਾਇੰਸ ਸ਼ਾਮਲ ਸਨ।

## ਬਿਜਲੀ ਤੇ ਲੋਕ ਨਿਰਮਾਣ ਮੰਤਰੀ ਲਹਿਰਾਉਣਗੇ ਪਟਿਆਲਾ ਵਿਖੇ ਤਿਰੰਗਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੇਸ਼ ਦੇ 79ਵੇਂ ਆਜ਼ਾਦੀ ਦਿਹਾੜੇ ਮੌਕੇ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ, ਪੋਲੋ ਗਰਾਊਂਡ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਅੱਜ ਇੱਕ ਫੁੱਲ ਡਰੈਸ ਰਿਹਰਸਲ ਹੋਈ।


ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਐਸ.ਪੀ. (ਹੈਡਕੁਆਰਟਰ) ਵੈਭਵ ਚੌਧਰੀ ਨੇ ਇਸ ਰਿਹਰਸਲ ਦਾ ਜਾਇਜ਼ਾ ਲਿਆ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਮੰਤਰੀ ਹਰਭਜਨ ਸਿੰਘ ਈ.ਟੀ.ਓ. ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਆਪਣਾ ਸੰਦੇਸ਼ ਦੇਣਗੇ।ਫੁੱਲ ਡਰੈਸ ਰਿਹਰਸਲ ਦੌਰਾਨ ਪਰੇਡ ਕਮਾਂਡਰ ਫ਼ਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਆਈ.ਟੀ.ਬੀ.ਪੀ, ਜ਼ਿਲ੍ਹਾ ਪੁਲਸ ਦੀਆਂ ਦੋ ਟੁਕੜੀਆਂ, ਪੰਜਾਬ ਪੁਲਸ ਮਹਿਲਾ ਵਿੰਗ ਦੀ ਇਕ ਟੁਕੜੀ, ਪੰਜਾਬ ਹੋਮਗਾਰਡਜ਼, ਚੌਥੀ ਗਰਲਜ਼ ਬਟਾਲੀਅਨ, ਐਨ.ਸੀ.ਸੀ. ਆਰਮੀ ਵਿੰਗ, ਪੰਜਵੀਂ ਪੰਜਾਬ ਐਨ.ਸੀ.ਸੀ. ਵਿੰਗ ਸਮੇਤ ਪੰਜਾਬ ਪੁਲਸ ਦੇ ਆਈ.ਆਰ.ਬੀ. ਦੇ ਪਾਈਪ ਬੈਂਡ ਦੀ ਟੁਕੜੀ ਨੇ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ।

## ਮਜਦੂਰਾਂ ਵੱਲੋਂ ਅਜ਼ਾਦੀ ਦਿਵਸ ਕਾਲੇ ਦਿਨ ਵਜੋਂ ਮਨਾਉਣ ਦਾ ਫ਼ੈਸਲਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਵੱਡੀਆਂ ਕੁਰਬਾਨੀਆਂ ਦੇਣ ਦੇ ਬਾਵਜੂਦ ਦੇਸ਼ ਭਗਤਾਂ, ਮਹਾਨ ਗਦਰੀ ਸੂਰਬੀਰ ਜੋਧਿਆਂ ਦੇ ਸੁਪਨਿਆਂ ਦੀ ਅਜ਼ਾਦੀ ਅਜੇ ਤੱਕ ਨਹੀਂ ਆਈ। ਭਾਵੇਂ ਸਾਰਾ ਦੇਸ 15 ਅਗਸਤ ਨੂੰ ਆਜ਼ਾਦੀ ਦਿਵਸ ਵਜੋਂ ਮਨਾ ਰਿਹਾ ਹੈ, ਪਰ ਕਿਰਤੀ ਲੋਕਾਂ ਦੀ ਹਾਲਤ ਪਹਿਲਾਂ ਤੋਂ ਵੀ ਬਦਤਰ ਹੋ ਗਈ ਹੈ। ਇਹ ਪ੍ਰਗਟਾਵਾ ਭਾਈ ਲਾਲੋ ਪੰਜਾਬੀ ਮੰਚ ਦੇ ਸੂਬਾ ਆਗੂ ਹਰਜੀਤ ਸਿੰਘ ਖਿਆਲੀ ਨੇ ਮਜ਼ਦੂਰ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਅਨਾਜ ਮੰਡੀ ਬਰਨਾਲਾ ਵਿਖੇ ਆਜ਼ਾਦੀ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਆਜ਼ਾਦੀ ਪੂੰਜੀਪਤੀਆਂ ਲਈ ਆਜਾਦੀ ਹੋ ਸਕਦੀ ਹੈ, ਪਰ ਮਜ਼ਦੂਰਾਂ ਕੋਲ ਨਾ ਪੱਕਾ ਰੁਜ਼ਗਾਰ ਹੈ, ਨਾ ਹੀ ਸਿੱਖਿਆ ਤੇ ਨਾ ਸਿਹਤ ਸਹੂਲਤਾਂ ਹਨ। ਕਿਰਤੀ ਲੋਕਾਂ ਦੀ ਹਾਲਤ ਦਿਨ ਬ ਦਿਨ ਹੋਰ ਵੀ ਨਿੱਘਰਦੀ ਜਾ ਰਹੀ। ਆਗੂ ਖਿਆਲੀ ਨੇ ਕਿਹਾ ਕਿ ਆਜ਼ਾਦੀ ਦੇ 79 ਸਾਲਾਂ ਬਾਅਦ ਵੀ ਮਜ਼ਦੂਰ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਇਸ ਲਈ ਆਪਣੇ ਹੱਕ ਲੈਣ ਲਈ ਗੂੰਗੀ ਬੋਲੀ ਸਰਕਾਰ ਦੇ ਕੰਨਾਂ ਤੱਕ ਆਪਣੀ ਆਵਾਜ਼ ਪੁਚਾਉਣ ਲਈ 15 ਅਗਸਤ ਨੂੰ ਬਰਨਾਲਾ ਦਾਣਾ ਮੰਡੀ ਵਿੱਚ ਕਿਰਤੀ ਲੋਕਾਂ ਵੱਲੋਂ ਵੱਡਾ ਇਕੱਠ ਕਰਕੇ ਆਜ਼ਾਦੀ ਦਿਵਸ ਨੂੰ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਇਸ ਇਕੱਠ 'ਚ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਨਰੇਗਾ ਮਜਦੂਰ ਯੂਨੀਅਨ ਸਮੇਤ ਪੰਜਾਬ ਭਰ ਤੋਂ ਇਨਸਾਫ ਪਸੰਦ ਜਥੇਬੰਦੀਆਂ ਦੇ ਆਗੂ, ਵਰਕਰ ਕਾਫਲੇ ਬੰਨ੍ਹ ਕੇ ਸ਼ਾਮਲ ਹੋਣਗੇ। ਤਿਆਰੀਆਂ ਸਬੰਧੀ ਪਿੰਡ-ਪਿੰਡ ਭਰਵੀਆਂ ਮੀਟਿੰਗਾਂ ਕਰਾ ਕੇ ਕਿਰਤੀ ਲੋਕਾਂ ਨੂੰ ਲਾਮਬੰਦ ਕੀਤਾ ਗਿਆ ਹੈ।

## ਐੱਸ ਡੀ ਐੱਮ ਦਫ਼ਤਰ ਅੱਗੇ ਟਰੰਪ ਤੇ ਮੋਦੀ ਦਾ ਪੁਤਲਾ ਫੂਕਿਆ



**ਨਾਭਾ (ਵਰਿੰਦਰ ਵਰਮਾ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਐਸ.ਡੀ.ਐਮ ਦਫਤਰ ਸਾਹਮਣੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਰਾਸਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਫੂਕ ਕੇ ਕਿਸਾਨਾਂ ਵੱਲੋਂ ਭਾਰੀ ਗਿਣਤੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।ਕਿਸਾਨ ਆਗੂਆਂ ਨੇ ਕਿਹਾ ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਜੋ ਫ੍ਰੀ ਟੈਕਸ ਸਮਝੌਤਾ ਕੀਤਾ ਜਾ ਰਿਹਾ ਹੈ, ਉਸ ਨਾਲ ਖੇਤੀ ਪੈਦਾਵਾਰ ਡੇਅਰੀ ਫਾਰਮਿੰਗ ਤੇ ਮੁਰਗੀ ਪਾਲਣ ਦੇ ਧੰਦੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ਦਾ ਨੋਟੀਫਿਕੇਸ਼ਨ ਜਿੰਨਾ ਚਿਰ ਰੱਦ ਨਹੀਂ ਕਰਦੀ, ਕਿਸਾਨ ਸੰਘਰਸ਼ ਜਾਰੀ ਰੱਖਣਗੇ ਤੇ ਸਮੂਹ ਕਿਸਾਨ ਜਥੇਬੰਦੀਆਂ ਨੇ ਬਿਜਲੀ ਮੁਲਾਜ਼ਮਾਂ ਦੀ ਚੱਲ ਰਹੀ ਹੜਤਾਲ ਦਾ ਵੀ ਸਮਰਥਨ ਕੀਤਾ।

## ਜੈਨ ਸਮਾਜ ਦੇ ਆਗੂਆਂ ਨੇ ਦਿੱਤਾ ਐੱਸ ਡੀ ਐੱਮ ਕਾਲਾਂਵਾਲੀ ਨੂੰ ਮੰਗ ਪੱਤਰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਐਸ ਐਸ ਜੈਨ ਸਭਾ ਕਾਲਾਂਵਾਲੀ ਅਤੇ ਜੈਨ ਸਮਾਜ ਨੇ ਪਰਯੂਸ਼ਨ ਤਿਉਹਾਰ ਮੌਕੇ ਜੈਨ ਸਭਾ ਦੇ ਪ੍ਰਧਾਨ ਸੰਦੀਪ ਜੈਨ ਦੀ ਅਗਵਾਈ ਹੇਠ ਐਸ ਡੀ ਐਮ ਸਮੇਤ ਪੁਲਿਸ ਪ੍ਰਸ਼ਾਸ਼ਨ ਨੂੰ ਮੰਡੀ ਵਿੱਚ ਮਾਸ ਤੇ ਬੁੱਚੜਖਾਨੇ ਬੰਦ ਰੱਖਣ ਲਈ ਮੰਗ ਪੱਤਰ ਦਿੱਤਾ ਹੈ। ਜੈਨ ਸਭਾ ਦੇ ਪ੍ਰਧਾਨ ਸੰਦੀਪ ਜੈਨ ਦਾ ਕਹਿਣਾ ਸੀ ਕਿ ਮੰਗ ਪੱਤਰ 'ਚ 20 ਅਗਸਤ ਤੋਂ ਸ਼ੁਰੂ ਹੋਣ ਵਾਲੇ ਪਰਯੂਸ਼ਨ ਤਿਉਹਾਰ ਮੌਕੇ 'ਤੇ ਸ਼ਹਿਰ ਵਿੱਚ ਹਰ ਤਰ੍ਹਾਂ ਦੀਆਂ ਅੰਡੇ ਤੇ ਮਾਸ ਦੀਆਂ ਦੁਕਾਨਾਂ ਅਤੇ ਬੁੱਚੜਖਾਨੇ 27 ਅਗਸਤ ਤੱਕ ਪੂਰੀ ਤਰ੍ਹਾਂ ਬੰਦ ਰੱਖੇ ਜਾਣ ਤਾਂ ਜੁ ਸ਼ਹਿਰ ਵਿੱਚ ਧਾਰਮਿਕ ਮਾਹੌਲ ਤੇ ਅਹਿੰਸਾ ਦਾ ਸੰਦੇਸ਼ ਸਥਾਪਤ ਕੀਤਾ ਜਾ ਸਕੇ। ਜੈਨ ਸਮਾਜ ਨੇ ਇਹ ਵੀ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ, ਪਰਯੂਸ਼ਨ ਤਿਉਹਾਰ ਦੌਰਾਨ ਮਾਸ ਦੀ ਵਿਕਰੀ ਤੇ ਬੁੱਚੜਖਾਨੇ ਬੰਦ ਰੱਖਣਾ ਜ਼ਰੂਰੀ ਹੈ।

## ਡੀ ਸੀ ਨੇ ਦੋਨਾ ਮੱਤੜ ਦਾ ਦੌਰਾ ਕਰਕੇ ਪਾਣੀ ਦੇ ਪੱਧਰ ਦਾ ਲਿਆ ਜਾਇਜ਼ਾ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਮਾਨਸੂਨ ਸੀਜ਼ਨ ਦੌਰਾਨ ਭਾਰੀ ਮੀਂਹ ਪੈਣ ਨਾਲ ਸਤਲੁਜ ਦਰਿਆ 'ਚ ਪਾਣੀ ਦਾ ਪੱਧਰ ਵਧਣ ਨਾਲ ਜ਼ਿਲ੍ਹੇ ਦੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ 'ਚ ਹੜ੍ਹਾਂ ਵਰਗੇ ਹਾਲਾਤਾਂ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਵੱਲੋਂ ਸਬ ਡਵੀਜ਼ਨ ਗੁਰੂਹਰਸਹਾਏ ਦੇ ਪਿੰਡ ਦੋਨਾ ਮੱਤੜ ਦਾ ਦੌਰਾ ਕੀਤਾ ਗਿਆ ਤੇ ਦਰਿਆ ਵਿੱਚ ਪਾਣੀ ਦੇ ਪੱਧਰ 'ਤੇ ਬੰਨ੍ਹਾਂ ਦੀ ਮਜ਼ਬੂਤੀ ਦਾ ਜਾਇਜਾ ਲਿਆ ਗਿਆ। ਇਸ ਮੌਕੇ ਐਸ.ਡੀ.ਐਮ. ਉਦੇਦੀਪ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਉਹ ਦਰਿਆ ਵਿੱਚ ਬੇੜੀ ਰਾਹੀਂ ਸਫ਼ਰ ਕਰਨ ਦੌਰਾਨ ਪੂਰੀ ਤਰ੍ਹਾਂ ਸੁਚੇਤ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਾ ਵਰਤਣ। ਪਿੰਡ ਵਾਸੀਆਂ ਦੀ ਬੰਨਾਂ ਨੂੰ ਮਜਬੂਤ ਅਤੇ ਉੱਚੇ ਕਰਨ ਦੀ ਮੰਗ ਤੇ ਇੱਕ ਛੋਟੀ ਬੇੜੀ ਦੇਣ ਦੀ ਮੰਗ ਤੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਯੋਗ ਮੰਗਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ ਤੇ ਇਸ ਕੰਮ ਲਈ ਉਨ੍ਹਾਂ ਨੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਮੌਕੇ 'ਤੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਸਾਰੇ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ, ਤਾਂ ਜੁ ਅਜਿਹੇ ਹਾਲਾਤ ਨਾਲ ਸੁਚਾਰੂ ਢੰਗ ਨਾਲ ਨਜਿੱਠਿਆ ਜਾ ਸਕੇ ਤੇ ਲੋਕਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਨਾ ਹੋਵੇ। ਉਨ੍ਹਾਂ ਕਿਹਾ ਕਿ ਹਿਮਾਚਲ ਵਿੱਚ ਭਾਰੀ ਵਰਖਾ ਹੋਣ ਕਾਰਨ ਬਿਆਸ ਤੇ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧਿਆ ਹੈ, ਪ੍ਰੰਤੂ ਹੁਣ ਤੱਕ ਸਥਿਤੀ ਨਾਰਮਲ ਹੈ।

ਉਨ੍ਹਾਂ ਕਿਹਾ ਜੇਕਰ ਆਉਣ ਵਾਲੇ ਸਮੇਂ ਵਿੱਚ ਪਾਣੀ ਦਾ ਪੱਧਰ ਹੋਰ ਵਧਣ ਨਾਲ ਹੜ੍ਹਾਂ ਵਰਗੇ ਹਾਲਾਤ ਬਣਦੇ ਹਨ ਤਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਿਹੀ ਸਥਿਤੀ ਨਾਲ ਨਿਪਟਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਉਨ੍ਹਾਂ ਹਾਜ਼ਰ ਪਿੰਡ ਵਾਸੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ, ਪਾਣੀ ਦੇ ਪੱਧਰ ਦੀ ਸਥਿਤੀ ਬਿਲਕੁਲ ਨਿਯੰਤਰਨ ਵਿੱਚ ਹੈ ਅਤੇ ਜੇਕਰ ਕਿਸੇ ਤਰ੍ਹਾਂ ਦੇ ਖਤਰੇ ਦੀ ਕੋਈ ਗੱਲ ਹੋਈ ਤਾਂ ਉਹ ਪਿੰਡ ਵਾਸੀਆਂ ਨੂੰ ਸੁਚੇਤ ਕਰਨਗੇ। ਉਨ੍ਹਾਂ ਵੱਲੋਂ ਪਿੰਡ ਦੋਨਾਂ ਮੱਤੜ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਤੇ ਉਨ੍ਹਾਂ ਮੌਕੇ 'ਤੇ ਮੌਜੂਦ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ। ਉਨ੍ਹਾਂ ਪਿੰਡ ਵਾਸੀਆਂ ਨੂੰ ਕਿਸੇ ਤਰ੍ਹਾਂ ਵੀ ਨਾ ਡਰਨ ਤੇ ਬੰਨ੍ਹਾਂ ਦੀ ਮਜ਼ਬੂਤੀ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ।

# ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਦਾ 28ਵਾਂ ਬਰਸੀ ਸਮਾਗਮ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**
ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਤ ਸ਼ਹੀਦ ਕਿਰਨਜੀਤ ਕੌਰ ਦੀ ਯਾਦ 'ਚ 28ਵਾਂ ਯਾਦਗਾਰੀ ਸਮਾਗਮ ਦਾਣਾ ਮੰਡੀ ਮਹਿਲ ਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਲਖਵਿੰਦਰ ਠੀਕਰੀਵਾਲ, ਅਜਮੇਰ ਅਕਲੀਆਂ ਦੇ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ...' ਨਾਲ ਹੋਈ।ਮੁੱਖ ਬੁਲਾਰੇ ਵਜੋਂ ਲੇਖਿਕਾ, ਚਿੰਤਕ ਕਵਿਤਾ ਕ੍ਰਿਸ਼ਨਨ ਨੇ ਕਿਹਾ ਕਿ ਮੋਦੀ ਹਕੂਮਤ ਨੇ ਜਾਬਰ ਫ਼ਿਰਕੂ ਫਾਸ਼ੀ ਹੱਲੇ ਤਹਿਤ ਔਰਤਾਂ ਸਮੇਤ ਹਰ ਤਬਕੇ ਨੂੰ ਆਪਣੀ ਮਾਰ ਹੇਠ ਲਿਆਂਦਾ ਹੋਇਆ ਹੈ।ਸਮਾਜਿਕ ਕਾਰਕੁੰਨ, ਬੁੱਧੀਜੀਵੀ, ਪੱਤਰਕਾਰ, ਵਕੀਲ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਆਏ ਸਾਲਾਂ ਬੱਧੇ ਸਮੇਂ ਜੇਲ੍ਹਾਂ ਪਿੱਛੇ ਕੈਦ ਹਨ।ਕਨਵੀਨਰ ਗੁਰਬਿੰਦਰ ਸਿੰਘ ਕਲਾਲਾ ਨੇ 28 ਸਾਲ ਤੋਂ ਮਹਿਲ ਕਲਾਂ-ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸਾਂ ਵੱਲੋਂ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣਨ ਲਈ ਧੰਨਵਾਦ ਕਰਦਿਆ ਇਨਕਲਾਬੀ ਸਲਾਮ ਭੇਟ ਕੀਤੀ।ਜਮਹੂਰੀ ਹੱਕਾਂ ਦੀ ਕਾਰਕੁੰਨ ਐਡਵੋਕੇਟ ਅਮਨਦੀਪ ਕੌਰ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਸਭ ਤੋਂ ਦਲਿਤ ਮਜ਼ਦੂਰ ਤੇ ਘੱਟ ਗਿਣਤੀ ਔਰਤਾਂ ਨੂੰ ਸਹਿਣੀ ਪੈ ਰਹੀ ਹੈ। ਭਾਕਿਯੂ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਸੀਨੀ: ਮੀਤ ਪ੍ਰਧਾਨ ਗੁਰਦੀਪ ਰਾਮਪੁਰਾ ਨੇ ਕਿਹਾ ਕਿ ਮੋਦੀ ਹਕੂਮਤ ਤੇ ਭਗਵੰਤ ਮਾਨ ਸਰਕਾਰ ਪੇਂਡੂ ਸੱਭਿਆਚਾਰ ਨੂੰ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਪੰਜਾਬ ਦੀ ਸਰਕਾਰ ਵੱਡੇ-ਵੱਡੇ ਵਾਅਦਿਆਂ ਦੀ ਝੜੀ ਲਾ ਕੇ ਸੱਤਾ ਉੱਪਰ ਕਾਬਜ਼ ਹੋਈ ਸੀ, ਜਿਸ ਨੇ ਸੱਤਾ ਉੱਤੇ ਕਾਬਜ਼ ਹੁੰਦਿਆਂ ਹੀ ਕਾਰਪੋਰੇਟ ਘਰਾਣਿਆਂ ਪੱਖੀ ਨੀਤੀ 'ਤੇ ਚੱਲਦਿਆਂ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਪੁਲਸੀਆ ਜਾਬਰ ਹੱਲਾ ਤੇਜ਼ ਕੀਤਾ ਹੋਇਆ ਹੈ।ਨੌਜਵਾਨ ਆਗੂ ਹਰਪ੍ਰੀਤ, ਸਹਿਜਪ੍ਰੀਤ ਕੌਰ ਤੇ ਤਾਨੀਆ ਸ਼ਰਮਾ ਨੇ ਕਿਹਾ ਕਿ ਪੂਰੇ ਮੁਲਕ ਅੰਦਰ ਵਾਪਰ ਰਹੀਆਂ ਸ਼ਰਮਨਾਕ ਘਟਨਾਵਾਂ ਨੇ ਵੱਡੇ ਸਵਾਲ ਖੜੇ ਕੀਤੇ ਹਨ।ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਔਰਤਾਂ ਨੂੰ ਜ਼ਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਭੈਣ ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਤਰਕਸ਼ੀਲ ਆਗੂ ਰਾਜਿੰਦਰ ਭਦੌੜ, ਨਿਰਮਲ ਸਿੰਘ ਚੁਹਾਣਕੇ, ਆਗੂ ਸ਼ਿੰਦਰ ਧੌਲਾ ਨੇ ਵੀ ਵਿਚਾਰ ਰੱਖੇ।ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਨੇ ਜਾਬਰਾ ਖ਼ਿਲਾਫ਼ ਨਾਬਰੀ ਦਾ ਇਤਿਹਾਸ ਰਚਣ ਵਾਲੇ ਜੁਝਾਰੂ ਕਾਫ਼ਲਿਆਂ ਨੂੰ ਇਸ ਲੋਕ ਸੰਗਰਾਮ ਦੀ ਗਾਥਾ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਆਗੂ ਜਗਰਾਜ ਸਿੰਘ ਹਰਦਾਸਪੁਰਾ ਨੇ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਅਦਾਰੇ ਪਾਵਰਕਾਮ, ਸਕੂਲਾਂ, ਕਾਲਜਾਂ 'ਚੋਂ ਮਹਿਲ ਕਲਾਂ ਲੋਕ ਘੋਲ ਦੇ 28ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ।

## ਅਕੇਡੀਆ ਵਰਲਡ ਸਕੂਲ ਦੇ ਬੱਚਿਆਂ ਵੱਲੋਂ ਸਕੇਟਿੰਗ 'ਚ ਸ਼ਾਨਦਾਰ ਪ੍ਰਦਰਸ਼ਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਅਕੇਡੀਆ ਵਰਲਡ ਸਕੂਲ ਦੇ ਬੱਚਿਆਂ ਨੇ ਸਕੇਟਿੰਗ ਜੋਨ ਲੈਵਲ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਵਿੱਚ -11, -14, -17, -19 ਦੇ ਵਿਦਿਆਰਥੀਆਂ ਨੇ ਭਾਗ ਲਿਆ ਸਕੇਟਿੰਗ ਜ਼ੋਨ ਇਨਲਾਈਨ ਤੇ ਕੁਆਡ ਵਿੱਚ ਕਰਾਏ ਗਏ। ਇਸ ਵਿੱਚ ਅੰਡਰ 11, ਅੰਡਰ 14 ਤੇ ਅੰਡਰ 19 ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਖੇਡ ਦਾ ਪ੍ਰਦਰਸਨ ਕਰਦਿਆਂ ਪਹਿਲਾਂ ਸਥਾਨ ਪ੍ਰਾਪਤ ਕੀਤਾ। ਇਹ ਮੈਚ ਡੀ.ਈ.ਪੀ ਮਿਸ ਰੈਂਪੀ ਤੇ ਸਕੇਟਿੰਗ ਕੋਚ ਸਾਹਿਲ ਦੀ ਨਿਗਰਾਨੀ ਹੇਠ ਕਰਾਏ ਗਏ। ਇਸ ਵਿੱਚ ਅੰਡਰ 14 ਗੁਰਸੀਰਤ ਕੌਰ ਨੇ ਪਹਿਲਾ ਸਥਾਨ ਤੇ ਜਸਪ੍ਰੀਤ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਕੁਆਰਡ ਵਿੱਚੋਂ ਵਾਹਨ ਪੁਰੀ ਨੇ ਪਹਿਲਾ, ਅਮਰ ਗੋਇਲ ਨੇ ਦੂਜਾ ਤੇ ਹਿਆਨ ਗਰਗ ਨੇ ਤੀਸਰਾ ਸਥਾਨ ਹਾਸਲ ਕੀਤਾ। ਇਹ 500 ਮੀਟਰ ਤੇ 1000 ਮੀਟਰ ਤੱਕ ਕਰਾਏ ਗਏ। ਇਸ ਵਿੱਚੋਂ ਅੰਡਰ 17 ਦੇ ਖਿਡਾਰੀ ਭਵਚੇਤਨ, ਜਪ ਸਹਿਜ ਨੇ ਗੋਲਡ ਮੈਡਲ, ਨੌ ਨਿਧਾਨ ਤੇ ਯੁਵਰਾਜ ਨੇ ਸਿਲਵਰ ਅਤੇ ਗੋਲਡ ਮੈਡਲ ਹਾਸਲ ਕੀਤੇ। ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਹੌਸਲਾ ਅਫ਼ਜ਼ਾਈ ਕੀਤੀ ਗਈ। ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਵੀ ਬੱਚਿਆਂ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਪ੍ਰੇਰਤ ਕੀਤਾ ਤੇ ਜੇਤੂਆਂ ਨੂੰ ਵਧਾਈ ਦਿੱਤੀ।

## ਮੰਦਰ ਕਮੇਟੀ ਦੀ ਚੋਣ 'ਚ ਵਿਜੇ ਕੁਮਾਰ ਬਾਂਸਲ ਪ੍ਰਧਾਨ ਚੁਣੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੰਦਰ ਕਮੇਟੀ ਤੇ ਗਊਸ਼ਾਲਾ ਕਮੇਟੀ ਦੀ ਸਾਂਝੀ ਸਹਿਮਤੀ ਨਾਲ ਵਿਜੇ ਕੁਮਾਰ ਬਾਂਸਲ ਨੂੰ ਮੰਦਰ ਕਮੇਟੀ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪਿੰਡ ਵਾਸੀਆਂ, ਸ਼ਰਧਾਲੂ ਸੰਗਤਾਂ ਨੇ ਵਧਾਈ ਦਿੰਦਿਆਂ ਕਿਹਾ ਕਿ ਨਵੀਂ ਚੁਣੀ ਗਈ ਕਮੇਟੀ ਤੋਂ ਉਨ੍ਹਾਂ ਨੂੰ ਪੂਰੀਆਂ ਉਮੀਦਾਂ ਹਨ ਕਿ ਉਹ ਮੰਦਰ ਦੇ ਵਿਕਾਸ, ਆਲੇ ਦੁਆਲੇ ਦੀ ਸਾਫ, ਸਫ਼ਾਈ ਤੇ ਧਾਰਮਿਕ ਪ੍ਰੋਗਰਾਮਾਂ ਦੀਆਂ ਪ੍ਰੰਪਰਾਵਾਂ ਨੂੰ ਹੋਰ ਮਜ਼ਬੂਤੀ ਦੇਣ ਲਈ ਪੂਰੀ ਲਗਨ ਮਿਹਨਤ, ਇਮਾਨਦਾਰੀ ਨਾਲ ਕੰਮ ਕਰੇਗੀ।ਮੰਦਰ ਕਮੇਟੀ ਤੇ ਗਊਸ਼ਾਲਾ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਇਹ ਫ਼ੈਸਲਾ ਸਾਰਿਆਂ ਦੀ ਏਕਤਾ ਤੇ ਧਾਰਮਿਕ ਸੇਵਾ ਦੇ ਜਜ਼ਬੇ ਦਾ ਪ੍ਰਤੀਕ ਹੈ।ਉਨ੍ਹਾਂ ਵਿਜੇ ਕੁਮਾਰ ਬਾਂਸਲ ਦੀ ਸਮਰਪਤ ਸੇਵਾ ਤੇ ਇਮਾਨਦਾਰੀ 'ਤੇ ਪੂਰਨ ਭਰੋਸਾ ਜਤਾਇਆ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਧਾਰਮਿਕ ਸੰਸਥਾਵਾਂ ਦੇ ਕੰਮ ਸਿਰਫ਼ ਇਮਾਰਤਾਂ ਦੀ ਦੇਖ ਭਾਲ ਤੱਕ ਸੀਮਿਤ ਨਹੀਂ ਹੁੰਦੇ, ਸਗੋਂ ਇਹ ਲੋਕਾਂ ਨੂੰ ਇਕੱਠਾ ਕਰਨ ਤੇ ਭਾਈਚਾਰੇ ਵਿੱਚ ਪਿਆਰ-ਪ੍ਰੇਮ ਵਧਾਉਣ ਦਾ ਕੇਂਦਰ ਹੁੰਦੇ ਹਨ।

15-Aug-page-11-Majha-2025.qxd 8/14/2025 10:54 PM Page 1



## ਵਿਧਾਇਕ ਰੰਧਾਵਾ ਨੇ ਕਾਦੀਆਂ ਗੁੱਜਰਾਂ 'ਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਈ

**ਕਲਾਨੌਰ (ਮਨਦੀਪ ਕੋਹਲੀ)**-ਪਿੰਡ ਕਾਦੀਆਂ ਗੁੱਜਰਾਂ 'ਚ ਸਰਪੰਚ ਮੋਨੂੰ ਦੀ ਅਗਵਾਈ ਵਿੱਚ ਨਸ਼ਾ ਮੁਕਤ ਪੰਜਾਬ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਪਿੰਡ ਦੇ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸੈਮੀਨਾਰ ਦੌਰਾਨ ਬੋਲਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਜੋ ਨਸ਼ੇ ਦਾ ਕੋਹੜ ਘਰ-ਘਰ ਤੱਕ ਪਹੁੰਚਿਆ ਹੈ ਇਹ ਪਿਛਲੀਆਂ ਸਰਕਾਰਾਂ ਦੀ ਦੇਣ ਹੈ।



ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਪਿੰਡ ਦਾ ਵਿਅਕਤੀ ਨਸ਼ਾ ਕਰਦਾ ਹੈ ਜਾਂ ਬਾਹਰੋਂ ਪਿੰਡ ਵਿੱਚ ਕੋਈ ਨਸ਼ਾ ਵੇਚਣ ਆਉਂਦਾ ਹੈ ਤੇ ਪਿੰਡ ਦੇ ਮੋਹਤਬਰ ਵਿਅਕਤੀ ਉਸ ਦੀ ਜ਼ਮਾਨਤ ਦੇਣ ਜਾਂਦਾ ਹੈ ਤਾਂ ਉਹ ਵੀ ਉਨਾ ਹੀ ਜ਼ਿੰਮੇਵਾਰ ਹੋਵੇਗਾ ਜਿੰਨਾ ਕਿ ਨਸ਼ਾ ਵੇਚਣ ਅਤੇ ਨਸ਼ਾ ਕਰਨ ਵਾਲਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੇਰਾ ਬਾਬਾ ਨਾਨਕ ਦੇ ਤਹਿਸੀਲਦਾਰ, ਐੱਸਐੱਚਓ ਸਤਪਾਲ ਸਿੰਘ, ਸਰਪੰਚ ਮੋਨੂੰ, ਗੁਰਮੇਜ ਕੁਮਾਰ, ਹਰਦੀਪ ਸਿੰਘ, ਸੁਰਜੀਤ ਸਿੰਘ, ਕਰਤਾਰ ਚੰਦ, ਜਨਕ ਰਾਜ, ਕਵਲਜੀਤ ਸਿੰਘ, ਸਤਪਾਲ ਫੌਜੀ, ਬਲਦੇਵ ਰਾਜ, ਜਸਪਾਲ, ਪ੍ਰਿਥੀਰਾਜ, ਗੁਰਮੇਜ ਸਿੰਘ, ਬਲਵੰਤ ਸਿੰਘ, ਕਰਨੈਲ ਚੰਦ, ਓਮ ਪ੍ਰਕਾਸ਼, ਪੀਏ ਲਵ ਆਦਿ ਵੀ ਹਾਜ਼ਰ ਸਨ।

## ਅਹਿਮਦੀਆ ਮੁਸਲਿਮ ਜਮਾਤ ਵੱਲੋਂ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਹਾੜੇ ਦੀ ਮੁਬਾਰਕਬਾਦ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਅਹਿਮਦੀਆ ਮੁਸਲਿਮ ਜਮਾਤ ਭਾਰਤ ਦੇ ਵੱਲੋਂ ਸਾਰੇ ਦੇਸ਼ਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਪੇਸ਼ ਹੈ।ਇਸ ਪਵਿੱਤਰ ਮੌਕੇ ਅਸੀਂ ਆਜ਼ਾਦੀ-ਏ-ਹਿੰਦ ਦੀ ਮੁਹਿਮ ਵਿਚ ਸ਼ਾਮਲ ਹੋਣ ਵਾਲੇ ਸਾਰੇ ਮੁਹੱਬਾਨ-ਏ-ਵਤਨ ਨੂੰ ਯਾਦ ਕਰਦੇ ਹਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦਰ ਦੀ ਨਜ਼ਰ ਨਾਲ ਵੇਖਦੇ ਹਾਂ, ਜਿਨ੍ਹਾਂ ਨੇ ਆਪਣੀਆਂ ਜਾਨਾਂ ਦਾ ਨਜ਼ਰਾਨਾ ਪੇਸ਼ ਕਰਦੇ ਹੋਏ ਸਾਡੀ ਨਸਲਾਂ ਨੂੰ ਆਜ਼ਾਦੀ ਦੀ ਫ਼ਿਜ਼ਾ ਵਿੱਚ ਸਾਹ ਲੈਣ ਦਾ ਮੌਕਾ ਦਿੱਤਾ।ਹਿੰਦੁਸਤਾਨ ਇੱਕ ਜਮਹੂਰੀ ਦੇਸ਼ ਹੈ, ਇਸ ਮੁਲਕ ਦਾ ਹਰ ਸ਼ਹਿਰੀ ਇਸ ਮੁਲਕ ਦੀ ਤਰੱਕੀ ਵਿਚ ਬਰਾਬਰ ਸ਼ਰੀਕ ਹੁੰਦਾ ਹੈ।ਆਜ਼ਾਦੀ ਦਾ ਇਹ ਮੌਕਾ ਧਿਆਨ ਦਿਵਾਉਂਦਾ ਹੈ ਕਿ ਸਾਡੇ ਆਪਣੇ ਦੇਸ਼ ਅਤੇ ਇਸ ਦੇਸ਼ ਦੇ ਲੋਕਾਂ ਦੇ ਪ੍ਰਤੀ ਵੀ ਕੁਝ ਹੱਕ ਹਨ। ਬਾਨੀ ਏ ਜਮਾਤ ਅਹਿਮਦੀਆ ਹਜ਼ਰਤ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਨੀ ਅਲੈਹਸਲਾਮ ਆਪਣੇ ਦੇਸ਼ਵਾਸੀਆਂ ਨੂੰ ਆਪਸੀ ਹਮਦਰਦੀ ਦੇ ਸਬੰਧ ਵਿੱਚ ਨਸੀਹਤ ਫ਼ਰਮਾਉਂਦੇ ਬਿਆਨ ਕਰਦੇ ਹਨ ਕਿ ਐ ਹਮਵਤਨੋ, ਉਹ ਦੀਨ ਦੀਨ ਨਹੀਂ ਜਿਸ ਵਿੱਚ ਆਮ ਹਮਦਰਦੀ ਦੀ ਸਿੱਖਿਆ ਨਾ ਹੋਵੇ, ਨਾ ਉਹ ਇਨਸਾਨ ਇਨਸਾਨ ਹੈ, ਜਿਸ ਵਿਚ ਹਮਦਰਦੀ ਦਾ ਮਾਦਾ ਨਾ ਹੋਵੇ। ਸਾਡੇ ਖ਼ੁਦਾ ਨੇ ਕਿਸੇ ਕੌਮ ਨਾਲ ਫ਼ਰਕ ਨਹੀਂ ਕੀਤਾ। ਅਹਿਮਦੀਆ ਮੁਸਲਿਮ ਜਮਾਤ ਭਾਰਤ ਇਸ ਮੌਕੇ ਇਹ ਦੁਆ ਕਰਦੀ ਹੈ ਕਿ ਅੱਲ੍ਹਾ ਤਾਲਾ ਸਾਡੇ ਵਤਨੇ ਅਜ਼ੀਜ਼ ਭਾਰਤ ਨੂੰ ਅਮਨ ਦਾ ਗਹਿਵਾਰਾ ਬਣਾ ਦੇਵੇ ਅਤੇ ਇਸ ਨੂੰ ਅਜ਼ੀਮ ਤਰੱਕੀਆਂ ਤੋਂ ਨਿਵਾਜੇ। ਆਮੀਨ!

## ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਆਧਾਰ 'ਤੇ ਬੰਦੀ ਸਿੰਘ ਤੁਰੰਤ ਰਿਹਾਅ ਕੀਤੇ ਜਾਣ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਪਰੀਮ ਕੋਰਟ ਵੱਲੋਂ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿੱਚ ਰੱਖਣ ਵਿਰੁੱਧ ਦਿੱਤੇ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਜ਼ਾ ਪੂਰੀ ਕਰਨ ਵਾਲੇ ਕੈਦੀਆਂ ਨੂੰ ਰਿਹਾਅ ਕਰਨ ਦੇ ਨਿਰਦੇਸ਼ ਮਾਨਵੀ ਅਧਿਕਾਰਾਂ ਦੀ ਤਰਜਮਾਨੀ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਫੈਸਲੇ ਦੀ ਰੌਸ਼ਨੀ ਵਿੱਚ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਕਿਉਂਕਿ ਇਨ੍ਹਾਂ ਨੇ ਉਮਰ ਕੈਦ ਤੋਂ ਵੀ ਦੁੱਗਣੀਆਂ ਸਜ਼ਾਵਾਂ ਭੁਗਤ ਲਈਆਂ ਹਨ।

## ਸੂਬਾ ਸਰਕਾਰ ਨੇ ਹੁਣ ਤੱਕ ਨੌਜਵਾਨਾਂ ਨੂੰ 55,000 ਸਰਕਾਰੀ ਨੌਕਰੀਆਂ ਦਿੱਤੀਆਂ: ਡਾ. ਅਮਰਪਾਲ ਸਿੰਘ

ਬਟਾਲਾ (ਡਾ. ਮਲਵਿੰਦਰ ਸਿੰਘ)-ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲ ਸੂਬਾ ਸਰਕਾਰ ਨੇ ਹੁਣ ਤੱਕ ਨੌਜਵਾਨਾਂ ਨੂੰ ਲਗਭਗ 55,000 ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨੌਕਰੀਆਂ ਪੂਰੀ ਯੋਗਤਾ ਦੇ ਆਧਾਰ 'ਤੇ ਬਿਨਾਂ ਕਿਸੇ ਸਿਫਾਰਸ਼ ਅਤੇ ਰਿਸ਼ਵਤ ਦੇ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਲੋਕਾਂ ਨਾਲ ਗੱਲ ਕਰਦਿਆਂ ਕਿਹਾ ਕਿ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਸਾਫ਼-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਬੀਤੇ ਦਿਨੀਂ ਭਰਤੀ ਕੀਤੇ ਗਏ 504 ਪਟਵਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਹਨ ਅਤੇ ਸਰਕਾਰ ਵੱਲੋਂ ਲਗਾਤਾਰ ਪਾਰਦਰਸ਼ੀ ਢੰਗ ਨਾਲ ਵੱਖ-ਵੱਖ ਵਿਭਾਗਾਂ ਵਿੱਚ ਨਿਯੁਕਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਸੂਬੇ ਦੀ ਸੇਵਾ ਦਾ ਮੌਕਾ ਦੇਣ ਲਈ ਪਟਵਾਰੀਆਂ ਦੀਆਂ ਹੋਰ ਆਸਾਮੀਆਂ ਉਤੇ ਵੀ ਛੇਤੀ ਭਰਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦੀ ਅਲਾਮਤ ਦਾ ਖ਼ਾਤਮਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤਾਂ ਜੋ ਲੋਕਾਂ ਦੀ ਭਲਾਈ ਲਈ ਪਾਰਦਰਸ਼ੀ ਤੇ ਕਾਰਜਕੁਸ਼ਲ ਪ੍ਰਸ਼ਾਸਨਿਕ ਢਾਂਚਾ ਯਕੀਨੀ ਬਣਾਇਆ ਜਾ ਸਕੇ।



## ਚੇਅਰਮੈਨ ਬਹਿਲ ਨੇ ਮਰਹੂਮ ਰਣਦੀਪ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਦਾ ਚੈੱਕ ਸੌਂਪਿਆ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪਿੰਡ ਬੱਬੇਹਾਲੀ ਦੇ ਨੌਜਵਾਨ ਮਰਹੂਮ ਰਣਦੀਪ ਸਿੰਘ ਰਾਣਾ ਜਿਸ ਦੀ ਬੀਤੀ 5 ਜੂਨ ਨੂੰ ਮੌਤ ਹੋ ਗਈ ਸੀ, ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਢਾਰਸ ਦੇਣ ਲਈ ਪੰਜਾਬ ਸਰਕਾਰ ਅੱਗੇ ਆਈ ਹੈ।ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀ ਕੋਸ਼ਿਸ਼ ਸਦਕਾ ਪੰਜਾਬ ਸਰਕਾਰ ਵੱਲੋਂ ਮਰਹੂਮ ਰਣਦੀਪ ਸਿੰਘ ਰਾਣਾ ਦੇ ਪਿਤਾ ਕਰਨੈਲ ਸਿੰਘ ਨੂੰ ਮੁੱਖ ਮੰਤਰੀ ਰਾਹਤ ਫ਼ੰਡ ਵਿਚੋਂ 2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਹੈ।2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਚੇਅਰਮੈਨ ਬਹਿਲ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਹਾਜ਼ਰੀ ਵਿੱਚ ਪੀੜ੍ਹਤ ਪਰਿਵਾਰ ਨੂੰ ਭੇਟ ਕੀਤਾ ਗਿਆ।ਕੁਝ ਸਮਾਜਿਕ ਜਥੇਬੰਦੀਆਂ ਵੱਲੋਂ ਪੀੜ੍ਹਤ ਪਰਿਵਾਰ ਲਈ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਬੱਬਰੀ ਬਾਈਪਾਸ ਵਿਖੇ ਧਰਨਾ ਲਗਾਇਆ ਗਿਆ ਸੀ। ਉਨ੍ਹਾਂ ਪੀੜ੍ਹਤ ਪਰਵਾਰ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਮਦਦ ਦਿਵਾਉਣ ਦਾ ਭਰੋਸਾ ਦਿਵਾਇਆ ਸੀ।



ਚੇਅਰਮੈਨ ਬਹਿਲ ਨੇ ਕਿਹਾ ਕਿ ਔਖੀ ਘੜੀ ਵਿੱਚ ਕਿਸੇ ਨਾਲ ਖੜੇ ਹੋਣਾ ਸਾਡਾ ਇਖ਼ਲਾਕੀ ਫ਼ਰਜ਼ ਹੈ।ਉਨ੍ਹਾਂ ਕਿਹਾ ਕਿ ਉਹ ਆਪਣਾ ਇਨਸਾਨੀ ਫ਼ਰਜ਼ ਸਮਝਦੇ ਹੋਏ ਹਮੇਸ਼ਾ ਇਸ ਪੀੜ੍ਹਤ ਪਰਿਵਾਰ ਦੇ ਨਾਲ ਖੜ੍ਹੇ ਹਨ।

## ਬਿਜਲੀ ਮੁਲਾਜ਼ਮ ਅੱਜ ਵੀ ਸਮੂਹਿਕ ਛੁੱਟੀ 'ਤੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਵਿੱਚ ਸਮੂਹ ਸਟਾਫ ਵੱਲੋਂ ਜੁਆਇਟ ਫੋਰਮ ਅਤੇ ਸਮੂਹ ਮੁਲਾਜ਼ਮ ਏਕਤਾ ਮੰਚ ਦੇ ਫੈਸਲੇ ਅਨੁਸਾਰ 14 ਅਤੇ 15 ਅਗਸਤ ਦੀ ਦੋ ਦਿਨ ਦੀ ਸਮੂਹਿਕ ਛੁੱਟੀ ਵਧਾਈ ਗਈ ਅਤੇ ਰੋਸ ਰੈਲੀ ਕੀਤੀ ਗਈ। ਇਸ ਰੋਸ ਰੈਲੀ ਵਿੱਚ ਮੰਡਲ ਪ੍ਰਧਾਨ ਰਾਜੇਸ਼ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਬੋਰਡ ਦੀ ਮੈਨੇਜਮੈਂਟ ਵੱਲੋਂ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆ ਜਾ ਰਹੀਆ। ਜੇਕਰ ਮੈਨੇਜਮੈਂਟ ਦਾ ਅੜੀਅਲ ਵਤੀਰਾ ਇਸੇ ਤਰ੍ਹਾਂ ਰਿਹਾ ਤਾਂ ਆਉਣ ਵਾਲੇ ਦਿਨਾਂ ਵਿੱਚ ਮੁਲਾਜ਼ਮਾਂ ਵੱਲੋਂ ਸੰਘਰਸ ਹੋਰ ਤੇਜ਼ ਕੀਤਾ ਜਾਵੇਗਾ ਅਤੇ ਸਮੂਹਿਕ ਛੁੱਟੀ ਹੋਰ ਲੰਬੀ ਭਰੀ ਜਾਵੇਗੀ। ਇਸ ਮੌਕੇ ਗੁਰਬਿੰਦਰਜੀਤ ਸਿੰਘ, ਸਤਨਾਮ ਸਿੰਘ, ਰੋਹਿਤ ਸਰਨਾ, ਅਸ਼ਵਨੀ ਕੁਮਾਰ, ਰਣਜੀਤ ਸਿੰਘ ,ਚਰਨਜੀਤ ਸਿਘ, ਸੁਰਿੰਦਰ ਮਸੀਹ, ਜਸਵੰਤ ਸਿੰਘ, ਮਨਜਿੰਦਰ ਸਿੰਘ ਆਦਿ ਹਾਜ਼ਰ ਸਨ।



## ਸਿਹਤ ਕੇਂਦਰ 'ਚ ਨਸ਼ਾ ਮੁਕਤੀ ਖਿਲਾਫ ਕਰਵਾਇਆ ਜਾਗਰੂਕਤਾ ਪ੍ਰੋਗਰਾਮ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਹਰ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੜੀ ਵਿੱਚ ਨਸ਼ਾ ਮੁਕਤ ਭਾਰਤ ਅਭਿਆਨ ਸਕੀਮ ਦੀ ਪੰਜਵੀਂ ਵਰ੍ਹੇਗੰਢ ਦੇ ਤਹਿਤ ਸਿਵਲ ਸਰਜਨ ਗੁਰਦਾਸਪੁਰ ਤੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਕਮਿਊਨਿਟੀ ਸਿਹਤ ਕੇਂਦਰ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਵਰਿੰਦਰ ਮੋਹਨ ਦੀ ਯੋਗ ਅਗਵਾਈ ਵਿੱਚ ਸਿਹਤ ਕੇਂਦਰ ਵਿੱਚ ਤੰਬਾਕੂ ਕੰਟਰੋਲ ਅਤੇ ਨੋਡਲ ਅਫਸਰ ਡਾ. ਇੰਦਰਜੀਤ ਸਿੰਘ ਰਾਣਾ ਵੱਲੋਂ 'ਨਸ਼ਾ ਮੁਕਤੀ ਦੇ ਖਿਲਾਫ ਜਾਗਰੂਕਤਾ ਪ੍ਰੋਗਰਾਮ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਸੁਸੀਲ ਕੁਮਾਰ, ਡਾ. ਮੋਹਿਤ ਕਾਟਲ, ਡਾਕਟਰ ਸੁਖਵਿੰਦਰ ਕੁਮਾਰ, ਫਾਰਮਾਸਿਸਟ ਨਿਰਮਲ ਸਤਵੰਤੀ, ਫਾਰਮਾਸਿਸਟ ਮਨਿੰਦਰ ਸਿੰਘ, ਸਟਾਫ ਨਰਸ ਨਵਜੀਤ ਕੌਰ ਤੇ ਵਰਿੰਦਰ ਕੌਰ, ਲੈਬ ਟੈਕਨੀਸੀਅਨ ਅਨੀਤਾ, ਸਾਹਿਬ ਸਿੰਘ, ਏਐਨਐਮ ਬਲਵਿੰਦਰ ਕੌਰ, ਹੋਮਿਓਪੈਥੀ ਡਿਸਪੈਂਸਰ ਭਾਰਤ ਭੂਸਣ, ਦਾਨਿਸ਼ ਕੁਮਾਰ ਆਦਿ ਹਾਜ਼ਰ ਸਨ



## ਬਿਜ਼ਨੈੱਸ ਬਲਾਸਟਰ ਵਿਸ਼ੇ 'ਤੇ ਲੱਗਾ ਦੋ ਰੋਜ਼ਾ ਸੈਮੀਨਾਰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਆਦੇਸ਼ਾਂ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਵਿਖੇ ਬਿਜ਼ਨੈੱਸ ਬਲਾਸਟਰ ਦੀ ਦੋ ਰੋਜ਼ਾ ਵਰਕਸ਼ਾਪ ਪ੍ਰਿੰ. ਮਨਦੀਪ ਕੌਰ ਦੀ ਅਗਵਾਈ ਹੇਠ ਕਰਵਾਈ ਗਈ।ਸੈਮੀਨਾਰ ਦੇ ਪਹਿਲੇ ਦਿਨ ਜ਼ਿਲ੍ਹਾ ਕੋਆਰਡੀਨੇਟਰ ਅਮਰਜੀਤ ਸਿੰਘ ਪੁਰੇਵਾਲ ਨੇ ਡੇਰਾ ਬਾਬਾ ਨਾਨਕ ਸਕੂਲ ਦਾ ਦੌਰਾ ਕੀਤਾ ਅਤੇ ਸੈਮੀਨਾਰ ਵਿੱਚ ਹਾਜ਼ਰ ਅਧਿਆਪਕਾਂ ਨੂੰ ਬਿਜ਼ਨੈੱਸ ਬਲਾਸਟਰ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ।ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਮੰਤਵ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਨੌਕਰੀ ਮੰਗਣ ਦੀ ਬਜਾਏ ਨੌਕਰੀ ਦੇਣ ਵਾਲਾ ਬਣਾਉਣਾ ਹੈ ਅਤੇ ਹਰ ਚੁਣੇ ਹੋਏ ਵਿਦਿਆਰਥੀ ਨੂੰ ਆਪਣਾ ਆਈਡੀਆ ਵਿਕਸਿਤ ਕਰਨ ਲਈ 2000 ਸੀਡ ਮਨੀ ਪ੍ਰਦਾਨ ਕੀਤੀ ਜਾਂਦੀ ਹੈ । ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਉਦਯੋਗਪਤੀ ਬਣਾਉਣਾ ਹੈ ਅਤੇ ਰਾਜ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ।ਇਸ ਸੈਮੀਨਾਰ ਵਿੱਚ ਬਲਾਕ ਡੇਰਾ ਬਾਬਾ ਨਾਨਕ -1, ਬਲਾਕ ਡੇਰਾ ਬਾਬਾ ਨਾਨਕ -2 ਅਤੇ ਬਲਾਕ ਕਲਾਨੌਰ ਦੇ ਅਧਿਆਪਕਾਂ ਨੇ ਹਿੱਸਾ ਲਿਆ ।ਇਸ ਪ੍ਰੋਗਰਾਮ ਦੀ ਸਿਖਲਾਈ ਮਾਸਟਰ ਟ੍ਰੇਨਰ ਰਮੇਸ਼ ਅਵੱਸਥੀ, ਮਾਸਟਰ ਅਰੁਣ ਕੁਮਾਰ ਅਤੇ ਮਾਸਟਰ ਗੋਪਾਲ ਕ੍ਰਿਸ਼ਨ ਦੁਆਰਾ ਦਿੱਤੀ ਗਈ।

## ਨਵੇਂ ਸੈਸ਼ਨ ਦੇ ਵਿਦਿਆਰਥੀਆਂ ਲਈ ਕਾਲਜ 'ਚ ਜਾਗਰੂਕਤਾ ਸੈਮੀਨਾਰ ਕਰਵਾਇਆ

ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਬੀਤੇ ਦਿਨੀਂ ਗੁਰੂ ਨਾਨਕ ਸਰਕਾਰੀ ਕਾਲਜ, ਕਾਲਾ ਅਫ਼ਗਾਨਾ (ਗੁਰਦਾਸਪੁਰ), ਜੋ ਕਿ ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦਾ ਸੰਵਿਧਾਨਿਕ ਕਾਲਜ ਹੈ, ਵਿਖੇ ਕਾਲਜ ਪ੍ਰਿੰਸੀਪਲ/ਇੰਚਾਰਜ ਅਮਨਦੀਪ ਕੌਰ ਦੀ ਅਗਵਾਈ ਵਿਚ ਡਾ. ਬੀ. ਆਰ. ਅੰਬੇਡਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਨਾਲ ਸਬੰਧਿਤ ਇਕ ਰੋਜ਼ਾ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਉਨ੍ਹਾਂ ਨੇ ਨਵੇਂ ਸੈਸ਼ਨ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸਰਕਾਰ ਦੁਆਰੇ ਦਿੱਤੇ ਜਾਂਦੇ ਵੱਖ-ਵੱਖ ਵਜ਼ੀਫ਼ਿਆਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਦਸਿਆ ਕਿ ਸਰਕਾਰ ਦੀਆਂ ਅਜਿਹੀਆਂ ਸਕਾਲਰਸ਼ਿਪਾਂ ਕਰਕੇ ਘੱਟ ਆਮਦਨ ਵਾਲੇ ਲੋੜਵੰਦ ਵਿਦਿਆਰਥੀਆਂ ਨੂੰ ਵੀ ਪੜ੍ਹਨ ਦਾ ਮੌਕਾ ਮਿਲਦਾ ਹੈ।ਸੋ ਸੰਬਧਿਤ ਵਿਦਿਆਰਥੀਆਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਅਤੇ ਹੋਰਾਂ ਨੂੰ ਵੀ ਸੁਚੇਤ ਕਰਨਾ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਨੇ ਨਵੇਂ ਸ਼ੁਰੂ ਕੀਤੇ ਕੋਰਸ ਬੀਪੀਈਐਸ ਦੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਵੱਧ ਚੜ੍ਹ ਕੇ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਸੈਮੀਨਾਰ ਦੌਰਾਨ ਸਕਾਲਰਸ਼ਿਪ ਦੇ ਨੋਡਲ ਅਫ਼ਸਰ ਡਾ. ਅਸ਼ਵਨੀ ਕੁਮਾਰ ਨੇ ਵਿਦਿਆਰਥੀਆਂ ਨੂੰ ਡਾ. ਬੀ. ਆਰ. ਅੰਬੇਡਕਰ ਪੋਰਟਲ ਉਪਰ ਫਰੀਸ਼ਿਪ ਕਾਰਡ, ਸਕਲਾਰਸ਼ਿਪ ਫਾਰਮ, ਵਿਦਿਆਰਥੀ ਦੀ ਅੰਡਰਟੇਕਿੰਗ, ਬੈਂਕ ਖਾਤੇ ਦੀ ਸੀਡਿੰਗ ਅਤੇ ਹੋਰ ਜ਼ਰੂਰੀ ਦਸਤਾਵੇਜ਼ਾਂ ਬਾਰੇ ਜਾਣਕਾਰੀ ਦਿੱਤੀ ਗਈ



## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀ ਥੀਏਟਰ ਗਰੁੱਪ ਮੁਕਾਬਲੇ 'ਚ ਜੇਤੂ ਰਹੇ




ਤਰਨ ਤਾਰਨ (ਪ੍ਰਿਤਪਾਲ ਸਿੰਘ)-ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਰੇਕ ਜ਼ਿਲ੍ਹੇ ਵਿੱਚ ਕਲਾ ਉਤਸਵ ਤਹਿਤ ਬਹੁਤ ਸਾਰੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਕਈ ਵੰਨਗੀਆਂ ਦੇ ਮੁਕਾਬਲੇ ਸਨ, ਜੋ ਵਿਦਿਆਰਥੀਆਂ ਦੀ ਸੁਹਜ ਕਲਾ ਨੂੰ ਨਿਖਾਰਨ ਲਈ, ਸੰਗੀਤ ਦੇ ਗਾਇਨ, ਵਾਦਨ ਅਤੇ ਨਾਚ ਆਦਿਕ ਕਲਾਵਾਂ ਦੀ ਪੇਸ਼ਕਾਰੀ ਅਤੇ ਰੰਗ ਮੰਚ ਦੀ ਨਾਟਕ ਵਿਧਾ ਨਾਲ ਵੀ ਸੰਬੰਧਿਤ ਸਨ। ਜ਼ਿਲ੍ਹਾ ਤਰਨ ਤਾਰਨ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਡੋਰੀ ਗੋਲਾ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹੇ ਦੇ ਹਰੇਕ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਰੰਗ ਮੰਚ ਦੀ ਨਾਟਕ ਵਿਧਾ ਵਿੱਚ ਭਾਗ ਲਿਆ ਅਤੇ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੀ ਸੰਸਥਾ ਦਾ ਮਾਣ ਵਧਾਇਆ ਹੈ। ਇਸ ਸ਼ਾਨਦਾਰ ਪ੍ਰਾਪਤੀ ਤੋਂ ਖੁਸ਼ ਹੁੰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਨਾਟਕ ਤਿਆਰ ਕਰਵਾਉਣ ਵਾਲੇ ਅਧਿਆਪਕ ਅਤੇ ਨਾਟਕ ਖੇਡਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਹੋਰ ਮਿਹਨਤ ਨਾਲ ਅਗਾਂਹ ਆਉਣ ਵਾਲੇ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈ ਕੇ ਉੱਤਮ ਦਰਜੇ ਦੇ ਪ੍ਰਦਰਸ਼ਨ ਕਰਨ ਲਈ ਲਈ ਪ੍ਰੇਰਿਤ ਕੀਤਾ।

## ਨਰਸਿੰਗ ਸਕੂਲ ਗੁਰਦਾਸਪੁਰ ਵਿਖੇ ਲੱਗਿਆ ਤੀਆਂ ਦਾ ਮੇਲਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੌਰਮਿੰਟ ਸਕੂਲ ਆਫ ਨਰਸਿੰਗ ਗੁਰਦਾਸਪੁਰ ਵਿਖੇ ਸਾਉਣ ਮਹੀਨੇ ਨੂੰ ਮੁੱਖ ਰੱਖਦਿਆਂ ਤੀਆਂ ਦੇ ਤਿਉਹਾਰ ਦੇ ਦੇ ਸੰਬੰਧ ਵਿਚ ਇੱਕ ਵਿਸ਼ੇਸ ਪ੍ਰੋਗ੍ਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਨਰਸਿੰਗ ਸਕੂਲ ਦੀਆਂ ਜੀਐੱਨਐੱਮ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ।ਇਸ ਮੌਕੇ ਡਾ : ਜਸਵਿੰਦਰ ਸਿੰਘ, ਸਿਵਲ ਸਰਜਨ ਗੁਰਦਾਸਪੁਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਜਦੋਂਕਿ ਡਾ: ਪ੍ਰਭਜੋਤ ਕਲਸੀ, ਸਹਾਇਕ ਸਿਵਲ ਸਰਜਨ ਤੇ ਡਾ: ਤਜਿੰਦਰ ਕੌਰ ਜਿਲਾ ਫੈਮਲੀ ਵੈਲਫੇਅਰ ਅਫਸਰ ਵਿਸ਼ੇਸ਼ ਰੂਪ ਵਿੱਚ ਹਾਜ਼ਰ ਸਨ ।ਪ੍ਰਿੰ. ਪਰਮਜੀਤ ਕੌਰ ਪੁਰੇਵਾਲ ਅਤੇ ਸਮੂਹ ਸਟਾਫ ਵੱਲੋਂ ਸਿਵਲ ਸਰਜਨ ਤੇ ਸਮੂਹ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਗਿਆ ।ਪ੍ਰੋਗ੍ਰਾਮ ਦੀ ਪ੍ਰਧਾਨਗੀ ਕਰਦਿਆਂ ਸਕੂਲ ਪ੍ਰਿੰ. ਮੈਡਮ ਪਰਮਜੀਤ ਕੌਰ ਪੁਰੇਵਾਲ ਨੇ ਦੱਸਿਆ ਕਿ ਤੀਆਂ ਦੇ ਤਿਉਹਾਰ ਧੀਆਂ ਦਾ ਤਿਉਹਾਰ ਹੈ ਜਿਸ ਕਰਕੇ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ ਨਾਲ ਉਹਨਾਂ ਨੂੰ ਅਜਿਹੇ ਤਿਉਹਾਰਾਂ ਵਿੱਚ ਸ਼ਾਮਲ ਹੋਣ ਦਾ ਵਿਸ਼ੇਸ ਮੌਕਾ ਪ੍ਰਦਾਨ ਕੀਤਾ ਗਿਆ ।ਉਨ੍ਹਾਂ ਦੱਸਿਆ ਕਿ ਇਸ ਮੌਕੇ ਵਿਚ ਵਿਦਿਆਰਥਣਾਂ ਦੇ ਮਹਿੰਦੀ, ਵਾਲ ਹੈਂਗਿੰਗ, ਛੱਜ ਦੀ ਸਜਾਵਟ, ਘੜੇ ਦੀ ਪੇਂਟਿੰਗ ਆਦਿ ਮੁੱਖ ਮੁਕਾਬਲੇ ਕਰਵਾਏ ਗਏ ।ਇਨ੍ਹਾਂ ਮੁਕਾਬਲਿਆਂ ਵਿੱਚੋ ਮੁਸਕਾਨ, ਮਹਿਕਪ੍ਰੀਤ, ਨਿਮਰਤਾ ਅਤੇ ਪ੍ਰਿਆ ਆਦਿ ਜੇਤੂ ਰਹੀਆਂ ।ਇਸ ਮੌਕੇ ਮਿਸ ਤੀਜ ਮੁਕਾਬਲਿਆਂ ਵਿੱਚੋਂ ਮਿਸ ਤਾਨੀਆ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂਕਿ ਮਿਸ ਮਹਿਕਪ੍ਰੀਤ ਕੌਰ ਰਨਰ ਅਪ ਰਹੀ ਜਿਨ੍ਹਾਂ ਨੂੰ ਸੱਗੀ ਫੁੱਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ ।ਸਿਵਲ ਸਰਜਨ ਗੁਰਦਾਸਪੁਰ ਨੇ ਵਿਦਿਆਰਥਣਾਂ ਨੂੰ ਪੂਰੀ ਤਿਆਰੀ ਅਤੇ ਉਤਸ਼ਾਹ ਨਾਲ ਭਾਗ ਲੈਣ ਲਈ ਵਧਾਈ ਦਿੱਤੀ ।ਇਸ ਮੌਕੇ ਮੌਕੇ ਮੈਡਮ ਨਿਰਮਲ ਕੌਰ, ਸ਼ਿਵਾਨੀ, ਸੁਮਨ, ਮਨਿੰਦਰ ਕੌਰ, ਹਰਵਿੰਦਰ ਕੌਰ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ ।



## ਰਿਆੜਕੀ ਪਬਲਿਕ ਸਕੂਲ ਦੇ ਖਿਡਾਰੀਆਂ ਦਾ ਜ਼ੋਨਲ ਖੇਡਾਂ 'ਚ ਕਮਾਲ

### * ਖੋਖੋ, ਵਾਲੀਬਾਲ, ਗਤਕਾ, ਰੱਸਾਕਸ਼ੀ ਤੇ ਕਰਾਟੇ 'ਚ ਗੋਲਡ ਮੈਡਲਾਂ ਦੀ ਲਾਈ ਝੜੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਰਿਆੜਕੀ ਪਬਲਿਕ ਸਕੂਲ (ਆਰਪੀਐਸ) ਤੁਗਲਵਾਲਾ ਦੇ ਖਿਡਾਰੀਆਂ ਨੇ ਜ਼ੋਨ ਦੀਆਂ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲਾਂ ਦੀ ਝੜੀ ਲਾ ਦਿੱਤੀ। ਸਕੂਲ ਦੀਆਂ ਟੀਮਾਂ ਨੇ ਖੋਖੋ, ਵਾਲੀਬਾਲ, ਗਤਕਾ, ਰੱਸਾਕਸ਼ੀ ਅਤੇ ਕਰਾਟੇ ਦੇ ਮੁਕਾਬਲਿਆਂ ਵਿੱਚ ਗੋਲਡ, ਸਿਲਵਰ ਅਤੇ ਬ੍ਰੌਂਜ਼ ਮੈਡਲ ਜਿੱਤ ਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਸਕੂਲ ਦੇ ਡਾਇਰੈਕਟਰ ਪ੍ਰਿੰ. ਮਨਪ੍ਰੀਤ ਕੌਰ ਵਿਰਕ ਅਤੇ ਪ੍ਰਿੰ. ਇੰਦਰਜੀਤ ਕੌਰ ਨੇ ਦੱਸਿਆ ਕਿ ਸਕੂਲ ਖੇਡ ਵਿਭਾਗ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਨੇ ਬੇਮਿਸਾਲ ਪ੍ਰਦਰਸ਼ਨ ਕੀਤਾ। ਵਿਸ਼ਾਲੀ ਦੀ ਕਪਤਾਨੀ ਹੇਠ ਲੜਕੀਆਂ ਦੀ ਖੋਖੋ ਟੀਮ (ਅੰਡਰ-17), ਸਹਿਜਪ੍ਰੀਤ ਸਿੰਘ ਦੀ ਅਗਵਾਈ ਹੇਠ ਲੜਕਿਆਂ ਦੀ ਵਾਲੀਬਾਲ ਟੀਮ (ਅੰਡਰ-17), ਗਤਕਾ ਟੀਮ ਅਤੇ ਰੱਸਾਕਸ਼ੀ (ਅੰਡਰ-14) ਵਿੱਚ ਲੜਕਿਆਂ ਤੇ ਲੜਕੀਆਂ ਦੀਆਂ ਟੀਮਾਂ ਨੇ ਗੋਲਡ ਮੈਡਲ ਹਾਸਲ ਕੀਤੇ।ਕਰਾਟੇ (ਅੰਡਰ-14)—ਗੁਰਬੀਰ ਸਿੰਘ, ਸਿਮਰਜੀਤ ਕੌਰ, ਸਵਰੀਤ ਕੌਰ ਨੇ ਗੋਲਡ ਜਿੱਤਿਆ; ਮਨਮੀਤ ਕੌਰ, ਗੁਰਲੀਨ ਕੌਰ, ਅਰਮਾਨਦੀਪ ਸਿੰਘ, ਏਕਮ ਪ੍ਰੀਤ ਕੌਰ, ਵਰਦਾਨ ਨੇ ਸਿਲਵਰ ਜਿੱਤਿਆ; ਜਦਕਿ ਸ਼ੁਨਾਕਸ਼ੀ ਸ਼ਰਮਾ ਨੇ ਬ੍ਰੌਂਜ਼ ਮੈਡਲ ਹਾਸਲ ਕੀਤਾ।ਰੱਸਾਕਸ਼ੀ (ਅੰਡਰ-14 ਲੜਕੀਆਂ)—ਅਨੰਦਪਾਲ ਕੌਰ, ਹਰਜੀਤ ਕੌਰ, ਅਨਹਦਪ੍ਰੀਤ ਕੌਰ, ਸੁਖਮਨਪ੍ਰੀਤ ਕੌਰ, ਸੀਰਤਪ੍ਰੀਤ ਕੌਰ, ਭਵਨੀਤ ਕੌਰ, ਮਹਿਕਦੀਪ ਕੌਰ, ਹਰਪ੍ਰੀਤ ਕੌਰ, ਹਰਮਨਪ੍ਰੀਤ ਕੌਰ ਨੇ ਗੋਲਡ ਮੈਡਲ ਜਿੱਤੇ।ਰੱਸਾਕਸ਼ੀ (ਅੰਡਰ-14 ਲੜਕੇ)—ਮਨਰਾਜ ਸਿੰਘ, ਹਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਜਸਨੂਰ ਸਿੰਘ, ਏਕਮਜੀਤ ਸਿੰਘ, ਗੁਰਤਾਜ ਸਿੰਘ, ਗੁਰਪਿੰਦਰ ਸਿੰਘ, ਅਭੀਜੋਤ ਸਿੰਘ, ਕੁੰਵਰਪ੍ਰਤਾਪ ਸਿੰਘ, ਅੰਗਦਵੀਰ ਸਿੰਘ ਨੇ ਗੋਲਡ ਮੈਡਲ ਹਾਸਲ ਕੀਤੇ।ਖੋਖੋ (ਅੰਡਰ-17 ਲੜਕੀਆਂ)—ਰਸਲੀਨ ਕੌਰ, ਵਿਸ਼ਾਲੀ, ਜਸਨੀਤ ਕੌਰ, ਹਰਲੀਨ ਕੌਰ, ਸ਼ੁਭਨੀਤ ਕੌਰ, ਮਨਰੀਤ ਕੌਰ, ਜਸਮੀਤ ਕੌਰ, ਜਸਮੀਤ ਕੌਰ, ਨਵਨੀਤ ਕੌਰ, ਰਾਜਵੀਰ ਕੌਰ, ਨਵਰਾਜ ਕੌਰ, ਏਕਮ ਪ੍ਰੀਤ ਕੌਰ ਨੇ ਗੋਲਡ ਮੈਡਲ ਜਿੱਤੇ।ਗਤਕਾ (ਅੰਡਰ-14)—ਲੜਕੀਆਂ: ਹਰਪ੍ਰੀਤ ਕੌਰ, ਏਕਮਜੋਤ ਕੌਰ, ਮਨਜੀਤ ਕੌਰ, ਦਿਲਪ੍ਰੀਤ ਕੌਰ, ਜਪਨੂਰ ਕੌਰ ਨੇ ਗੋਲਡ ਜਿੱਤੇ। ਲੜਕੇ: ਮਨਰਾਜ ਸਿੰਘ, ਗੁਰਸ਼ਾਨ ਸਿੰਘ, ਹਰਨਿਵਾਜ ਸਿੰਘ, ਜੰਗਵੀਰ ਸਿੰਘ ਨੇ ਗੋਲਡ ਮੈਡਲ ਹਾਸਲ ਕੀਤੇ।ਗਤਕਾ (ਅੰਡਰ-17) ਜਰਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਮੰਨਤਪ੍ਰੀਤ ਸਿੰਘ, ਗੁਰਤਾਜ ਪ੍ਰੀਤ ਸਿੰਘ ਨੇ ਗੋਲਡ ਮੈਡਲ ਜਿੱਤੇ।ਵਾਲੀਬਾਲ (ਅੰਡਰ-17 ਲੜਕੇ)—ਭਾਰਤ ਸਮੈਰਾ, ਏਕਮਜੋਤ ਸਿੰਘ, ਸਹਿਜਪ੍ਰੀਤ ਸਿੰਘ, ਮਹਿਰਾਦੀਪ ਸਿੰਘ, ਸ਼ੁਭਰੀਤ ਸਿੰਘ, ਸ਼ਿਵਤਾਜ ਸਿੰਘ, ਗੁਰਵਿੰਦਰ ਸਿੰਘ, ਕਰਨਵੀਰ ਸਿੰਘ, ਕਰਨਵੀਰ ਸਿੰਘ, ਗੁਰਅੰਸ਼ ਪ੍ਰਤਾਪ ਸਿੰਘ ਨੇ ਗੋਲਡ ਮੈਡਲ ਜਿੱਤੇ।ਸਕੂਲ ਪਹੁੰਚਣ 'ਤੇ ਜੇਤੂ ਖਿਡਾਰੀਆਂ ਦਾ ਵਿਦਿਆਰਥੀ ਕੌਂਸਲ ਅਤੇ ਪ੍ਰਬੰਧਕਾਂ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਡੀਪੀ ਜਤਿੰਦਰ ਕੁਮਾਰ, ਡੀਪੀ ਰਾਜਵਿੰਦਰ ਕੌਰ, ਕੋਚ ਦਿਲਜੋਤ ਸਿੰਘ, ਕੋਚ ਰਮਾ ਅਤੇ ਸਾਰਾ ਸਟਾਫ ਮੌਜੂਦ ਸੀ।



## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ 'ਚ ਤੀਆਂ ਦਾ ਤਿਉਹਾਰ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਜੀ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਵਿਹੜੇ ਵਿੱਚ ਤੀਆਂ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਮੈਡਮ ਪਰਮਿੰਦਰ ਕੌਰ ਵੱਲੋਂ ਤੀਆਂ ਦੇ ਤਿਉਹਾਰ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਉਪਰੰਤ ਵਿਦਿਆਰਥੀਆਂ ਦੇ ਮਨੋਰੰਜਨ ਲਈ ਰੰਗਾ-ਰੰਗ ਪ੍ਰੋਗਰਾਮ ਜਿਵੇਂ ਗੀਤ, ਗਿੱਧਾ, ਐਕਸ਼ਨ ਸੌਂਗ ਆਦਿ ਪੇਸ਼ ਕੀਤੇ ਗਏ। ਅਧਿਆਪਕਾਂ ਅਤੇ ਬੱਚਿਆਂ ਨੇ ਖੀਰ ਪੂੜੇ ਖਾਣ ਦਾ ਖੂਬ ਆਨੰਦ ਮਾਣਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਤੀਆਂ ਦਾ ਤਿਉਹਾਰ ਮਨਾਉਂਦਿਆਂ ਵੱਧ ਤੋਂ ਵੱਧ ਆਪਣੇ ਵਿਰਸੇ ਨਾਲ ਜੁੜ ਕੇ ਆਪਣੇ ਸੱਭਿਆਚਾਰ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ।



## ਸਮਾਜ ਸੇਵੀ ਆੜ੍ਹਤੀਏ ਬਲਬੀਰ ਸਿੰਘ ਸਭਰਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਪੱਟੀ (ਸ਼ਮਸ਼ੇਰ ਸਿੰਘ ਯੋਧਾ) ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਦੇ ਸ਼ੋਸ਼ਲ ਮੀਡੀਆ ਇੰਚਾਰਜ ਮੋਹਿਤ ਅਰੋੜਾ ਪੱਟੀ ਨੇ ਇਲਾਕੇ ਦੇ ਪ੍ਰਸਿੱਧ ਆੜ੍ਹਤੀ ਅਤੇ ਸਮਾਜ ਸੇਵੀ ਮਾਸਟਰ ਬਲਬੀਰ ਸਿੰਘ ਸਭਰਾ ਵਾਲੇ ਜੋ ਕਿ ਪ੍ਰਮਾਤਮਾ ਵੱਲੋਂ ਆਪਣੇ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਨਾਲ ਪਿੰਡ ਸਭਰਾ ਜਾ ਕੇ ਉਨ੍ਹਾਂ ਦੇ ਬੇਟੇ ਅਮਨਦੀਪ ਸਿੰਘ ਲੱਕੀ ਅਤੇ ਨਵਦੀਪ ਸਿੰਘ ਲਾਲੀ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਮਾਸਟਰ ਬਲਬੀਰ ਸਿੰਘ ਜਿੱਥੇ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ ਉਥੇ ਉਹ ਨੇਕ ਦਿਲ ਇਨਸਾਨ ਵੀ ਸਨ ਅਤੇ ਹਰ ਲੋੜਵੰਦ ਦੀ ਸਹਾਇਤਾ ਕਰਨਾ ਉਹ ਆਪਣਾ ਫਰਜ਼ ਸਮਝਦੇ ਸਨ।ਉਹ ਸਰਬੱਤ ਦਾ ਭਲਾ, ਮਾਨਵਤਾ ਦੀ ਸੇਵਾ ਅਤੇ ਸਮਾਜਿਕ ਸਦਭਾਵਨਾ ਦੇ ਪ੍ਰਤੀਕ ਸਨ। ਇਸ ਮੌਕੇ ਕਲਰਕ ਮੰਗਲ ਸਿੰਘ, ਸਰਪੰਚ ਅਵਤਾਰ ਸਿੰਘ ਸਭਰਾ, ਮੈਂਬਰ ਰਣਜੀਤ ਸਿੰਘ ਰਾਣਾ, ਸ਼ਿੰਗਾਰ ਸਿੰਘ ਸਭਰਾ, ਸੁਖਰਾਜ ਸਿੰਘ ਲਾਡੀ, ਜਗਜੀਤ ਸਿੰਘ, ਐਡਵੋਕੇਟ ਮਨਦੀਪ ਸਿੰਘ ਭੁੱਲਰ ਪ੍ਰਧਾਨ ਲੀਗਲ ਸੈੱਲ, ਮੈਂਬਰ ਰਮਨ ਸਹਿਗਲ, ਜਸਬੀਰ ਸਿੰਘ, ਸੁੱਖ ਸਭਰਾ, ਚਾਨਣ ਸਿੰਘ, ਅਰੁਣ ਜੋਸ਼ੀ, ਦਵਿੰਦਰ ਕਾਕਾ, ਸਕੱਤਰ ਸਿੰਘ ਆਦਿ ਹਾਜ਼ਰ ਸਨ ।



## 'ਯੁੱਧ ਨਸ਼ੇ ਵਿਰੁੱਧ' ਮੁਹਿੰਮ 'ਚ ਸਾਥ ਲੈਣ ਲਈ ਜਨਰਲ ਡਿਊਟੀ ਡਾਕਟਰਾਂ ਨੂੰ ਦਿੱਤੀ ਸਿਖਲਾਈ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ,ਕਮਲੇਸ਼)-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੇ ਗਏ ਯੁੱਧ ਵਿੱਚ ਹਰੇਕ ਵਰਗ ਦਾ ਸਾਥ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਜਨਰਲ ਡਿਊਟੀ ਡਾਕਟਰਾਂ ਨੂੰ ਨਸ਼ੇ ਦੇ ਮਰੀਜ਼ਾਂ ਦਾ ਇਲਾਜ ਕਰਨ ਲਈ ਵਿਸ਼ੇਸ਼ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਗਈ।ਇਨ੍ਹਾਂ ਡਾਕਟਰਾਂ ਦਾ ਪਹਿਲਾ ਬੈਚ ਅੰਮ੍ਰਿਤਸਰ ਵਿੱਚ ਸਿੱਖਿਅਤ ਹੋਇਆ, ਜਿਸ ਨੂੰ ਸਿਹਤ ਮੰਤਰੀ ਬਲਬੀਰ ਸਿੰਘ ਨੇ ਸਰਟੀਫਿਕੇਟ ਦੇ ਕੇ ਆਸ਼ੀਰਵਾਦ ਦਿੱਤਾ।ਇਸ ਮੌਕੇ ਸੰਬੋਧਨ ਕਰਦੇ ਸਿਹਤ ਮੰਤਰੀ ਨੇ ਕਿਹਾ ਕਿ ਸਮਾਜ ਦੇ ਹਰੇਕ ਵਰਗ ਦੀ ਜ਼ਿੰਮੇਵਾਰੀ ਇਸ ਨਸ਼ੇ ਰੂਪੀ ਕੋਹੜ ਨੂੰ ਪੰਜਾਬ ਤੋਂ ਦੂਰ ਕਰਨ ਦੀ ਬਣਦੀ ਹੈ ਜਿਸ ਵਿੱਚ ਡਾਕਟਰਾਂ ਦੇ ਵੱਡੇ ਸਾਥ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਆਪਣੇ ਡਾਕਟਰਾਂ ਨੂੰ ਏਮਜ ਤੋਂ ਇਸ ਕੰਮ ਲਈ ਸਿੱਖਿਆ ਦਿਵਾ ਕੇ ਮਾਸਟਰ ਟਰੇਨਰ ਬਣਾਇਆ ਅਤੇ ਹੁਣ ਉਨ੍ਹਾਂ ਟਰੇਨਰਾਂ ਵੱਲੋਂ ਡਾਕਟਰਾਂ ਅਤੇ ਹੋਰ ਪੈਰਾਮੈਡੀਕਲ ਸਟਾਫ ਤੱਕ ਨੂੰ ਇਸ ਲਈ ਸਿਖਲਾਈ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਾਡੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਵਿੱਚ ਨਸ਼ਿਆਂ ਨੂੰ ਲੈ ਕੇ ਜਾਗਰੂਕਤਾ ਆਈ ਹੈ।ਲੋਕ ਸਾਨੂੰ ਅਤੇ ਪੁਲਿਸ ਨੂੰ ਸੂਚਨਾ ਦੇਣ ਲੱਗੇ ਹਨ ਅਤੇ ਨਸ਼ੇ ਦਾ ਇਲਾਜ ਕਰਵਾਉਣ ਲਈ ਵੀ ਅੱਗੇ ਆਉਣ ਲੱਗੇ ਹਨ।ਉਨ੍ਹਾਂ ਨੇ ਸਾਰੇ ਹਾਜ਼ਰੀਨ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਆਂਢ-ਗਵਾਂਢ ਜਾਂ ਪਿੰਡ ਸ਼ਹਿਰ ਵਿੱਚੋਂ ਘੱਟੋ-ਘੱਟ ਇੱਕ ਬੰਦੇ ਨੂੰ ਨਸ਼ਾ ਛਡਾਉਣ ਵਿੱਚ ਜ਼ਰੂਰ ਮਦਦ ਕਰਨ ਅਤੇ ਉਸਨੂੰ ਨਵੀਂ ਜ਼ਿੰਦਗੀ ਦੇਣ।



## ਜਿੱਜੇਆਣੀ 'ਚ ਪੰਚਾਇਤ ਨੇ ਤੀਆਂ ਦਾ ਤਿਉਹਾਰ ਮਨਾਇਆ

ਮਜੀਠਾ (ਸੋਇਮ ਆਨੰਦ)-ਬਲਾਕ ਮਜੀਠਾ ਦੇ ਪਿੰਡ ਜਿੱਜੇਆਣੀ ਵਿਖੇ ਆਪਣੇ ਸੱਭਿਆਚਾਰਕ ਵਿਰਸੇ ਨੂੰ ਜਿੰਦਾ ਰੱਖਣ ਲਈ ਪਿੰਡ ਦੇ ਸਰਪੰਚ ਸੁਖਪ੍ਰੀਤ ਕੌਰ ਵੱਲੋਂ ਪੰਚਾਇਤ ਤੇ ਪਤਵੰਤਿਆਂ ਦੇ ਸਹਿਯੋਗ ਨਾਲ ਸਾਵਨ ਮਹੀਨੇ ਨੂੰ ਸਮਰਪਿਤ ਤੀਆਂ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਪਿੰਡ ਦੀਆਂ ਮੁਟਿਆਰਾਂ ਅਤੇ ਔਰਤਾਂ ਅਤੇ ਬੱਚਿਆਂ ਵੱਲੋਂ ਸੱਭਿਆਚਾਰਕ ਬੋਲੀਆਂ ਨਾਲ ਗਿੱਧਾ ਪਾ ਕੇ ਪਿਛਲੀਆਂ ਰਵਾਇਤਾਂ ਨੂੰ ਅੱਗੇ ਤੋਰਦਿਆਂ ਰੰਗ ਬੰਨ੍ਹਿਆ ਗਿਆ ਅਤੇ ਢੋਲ ਦੇ ਡਗੇ ਦੀ ਤਾਲ ਤੇ ਭੰਗੜਾ ਵੀ ਪਾਇਆ ਗਿਆ।ਇਸ ਮੌਕੇ ਪੰਚਾਇਤ ਵੱਲੋਂ ਖੀਰ ਤੇ ਮਾਲ ਪੂੜਿਆਂ ਦਾ ਲੰਗਰ ਵੀ ਲਗਾਇਆ ਗਿਆ।ਇਸ ਮੌਕੇ ਸਰਪੰਚ ਸੁਖਪ੍ਰੀਤ ਕੌਰ ਵੱਲੋਂ ਸਾਵਨ ਮਹੀਨੇ ਵਿੱਚ ਚੱਲਣ ਵਾਲੇ ਤੀਆਂ ਦੇ ਤਿਉਹਾਰ ਤੋਂ ਜਾਣੂ ਕਰਵਾਇਆ।ਇਸ ਮੌਕੇ ਸਰਪੰਚ ਸੁਖਪ੍ਰੀਤ ਕੌਰ, ਦਿਲਬਾਗ ਸਿੰਘ, ਪੰਚ ਹਰਪਾਲ ਸਿੰਘ, ਪੰਚ ਗੋਪਾਲ ਸਿੰਘ, ਪੰਚ ਕਵਲਜੀਤ ਸਿੰਘ, ਪੰਚ ਕਸ਼ਮੀਰ ਕੌਰ, ਪੰਚ ਚਰਨਜੀਤ ਕੌਰ, ਪੰਚ ਕਸ਼ਮੀਰ ਕੌਰ ਸਮੇਤ ਪਿੰਡ ਦੇ ਪਤਵੰਤੇ ਹਾਜ਼ਰ ਸਨ।



## ਗੁਰੂ ਅਰਜਨ ਦੇਵ ਸਰਕਾਰੀ ਕਾਲਜ ਵਿਖੇ 79ਵਾਂ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਮਨਾਇਆ

**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨ ਤਾਰਨ ਵਿਖੇ 79ਵਾਂ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਸਾਨਦਾਰ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਆਜ਼ਾਦੀ ਨਾਲ ਸੰਬੰਧਿਤ ਭਾਸਣ ਮੁਕਾਬਲਾ, ਕੋਰੀਓਗ੍ਰਾਫੀ ਅਤੇ ਨਾਟਕ ਪੇਸ਼ ਕੀਤੇ ਗਏ।

ਸਮਾਰੋਹ ਦੌਰਾਨ ਆਜ਼ਾਦੀ ਦੀ ਲੜਾਈ ਵਿੱਚ ਯੋਗਦਾਨ ਪਾਉਣ ਵਾਲੇ ਸ਼ਹੀਦਾਂ ਅਤੇ ਯੋਧਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਮੁੱਖ ਮਹਿਮਾਨ ਅਤੇ ਕਾਲਜ ਦੀ ਪ੍ਰਿੰ. ਡਾ. ਸੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਆਜਾਦੀ ਦੇ ਮਹੱਤਵ ਬਾਰੇ ਜਾਗਰੂਕ ਕੀਤਾ। ਪ੍ਰੋ. ਸੁਭਾਸ਼ ਮੈਣੀ ਨੇ ਕਿਹਾ ਕਿ ਆਜ਼ਾਦੀ ਸਾਨੂੰ ਕ੍ਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨਾਲ ਮਿਲੀ ਹੈ ਅਤੇ ਇਸ ਦਾ ਆਨੰਦ ਲੈਣਾ ਸਾਡੀ ਖੁਸ਼ਕਿਸਮਤੀ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਤਿਹਾਸ ਨਾਲ ਜੋੜਨਾ ਜ਼ਰੂਰੀ ਹੈ। ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂਆਂ ਨੂੰ ਇਨਾਮ ਵੰਡੇ ਗਏ। ਸਮਾਰੋਹ ਵਿੱਚ ਕਾਲਜ ਦੀ ਵਾਈਸ ਪ੍ਰਿੰ. ਡਾ. ਗੁਰਿੰਦਰਜੀਤ ਕੌਰ, ਪ੍ਰੋ. ਰਮਨਦੀਪ ਕੌਰ, ਡਾ. ਮਨਪ੍ਰੀਤ ਕੌਰ, ਡਾ. ਕੁਲਵੰਤ ਸਿੰਘ, ਪ੍ਰੋ. ਪ੍ਰਭਜੋਤ ਸੂਦ, ਪ੍ਰੋ. ਹੀਰਾ ਸਿੰਘ, ਡਾ. ਬਲਜੀਤ ਸਿੰਘ, ਪ੍ਰੋ. ਸਿਮਰਨਜੀਤ ਕੌਰ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਰਣਦੀਪ ਕੌਰ ਸਮੇਤ ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਮੌਜੂਦ ਸਨ।



## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਕੀਤਾ ਸਲਾਮ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):-ਦੇਸ ਦੇ 79ਵੇਂ ਆਜ਼ਾਦੀ ਦਿਹਾੜੇ ਦੇ ਸਬੰਧ ਵਿੱਚ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਦੇ ਹੋਏ ਅਤੇ ਸਖਤ ਮਿਹਨਤ ਨਾਲ ਪ੍ਰਾਪਤ ਕੀਤੀ ਆਜ਼ਾਦੀ ਨੂੰ ਮਨਾਉਣ ਲਈ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵੱਲੋਂ ਸਕੂਲ ਦੇ ਵਿਹੜੇ ਵਿੱਚ ਦੇਸ਼ ਦਾ ਆਜ਼ਾਦੀ ਦਿਹਾੜਾ ਮਨਾਇਆ ਗਿਆ। ਸਭ ਤੋਂ ਪਹਿਲਾਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਸਾਰੇ ਬੱਚਿਆਂ ਨੇ ਆਪਣੇ ਆਪ ਨੂੰ ਕੇਸਰੀ ਹਰੇ ਅਤੇ ਚਿੱਟੇ ਰੰਗ ਦੇ ਪਹਿਰਾਵਿਆਂ ਨਾਲ ਸ਼ਿੰਗਾਰਿਆ ਹੋਇਆ ਸੀ। ਸਕੂਲ ਦੇ ਆਡੀਟੋਰੀਅਮ ਵਿੱਚ ਸਮਾਗਮ ਰੱਖਿਆ ਗਿਆ ਜਿਸ ਵਿੱਚ ਸਕੂਲ ਦੇ ਪੰਜ ਹਾਊਸਾਂ (ਡੇਜ਼ੀ, ਲੋਟਸ, ਪੈਂਸੀ, ਰੋਜ਼, ਲਿਲੀ) ਦੇ ਇੰਟਰ ਹਾਊਸ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਸੋਲੋ ਗੀਤ, ਭਾਸ਼ਣ ਅਤੇ ਕੋਰੀਓਗ੍ਰਾਫੀਆਂ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਦੇ ਐੱਮਡੀ ਡਾ; ਮੰਗਲ ਸਿੰਘ ਕਿਸ਼ਨਪੁਰੀ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਸੰਗਰਾਮ ਤੋਂ ਜਾਣੂ ਕਰਾਇਆ। ਉਨ੍ਹਾਂ ਨੇ ਅੱਜ ਦੀ ਪੀੜ੍ਹੀ ਨੂੰ ਮੋਬਾਈਲ, ਬੁਰੀ ਸੰਗਤ, ਨਿਰਾਸ਼ਾਵਾਦ ਤੋਂ ਆਜ਼ਾਦ ਹੋਣ ਨੂੰ ਕਿਹਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਬੱਚਿਆਂ ਨੂੰ ਆਪਣੀਆਂ ਪੁਰਾਣੀਆਂ ਪੀੜ੍ਹੀਆਂ ਦੁਆਰਾ ਬੀਜੇ ਫਲ ਦੀ ਕਦਰ ਕਰਨ ਲਈ ਪ੍ਰੇਰਿਤ ਕੀਤਾ। ਅਤੇ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੋਣ ਦੀ ਪ੍ਰੇਰਨਾ ਦਿੱਤ।

ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ ਸ਼ਿਲਪਾ ਸ਼ਰਮਾ, ਕੁਆਡੀਨੇਟਰ ਨੀਲਾਕਸੀ ਗੁਪਤਾ, ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



## ਆਰ. ਡੀ. ਖੋਸਲਾ ਸਕੂਲ 'ਚ ਵਿਦਿਆਰਥੀਆਂ ਨੇ ਸ਼੍ਰੀ ਕ੍ਰਿਸ਼ਨ ਲੀਲਾ ਪੇਸ਼ ਕੀਤੀ

**ਬਟਾਲਾ (ਡਾ ਮਲਵਿੰਦਰ ਸਿੰਘ)**-ਆਰ.ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਸਵੇਰ ਦੀ ਸਭਾ ਵਿੱਚ ਸ਼੍ਰੀ ਕ੍ਰਿਸ਼ਨ ਲੀਲਾਵਾਂ ਪੇਸ਼ ਕਰਕੇ ਖੁਸ਼ੀ ਨਾਲ ਮਨਾਇਆ। ਸੱਤਵੀਂ ਅਤੇ ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਨੰਦਿਕਾ, ਮਾਧਵੀ ਸਾਨਨ, ਅਰਸ਼ੀਆ ਕ੍ਰਿਸ਼ਨ, ਸਿੱਧੀ ਯਾਦਵ, ਰਿਧੀ ਸੇਠ ਅਤੇ ਰਿਦਿਮਾ ਨੇ ਕਵਿਤਾ ਅਤੇ ਭਾਸ਼ਣ ਰਾਹੀਂ ਸ਼੍ਰੀ ਕ੍ਰਿਸ਼ਨ ਦੇ ਜੀਵਨ ਅਤੇ ਇਸ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਵਿਦਿਆਰਥੀਆਂ ਨੇ ਭਗਵਾਨ ਕ੍ਰਿਸ਼ਨ ਦੀ ਉਸਤਤ ਵਿੱਚ ਸੁੰਦਰ ਭਜਨ ਗਾਏ ਅਤੇ ਸ਼੍ਰੀ ਕ੍ਰਿਸ਼ਨ ਦੀ ਮਹਿਮਾ ਗਾਉਂਦੇ ਹੋਏ ਇੱਕ ਸੁੰਦਰ ਨਾਚ ਪੇਸ਼ ਕੀਤਾ।ਇਸ ਤੋਂ ਬਾਅਦ ਵਿਦਿਆਰਥੀਆਂ ਨੇ ਸਕੂਲ ਦੇ ਮੈਦਾਨ ਵਿੱਚ ਦਹੀ-ਹਾਂਡੀ ਤੋੜੀ। ਇਸ ਮੌਕੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਪੂਰਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਮੁਸ਼ਕਲਾਂ ਤੋਂ ਡਰੇ ਬਿਨਾਂ ਸਾਨੂੰ ਉਨ੍ਹਾਂ ਦਾ ਦਲੇਰੀ ਨਾਲ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਦਾਨ ਅਤੇ ਸੇਵਾ ਦੀ ਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਸੱਚ ਦੇ ਮਾਰਗ ਤੇ ਅੱਗੇ ਵਧਣਾ ਚਾਹੀਦਾ ਹੈ। ਮਨੁੱਖ ਨੂੰ ਹਮੇਸ਼ਾ ਜੀਵਨ ਵਿੱਚ ਕੰਮ ਕਰਦੇ ਰਹਿਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਤਿਉਹਾਰ ਸਾਡੇ ਵਿੱਚ ਨਵੀਂ ਖੁਸ਼ੀ ਅਤੇ ਉਤਸ਼ਾਹ ਪੈਦਾ ਕਰਦੇ ਹਨ, ਇਸ ਲਈ ਆਪਣੇ ਤਿਉਹਾਰਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਸਾਨੂੰ ਉਨ੍ਹਾਂ ਨੂੰ ਬਹੁਤ ਖੁਸ਼ੀ ਨਾਲ ਮਨਾਉਣਾ ਚਾਹੀਦਾ ਹੈ।



## ਐੱਚ ਡੀ ਐੱਫ ਸੀ ਬੈਂਕ ਵੱਲੋਂ ਐਵਰੇਜ ਮਾਸਿਕ ਬੈਲੰਸ (ਏ ਐੱਮ ਬੀ) 'ਚ ਕੋਈ ਬਦਲਾਅ ਨਹੀਂ

ਜਲੰਧਰ : ਐੱਚਡੀਐੱਫਸੀ ਬੈਂਕ ਨੇ ਕਿਸੇ ਵੀ ਕਿਸਮ ਦੇ ਬੱਚਤ ਖਾਤੇ ਲਈ ਔਸਤ ਮਾਸਿਕ ਬਕਾਇਆ (ਏਐੱਮਬੀ) ਵਿੱਚ ਕੋਈ ਬਦਲਾਅ ਨਹੀਂ ਕੀਤਾ ਹੈ।ਐੱਚਡੀਐੱਫਸੀ ਬੈਂਕ ਗਾਹਕ ਪ੍ਰੋਫਾਈਲ ਦੇ ਅਨੁਸਾਰ ਵੱਖ-ਵੱਖ ਕਿਸਮਾਂ ਦੇ ਬੱਚਤ ਖਾਤੇ ਪੇਸ਼ ਕਰਦਾ ਹੈ।ਹਰੇਕ ਕਿਸਮ ਦੀਆਂ ਵੱਖ-ਵੱਖ ਔਸਤ ਮਾਸਿਕ ਬਕਾਇਆ ਲੋੜਾਂ ਪੇਸ਼ ਕੀਤੀਆਂ ਜਾਂਦੀਆਂ ਮੁੱਲ-ਵਰਧਿਤ ਸੇਵਾਵਾਂ ਦੇ ਆਧਾਰ 'ਤੇ ਹੁੰਦੀਆਂ ਹਨ।ਨਿਯਮਤ ਬੱਚਤ ਖਾਤੇ ਲਈ ਏਐੱਮਬੀ 10,000 ਰੁਪਏ ਅਤੇ ਬੱਚਤ ਖਾਤੇ ਲਈ ਏਐੱਮਬੀ 25,000 ਰੁਪਏ ਰਹੇਗਾ।ਗਾਹਕ ਪ੍ਰੋਫਾਈਲ ਦੇ ਆਧਾਰ 'ਤੇ ਸਾਰੀਆਂ ਕਿਸਮਾਂ ਪੇਂਡੂ, ਅਰਧ-ਸ਼ਹਿਰੀ, ਸ਼ਹਿਰੀ ਅਤੇ ਮਹਾਨਗਰ ਸ਼ਾਖਾਵਾਂ ਵਿੱਚ ਉਪਲਬਧ ਹਨ।ਮਹਾਨਗਰ ਖੇਤਰਾਂ ਵਿੱਚ ਗਾਹਕਾਂ ਦੀ ਵਰਤੋਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੈਂਕ ਮਹਾਨਗਰ ਸ਼ਾਖਾਵਾਂ ਵਿੱਚ ਨਵੇਂ ਖਾਤੇ ਖੋਲ੍ਹਣ ਵਾਲੇ ਗਾਹਕਾਂ ਨੂੰ ਬੱਚਤ ਖਾਤਾ ਪ੍ਰਦਾਨ ਕਰਨ ਨੂੰ ਤਰਜੀਹ ਦੇਵੇਗਾ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਦੇ ਪੁਤਲੇ ਫੂਕੇ

ਮਜੀਠਾ (ਸੋਇਮ ਆਨੰਦ)-ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ ਵੱਖ-ਵੱਖ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਵਲੋ ਸਬ ਡਵੀਜ਼ਨ ਦਫਤਰ ਮਜੀਠਾ ਦੇ ਸਾਹਮਣੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਤੋਂ ਪਹਿਲਾਂ ਰੋਹ ਭਰਪੂਰ ਰੋਸ ਧਰਨਾ ਦਿੱਤਾ ਗਿਆ, ਜਿਸਦੀ ਅਗਵਾਈ ਮੰਗਲ ਸਿੰਘ ਗੋਸਲ, ਜਸਪਾਲ ਸਿੰਘ ਨਾਗ ਨਵੇਂ, ਮਾਸਟਰ ਹਰਭਜਨ ਸਿੰਘ ਟਰਪਈ, ਦੇ ਦਵਿੰਦਰ ਸਿੰਘ ਦੁਧਾਲਾ ਨੇ ਸਾਂਝੇ ਤੌਰ ਤੇ ਕੀਤੀ। ਪੁਤਲਾ ਫੂਕਣ ਤੋ ਪਹਿਲਾਂ ਇਸ ਰੋਸ ਧਰਨੇ ਨੂੰ ਐੱਸਡੀਐੱਮ ਦਫਤਰ ਦੇ ਬਾਹਰ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ।

ਬਲਬੀਰ ਸਿੰਘ ਮੂਧਲ ਨੇ ਕਿਹਾ ਕਿ ਬਿਨਾਂ ਸ਼ੱਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਭਾਰੀ ਮਹੁਮਤ ਵਿਚ ਹੋਣ ਕਰਕੇ ਕਿਸਾਨਾਂ ਨੂੰ ਡਰਾ ਧਮਕਾ ਕੇ ਜ਼ਮੀਨਾ ਹਥਿਆਉਣਾ ਚਾਹੁੰਦੇ ਸਨ ਪਰ ਪੰਜਾਬ ਦੇ ਬਹਾਦਰ ਲੋਕਾਂ ਨੇ ਮੂੰਹ ਤੋੜ ਜਵਾਬ ਦਿੱਤਾ।

ਇਸ ਮੌਕੇ ਮਨਦੀਪ ਸਿੰਘ ਨਾਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਦੀਆਂ ਲੋਕਮਾਰੂ ਨੀਤੀਆਂ ਨੇ ਦੇਸ਼ ਨੂੰ ਕੰਗਾਲ ਹੋਣ ਵਾਲੇ ਰਾਹ ਪਾ ਦਿੱਤਾ ਹੈ।ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਧਰਨਾਕਾਰੀਆਂ ਨੂੰ ਕਿਹਾ ਕਿ ਮੋਦੀ ਨੇ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਨੌਜਵਾਨਾਂ ਨੂੰ ਲਾਰਾ ਲਾਇਆ ਸੀ ਪਰ ਗਿਆਰਾਂ ਸਾਲਾਂ ਵਿਚ ਬਾਈ ਲੱਖ ਤੱਕ ਵੀ ਨੌਕਰੀਆਂ ਨਹੀਂ ਦੇ ਸਕਿਆ।ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਟਰੰਪ ਦੁਨੀਆ ਦਾ ਰਾਜਾ ਬਣ ਕੇ ਭਾਰਤ ਨੂੰ ਟੈਕਸਾਂ ਦੇ ਡਰਾਵੇ ਦੇ ਈਨ ਮਨਵਾਉਣੀ ਚਾਹੁੰਦਾ ਹੈ ਜੋ ਕਿ ਭਾਰਤ ਦੇ ਲੋਕ ਕਦੀ ਵੀ ਪ੍ਰਵਾਨ ਨਹੀਂ ਕਰਨਗੇ।ਇਸ ਮੌਕੇ ਦਲਬੀਰ ਸਿੰਘ, ਧਰਮ ਸਿੰਘ, ਸਵਿੰਦਰ ਸਿੰਘ ਨਾਗ, ਮਨਪ੍ਰੀਤ ਸਿੰਘ ਹਮਜਾ ਨੇ ਵੀ ਸੰਬੋਧਨ ਕੀਤਾ।ਅੰਤ ਵਿੱਚ ਅੰਮ੍ਰਿਤਸਰ ਮਜੀਠਾ ਮੁੱਖ ਮਾਰਗ ਤੇ ਆਵਾਜਾਈ ਰੋਕ ਕੇ ਮੋਦੀ ਤੇ ਟਰੰਪ ਦੇ ਪੁਤਲੇ ਫੂਕੇ। ਇਸ ਮੌਕੇ ਵੱਡੀ ਗਿਣਤੀ ਵਿਚ ਕਿਸਾਨ ਅਤੇ ਮਜ਼ਦੂਰ ਹਾਜ਼ਰ ਸਨ।



# ਭਾਰਤ ਨਾ ਤਾਂ ਝੁਕਦਾ ਹੈ ਅਤੇ ਨਾ ਹੀ ਰੁਕਦਾ ਹੈ



ਦੇਸ਼ ਆਪਣੀ ਆਜ਼ਾਦੀ ਦੀ 78ਵੀਂ ਵਰ੍ਹੇਗੰਢ ਖੁਸ਼ੀ ਅਤੇ ਮਾਣ ਨਾਲ ਮਨਾ ਰਿਹਾ ਹੈ। ਇਸ ਸ਼ੁਭ ਮੌਕੇ, ਮੈਂ ਪੰਜਾਬ ਅਤੇ ਚੰਡੀਗੜ੍ਹ ਸਮੇਤ ਸਾਰੇ ਸਮੁੱਚੇ ਦੇਸ਼ ਵਾਸੀਆਂ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ।15 ਅਗਸਤ 1947 ਦੀ ਸੁਨਹਿਰੀ ਸਵੇਰ ਸਿਰਫ਼ ਸਿਆਸੀ ਮੁਕਤੀ ਨਹੀਂ ਸੀ, ਸਗੋਂ ਇਹ ਸਾਡੀ ਆਪਣੀ ਕਿਸਮਤ ਨੂੰ ਢਾਲਣ ਲਈ ਇੱਕ ਸਮੂਹਿਕ ਵਚਨਬੱਧਤਾ ਦੀ ਸ਼ੁਰੂਆਤ ਸੀ। ਇਸ ਭਾਵਨਾ ਨਾਲ, ਅੱਜ ਅਸੀਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ, ਡਾ. ਭੀਮ ਰਾਓ ਅੰਬੇਡਕਰ, ਨੇਤਾਜੀ ਸੁਭਾਸ਼ ਚੰਦਰ ਬੋਸ, ਸਰਦਾਰ ਵੱਲਭਭਾਈ ਪਟੇਲ, ਬਾਲ ਗੰਗਾਧਰ ਤਿਲਕ ਅਤੇ ਉਨ੍ਹਾਂ ਅਣਗਿਣਤ ਜਾਣੇ-ਅਣਜਾਣੇ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ, ਜਿਨ੍ਹਾਂ ਦੀ ਕੁਰਬਾਨੀ ਨੇ ਭਾਰਤ ਨੂੰ ਆਜ਼ਾਦ ਕਰਵਾਇਆ।ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਨੇ ਅਹਿਮ ਯੋਗਦਾਨ ਪਾਇਆ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਇਨਕਲਾਬੀਆਂ ਦੀ ਸੁਭਾਗੀ ਧਰਤੀ ਹੈ। ਮੈਂ ਇਨ੍ਹਾਂ ਅਮਰ ਸ਼ਹੀਦਾਂ ਅਤੇ ਜਲ੍ਹਿਆਂਵਾਲਾ ਦੇ ਸ਼ਹੀਦਾਂ ਸਮੇਤ ਉਨ੍ਹਾਂ ਸਾਰੇ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਨ੍ਹਾਂ ਨੇ ਦੇਸ਼ ਦੀ ਅਖੰਡਤਾ ਅਤੇ ਸਰਹੱਦਾਂ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।ਸਾਥੀਓ, ਇਹ ਆਜ਼ਾਦੀ ਸਾਡੇ ਅਣਗਿਣਤ ਆਜ਼ਾਦੀ ਘੁਲਾਟੀਆਂ ਦੇ ਸੰਘਰਸ਼ ਅਤੇ ਕੁਰਬਾਨੀ ਸਦਕਾ ਪ੍ਰਾਪਤ ਹੋਈ ਹੈ, ਜਿਸਨੂੰ ਅਸੀਂ ਕਿਸੇ ਵੀ ਕੀਮਤ 'ਤੇ ਗੁਆ ਨਹੀਂ ਸਕਦੇ।

ਹੈ। ਆਓ, ਇਸ ਸੁਤੰਤਰਤਾ ਦਿਵਸ ਮੌਕੇ ਅਸੀਂ ਅਹਿਦ ਲਈਏ ਕਿ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਕਰਦੇ ਹੋਏ, ਨਵੀਂ ਊਰਜਾ ਅਤੇ ਦ੍ਰਿੜ ਇਰਾਦੇ ਨਾਲ 'ਵਿਕਸਿਤ ਭਾਰਤ 2047' ਵੱਲ ਵਧੀਏ। ਇਕਜੁੱਟ ਹੋ ਕੇ, ਇੱਕ ਅਜਿਹਾ ਭਾਰਤ ਬਣਾਈਏ ਜਿੱਥੇ ਉੱਚ ਆਦਰਸ਼ ਹੋਣ, ਸਮਾਵੇਸ਼ੀ ਵਿਕਾਸ ਹੋਵੇ ਅਤੇ ਦੇਸ਼ ਭਗਤੀ ਦੀ ਜੋਤ ਹਰ ਦਿਲ ਵਿੱਚ ਜਗਦੀ ਰਹੇ।

**ਗੁਲਾਬ ਚੰਦ ਕਟਾਰੀਆ**
**ਰਾਜਪਾਲ ਪੰਜਾਬ ਅਤੇ**
**ਪ੍ਰਸ਼ਾਸਕ ਯੂ.ਟੀ. ਚੰਡੀਗੜ੍ਹ**

# ਦੇਸ਼ ਲਈ ਰੋਲ ਮਾਡਲ ਬਣਿਆ ਪੰਜਾਬ



ਭਾਰਤ ਨੇ ਅੱਜ ਆਜ਼ਾਦ, ਪ੍ਰਭੂਸੱਤਾ ਸੰਪੰਨ ਅਤੇ ਜਮਹੂਰੀ ਮੁਲਕ ਵਜੋਂ 78 ਵਰ੍ਹੇ ਪੂਰੇ ਕਰ ਲਏ ਹਨ। ਮਹਾਨ ਆਜ਼ਾਦੀ ਘੁਲਾਟੀਆਂ ਅਤੇ ਕੌਮੀ ਨਾਇਕਾਂ ਦੇ ਸੁਪਨੇ ਸਾਕਾਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ, ਸਿਹਤ ਅਤੇ ਰੋਜ਼ਗਾਰ ਵਰਗੇ ਖੇਤਰਾਂ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਅਲਾਮਤ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਸਖਤੀ ਨਾਲ ਅਪਣਾਈ ਹੋਈ ਹੈ। ਬੀਤੇ ਸਮੇਂ ਤੋਂ ਭਾਰਤ, ਵਿਸ਼ਵ ਦੀ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਉੱਭਰਿਆ ਹੈ ਜੋ ਅਮਨ-ਸ਼ਾਂਤੀ, ਸਦਭਾਵਨਾ ਅਤੇ ਤਰੱਕੀ ਪ੍ਰਤੀ ਦ੍ਰਿੜ੍ਹ ਨਿਸ਼ਚਾ ਅਤੇ ਵਚਨਬੱਧਤਾ ਦੀ ਖੂਬਸੂਰਤ ਮਿਸਾਲ ਹੈ। ਇਸ ਪਵਿੱਤਰ ਮੌਕੇ 'ਤੇ ਮੈਂ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਦੀ ਤਰਫੋਂ ਸਮੂਹ ਦੇਸ਼ ਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਦਿੰਦਾ ਹਾਂ। ਮੈਂ ਤੁਹਾਡੇ ਸਾਰਿਆਂ ਲਈ ਚੰਗੀ ਸਿਹਤ, ਖੁਸ਼ਹਾਲੀ ਅਤੇ ਰੌਸ਼ਨ ਭਵਿੱਖ ਲਈ ਕਾਮਨਾ ਕਰਦਾ ਹਾਂ। ਇਸ ਇਤਿਹਾਸਕ ਦਿਹਾੜੇ 'ਤੇ ਮੈਂ ਕੌਮੀ ਆਜ਼ਾਦੀ ਸੰਘਰਸ਼ ਦੇ ਮਹਾਨ ਸ਼ਹੀਦਾਂ ਅਤੇ ਆਜ਼ਾਦੀ ਦੇ ਪਰਵਾਨਿਆਂ ਅੱਗੇ ਸਿਰ ਝੁਕਾਉਂਦਾ ਹਾਂ ਜਿਨ੍ਹਾਂ ਨੇ ਲਾਮਿਸਾਲ ਬਹਾਦਰੀ ਤੇ ਸੂਰਬੀਰਤਾ ਦਾ ਪ੍ਰਗਟਾਵਾ ਕਰਕੇ ਸਾਡੇ ਮੁਲਕ ਨੂੰ ਬਰਤਾਨਵੀ ਸਾਮਰਾਜਵਾਦ ਦੇ ਜੂਲੇ ਤੋਂ ਮੁਕਤ ਕਰਵਾਇਆ। ਆਓ, ਅੱਜ ਦੇ ਇਸ ਇਤਿਹਾਸਕ ਮੌਕੇ ਆਪਣੇ ਆਪ ਨੂੰ ਉਨ੍ਹਾਂ ਦੇਸ਼ ਭਗਤਾਂ ਦੀ ਦੂਰਅੰਦੇਸ਼ ਸੋਚ ਪ੍ਰਤੀ ਸਮਰਪਿਤ ਕਰੀਏ ਜਿਨ੍ਹਾਂ ਨੇ ਆਜ਼ਾਦੀ ਅਤੇ ਪ੍ਰਭੂਸੱਤਾ ਸੰਪੰਨ ਭਾਰਤ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦਿੱਤਾ। ਭਾਰਤੀ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਦੀ ਵਿਲੱਖਣ ਤੇ ਲਾਮਿਸਾਲ ਭੂਮਿਕਾ ਕਿਸੇ ਤੋਂ ਲੁਕੀ-ਛਿਪੀ ਨਹੀਂ ਕਿਉਂਕਿ ਇਹ ਤੱਥ ਰਿਕਾਰਡ 'ਤੇ ਦਰਜ ਹੈ ਕਿ ਬਰਤਾਨਵੀ ਹਕੂਮਤ ਦੇ ਖਿਲਾਫ ਜਾਨਾਂ ਨਿਛਾਵਰ ਕਰਨ ਵਾਲਿਆਂ ਵਿੱਚ 80 ਫੀਸਦੀ ਤੋਂ ਵੱਧ ਪੰਜਾਬੀ ਸਨ।

ਇੱਥੇ ਮੈਂ ਆਪਣੇ ਸਾਥੀ ਪੰਜਾਬੀਆਂ ਦੇ ਸ਼ਲਾਘਾ ਕਰਨੀ ਚਾਹੁੰਦਾ ਹਾਂ ਜੋ ਸਖਤ ਘਾਲਣਾ ਘਾਲ ਕੇ ਭਾਰਤ ਦੀ ਆਜ਼ਾਦੀ ਦੀ ਡੱਟ ਕੇ ਰਾਖੀ ਕਰਨ ਅਤੇ ਸਮੂਹਿਕ ਵਿਕਾਸ, ਸ਼ਾਂਤੀ ਅਤੇ ਖੁਸ਼ਹਾਲੀ ਦੇ ਯੁੱਗ ਦੀ ਸ਼ੁਰੂਆਤ ਕਰਨ ਵਿੱਚ ਸ਼ਾਨਦਾਰ ਯੋਗਦਾਨ ਪਾ ਰਹੇ ਹਨ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਜਦੋਂ ਵੀ ਸਾਡੇ ਦੇਸ਼ ਦੀ ਪ੍ਰਭੂਸੱਤਾ ਨੂੰ ਬਾਹਰੀ ਅਤੇ ਅੰਦਰੂਨੀ ਹਮਲੇ ਤੋਂ ਕੋਈ ਖਤਰਾ ਹੋਇਆ ਹੈ, ਸਾਡੇ ਬਹਾਦਰ ਪੰਜਾਬੀ ਦੇਸ਼ ਦੀ ਏਕਤਾ ਤੇ ਅਖੰਡਤਾ ਅਤੇ ਅਣਖ ਦੀ ਰਾਖੀ ਲਈ ਜਾਨ ਤਲੀ 'ਤੇ ਰੱਖ ਕੇ ਡਟ ਗਏ। ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਏ ਤਣਾਅ ਦੌਰਾਨ ਵੀ ਪੰਜਾਬੀ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਸਭ ਤੋਂ ਅੱਗੇ ਸਨ। ਆਜ਼ਾਦੀ ਦਿਵਸ ਖੁਸ਼ੀ ਅਤੇ ਜਸ਼ਨਾਂ ਦਾ ਮੌਕਾ ਹੋਣ ਦੇ ਨਾਲ-ਨਾਲ ਸਵੈ-ਪੜਚੋਲ ਅਤੇ ਸੂਬੇ ਦੇ ਤੇਜ ਵਿਕਾਸ ਲਈ ਨਵੇਂ ਟੀਚੇ ਨਿਰਧਾਰਤ ਕਰਨ ਦਾ ਵੀ ਮੌਕਾ ਹੈ। ਸਾਨੂੰ ਸਦਭਾਵਨਾ ਅਤੇ ਬਰਾਬਰੀ ਵਾਲੇ ਸਮਾਜ ਨੂੰ ਯਕੀਨੀ ਬਣਾ ਕੇ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਮੁੜ ਸਮਰਪਿਤ ਕਰਨਾ ਚਾਹੀਦਾ ਹੈ। ਸਾਨੂੰ ਦੇਸ਼ ਵਾਸੀਆਂ ਨੂੰ ਆਪਣੇ ਆਪ ਵਿੱਚ ਰਾਸ਼ਟਰਵਾਦੀ ਭਾਵਨਾ ਦੀ ਚਿਣਗ ਬਾਲਣੀ ਚਾਹੀਦੀ ਹੈ ਜੋ ਸਹੀ ਮਾਅਨਿਆਂ ਵਿੱਚ ਮਜਬੂਤ ਰਾਸ਼ਟਰ ਦਾ ਅਧਾਰ ਹੈ।

**ਭਗਵੰਤ ਸਿੰਘ ਮਾਨ,**
**ਮੁੱਖ ਮੰਤਰੀ, ਪੰਜਾਬ**

## 32 ਨਸ਼ੀਲੀਆਂ ਗੋਲੀਆਂ ਸਮੇਤ ਵਿਅਕਤੀ ਕਾਬੂ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਥਾਣਾ ਬਹਿਰਾਮਪੁਰ ਦੀ ਪੁਲਸ ਨੇ 32 ਨਸ਼ੀਲੀਆਂ ਗੋਲੀਆਂ ਸਮੇਤ ਰਾਜਨ ਨਾਂ ਦੇ ਇਕ ਵਿਅਕਤੀ ਨੂੰ ਕਾਬੂ ਕੀਤਾ ਜਿਸ ਦੇ ਖਿਲਾਫ ਮੁੱਕਦਮਾ ਦਰਜ ਕਰਕੇ ਅਗਲੀ ਕਾਰਵਾਈ ਕਰ ਦਿੱਤੀ ਗਈ ਹੈ।



ਇਸ ਮੌਕੇ ਆਦਿਤਯ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੇ ਦਿੱਤੀ ਜਾਵੇ।ਗੈਰ-ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਨਸ਼ਿਆਂ ਤੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਲਈ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਪੂਰੀ ਤਰ੍ਹਾਂ ਵਚਨਬੱਧ ਹੈ।

## ਪੈਨਸ਼ਨਰਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਗਤੀਵਿਧੀਆਂ ਕੀਤੀਆਂ ਤੇਜ਼



**ਕਾਲਾ ਸੰਘਿਆਂ (ਮਨਜੀਤ ਮਾਨ)**- ਪੈਨਸ਼ਨਰਜ਼ ਐਸੋਸੀਏਸ਼ਨ ਪਾਵਰ ਕਾਮ ਤੇ ਟਰਾਂਸਕੋ ਸਿਟੀ ਡਿਵੀਜ਼ਨ ਕਪੂਰਥਲਾ ਦੀ ਮੀਟਿੰਗ ਰੇਸ਼ਮ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਕਾਲਾ ਸੰਘਿਆ ਵਿਖੇ ਕੀਤੀ ਗਈ। ਇਸ ਮੌਕੇ ਜਥੇਬੰਦੀ ਦੀਆਂ ਮੰਗਾਂ ਨੂੰ ਲੈ ਕੇ ਆਗੂਆਂ ਵੱਲੋਂ ਸੂਬਾਈ ਕਮੇਟੀ ਵੱਲੋਂ ਕੀਤੇ ਸੰਘਰਸ਼ਾਂ ਦੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨਣ ਤੇ ਮੀਟਿੰਗ ਦੇ ਵਾਰ-ਵਾਰ ਮਿਤੀ ਅੱਗੇ ਪਾਉਣ ਦੀ ਜ਼ੋਰਦਾਰ ਨਿੰਦਾ ਕੀਤੀ । ਮੀਟਿੰਗ ਵਿੱਚ ਸਰਕਲ ਮੈਂਬਰ ਗੁਰਬਚਨ ਚੰਦ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਅਤੇ ਪ੍ਰਧਾਨ ਰੇਸ਼ਮ ਸਿੰਘ ਮਾਨ, ਸਕੱਤਰ ਬਲਦੇਵ ਰਾਜ, ਗੱਜਣ ਸਿੰਘ, ਅਮਰਦੀਪ ਤ੍ਰਿਖਾ, ਅਵਤਾਰ ਸਿੰਘ, ਇਕਬਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਪੈਨਸ਼ਨਰਾਂ ਦਾ 200 ਰੁਪਏ ਡਿਵੈਲਪ ਫੰਡ ਕੱਟ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਉਹਨਾਂ ਸਰਕਾਰ ਤੋਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ, 23 ਸਾਲਾ ਇਨਕਰੀਮੈਂਟ, ਕੈਸ਼ਲੈਸ ਸਕੀਮ, 2.59 ਦਾ ਫੈਕਟਰ, ਪੇ-ਕਮਿਸ਼ਨ ਦੀ ਰਿਪੋਰਟ ਲਾਗੂ ਕਰਨਾ ਅਤੇ ਮੈਡੀਕਲ 2000 ਰੁਪਏ ਕਰਨ ਦੀ ਜ਼ੋਰਦਾਰ ਮੰਗ ਕੀਤੀ । ਮੀਟਿੰਗ ਦੇ ਅਖੀਰ ਵਿੱਚ ਪ੍ਰਧਾਨ ਨੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਮੈਂਬਰਾਂ ਨੂੰ ਜਥੇਬੰਦੀ ਵੱਲੋਂ ਦਿੱਤੇ ਪ੍ਰੋਗਰਾਮਾਂ ਨੂੰ ਵੱਧ ਚੜ੍ਹ ਕੇ ਲਾਗੂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮਾਹੀ ਲਾਲ, ਬ੍ਰਿਜ ਮੋਹਨ, ਸਤਿਨਾਮ ਸਿੰਘ, ਰਣਧੀਰ ਸਿੰਘ, ਭਜਨ ਸਿੰਘ, ਜਸਪਾਲ, ਦੀਪਕ, ਉਰਮਿਲਾ ਸ਼ਰਮਾ, ਕ੍ਰਿਸ਼ਨਾ ਦੇਵੀ, ਸ਼ਾਂਤੀ ਦੇਵੀ, ਸੁਰਿੰਦਰ ਕੌਰ, ਸਾਰਕਾ ਦੇਵੀ, ਜਿੰਦਰ ਕੌਰ, ਜਗੀਰੋ, ਰਵਿੰਦਰ ਕੌਰ ਆਦਿ ਮੌਜੂਦ ਸਨ।

## ਡੀ ਜੀ ਪੀ ਤੇ ਸੀ ਪੀ ਵੱਲੋਂ ਆਜ਼ਾਦੀ ਦਿਵਸ ਮੌਕੇ ਰੇਲਵੇ ਸਟੇਸ਼ਨਾਂ 'ਤੇ ਵਿਸ਼ੇਸ਼ ਕਾਸੋ ਅਪਰੇਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਆਜ਼ਾਦੀ ਦਿਵਸ ਮੌਕੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਸਪੈਸ਼ਲ ਡੀ.ਜੀ.ਪੀ. ਰੇਲਵੇ ਸ਼ਸ਼ੀ ਪ੍ਰਭਾ ਦਿਵੇਦੀ ਦੀ ਅਗਵਾਈ ਹੇਠ, ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ, ਜੋਇੰਟ ਸੀ.ਪੀ. ਸੰਦੀਪ ਸ਼ਰਮਾ ਅਤੇ ਹੋਰ ਸੀਨੀਅਰ ਪੁਲਸ ਅਧਿਕਾਰੀਆਂ ਦੀ ਨਿਗਰਾਨੀ ਵਿੱਚ ਸਿਟੀ ਰੇਲਵੇ ਸਟੇਸ਼ਨ ਅਤੇ ਕੈਂਟ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਕਾਸੋ ਓਪਰੇਸ਼ਨ ਚਲਾਇਆ ਗਿਆ। ਇਹ ਕਾਰਵਾਈ ਰਾਜ-ਪੱਧਰੀ ਸੁਰੱਖਿਆ ਪ੍ਰਬੰਧ ਦਾ ਹਿੱਸਾ ਹੈ, ਤਾਂ ਜੋ ਆਜ਼ਾਦੀ ਦਿਵਸ ਮੌਕੇ ਸੁਰੱਖਿਅਤ ਅਤੇ ਸ਼ਾਂਤੀਪੂਰਨ ਵਾਤਾਵਰਣ ਬਣਾਇਆ ਜਾ ਸਕੇ। ਇਸ ਓਪਰੇਸ਼ਨ ਵਿੱਚ ਕੁੱਲ 290 ਪੁਲਸ ਕਰਮਚਾਰੀ ਤਾਇਨਾਤ ਕੀਤੇ ਗਏ, ਜਿਨ੍ਹਾਂ ਨੂੰ ਐਂਟੀ-ਸੈਬੋਟਾਜ਼ ਟੀਮਾਂ, ਐਂਟੀ-ਰਾਇਟ ਪੁਲਸ ਅਤੇ ਰੇਲਵੇ ਪ੍ਰੋਟੈਕਸ਼ਨ ਫੋਰਸ ਦਾ ਸਹਿਯੋਗ ਪ੍ਰਾਪਤ ਸੀ। ਟੀਮਾਂ ਨੂੰ ਆਧੁਨਿਕ ਤਲਾਸ਼ੀ ਉਪਕਰਣਾਂ ਨਾਲ ਲੈਸ ਕੀਤਾ ਗਿਆ ਸੀ, ਜਿਸ ਵਿੱਚ ਮੈਟਲ ਡਿਟੈਕਟਰ, ਹੈਂਡਹੈਲਡ ਸਕੈਨਰ ਅਤੇ ਹੋਰ ਵਿਸ਼ੇਸ਼ ਯੰਤਰ। ਸੁਰੱਖਿਆ ਜਾਂਚ ਦੌਰਾਨ ਸੀਸੀਟੀਵੀ ਕੈਮਰਿਆਂ ਦੀ ਜਾਂਚ, ਸ਼ੱਕੀ ਵਿਅਕਤੀਆਂ ਦੀ ਪਛਾਣ ਤੇ ਪੁੱਛਗਿੱਛ, ਅਤੇ ਉਹਨਾਂ ਦੇ ਸਾਮਾਨ ਦੀ ਪੂਰੀ ਤਲਾਸ਼ੀ ਕੀਤੀ ਗਈ। ਸਪੈਸ਼ਲ ਡੀ.ਜੀ.ਪੀ. ਨੇ ਸ਼ੱਕੀ ਵਿਅਕਤੀਆਂ ਅਤੇ ਵਸਤੂਆਂ ਦੀ ਸਖ਼ਤ ਸਕ੍ਰੀਨਿੰਗ ਕਰਨ 'ਤੇ ਜ਼ੋਰ ਦਿੰਦੇ ਹੋਏ ਤਾਇਨਾਤ ਟੀਮਾਂ ਨੂੰ ਚੌਵੀ ਘੰਟੇ ਚੌਕਸੀ ਬਰਕਰਾਰ ਰੱਖਣ ਦੇ ਨਿਰਦੇਸ਼ ਦਿੱਤੇ। ਕਾਸੋ ਓਪਰੇਸ਼ਨ ਤੋਂ ਬਾਅਦ ਪੁਲਸ ਲਾਈਨਜ਼ ਜਲੰਧਰ ਵਿਖੇ ਸਪੈਸ਼ਲ ਡੀ.ਜੀ.ਪੀ. ਰੇਲਵੇ ਅਤੇ ਪੁਲਸ ਕਮਿਸ਼ਨਰ ਜਲੰਧਰ ਦੀ ਅਗਵਾਈ ਹੇਠ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਮੌਜੂਦਾ ਸੁਰੱਖਿਆ ਪ੍ਰਬੰਧਾਂ, ਸਰਵਜਨਕ ਥਾਵਾਂ 'ਤੇ ਲਾਗੂ ਪ੍ਰਤੀਰੋਧਕ ਉਪਾਅ ਦਾ ਵਿਸਤ੍ਰਿਤ ਜਾਇਜ਼ਾ ਲਿਆ ਗਿਆ ਅਤੇ ਕਾਨੂੰਨ-ਵਿਵਸਥਾ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ।



## ਅਣਪਛਾਤੇ ਵਿਅਕਤੀ ਦੀ ਮਿਲੀ ਲਾਸ਼

**ਅੱਡਾ ਸਰਾਂ (ਜਸਵੀਰ ਕਾਜਲ)**— ਬੀਤੇ ਦਿਨੀ ਕਿਸੇ ਅਣਪਛਾਤੇ ਵਾਹਨ ਨੇ ਨੈਣੋਵਾਲ ਵੈਦ ਪੁੱਲ ਦੇ ਇੱਕ ਵਿਅਕਤੀ ਨੂੰ ਟੱਕਰ ਮਾਰ ਦਿੱਤੀ ਸੀ ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਵਿਅਕਤੀ ਦਾ ਨਾਂਅ ਅਨੂਪ ਦੱਸਿਆ ਜਾ ਰਿਹਾ ਹੈ ਜਿਸ ਦੀ ਉਮਰ ਲਗਭਗ 32 ਸਾਲ ਹੈ।ਥਾਣਾ ਬੁਲ੍ਹੋਵਾਲ ਦੇ ਏ ਐਸ ਆਈ ਨਰਿੰਦਰ ਸਿੰਘ ਨੇ ਦੱਸਿਆ ਕਿ ਇਸ ਵਿਅਕਤੀ ਦੀ ਅਜੇ ਤੱਕ ਪਹਿਚਾਣ ਨਹੀਂ ਹੋ ਸਕੀ ਅਤੇ ਇਸ ਦੀ ਲਾਸ਼ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮੁਰਦਾ ਘਰ ਵਿੱਚ ਰੱਖੀ ਗਈ ਹੈ।ਉਹਨਾਂ ਕਿਹਾ ਕਿ ਜੇਕਰ ਕੋਈ ਵੀ ਇਸ ਵਿਅਕਤੀ ਨੂੰ ਪਛਾਣਦਾ ਹੈ ਤਾਂ ਉਹ ਥਾਣਾ ਬੁੱਲ੍ਹੋਵਾਲ ਨਾਲ ਸੰਪਰਕ ਕਰ ਸਕਦਾ ਹੈ।



## 79ਵਾਂ ਅਜ਼ਾਦੀ ਦਿਵਸ ਧੂਮਧਾਮ ਨਾਲ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਥਾਨਕ ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਰੋਡ ਨਵਾਂਸ਼ਹਿਰ ਵਿਖੇ 79ਵੇਂ ਅਜ਼ਾਦੀ ਦਿਵਸ ਨਰਸਰੀ ਤੋਂ ਬਾਰਵੀਂ ਤੱਕ ਬੱਚਿਆਂ ਨੇ ਬੜੀ ਧੂਮਧਾਮ ਨਾਲ ਮਨਾਇਆ। ਸਕੂਲ ਦੇ ਬੱਚਿਆਂ ਤੇ ਸਟਾਫ ਨੇ ਇਸ ਸ਼ੁੱਭ ਅਵਸਰ 'ਤੇ ਦੇਸ਼ ਦੀਆਂ ਕੁਰਬਾਨੀਆਂ ਨੂੰ ਪਲੇਅ , ਸਕਿੱਟਾਂ ਅਤੇ ਭਾਸ਼ਣ ਮੁਕਾਬਲਿਆਂ ਰਾਹੀਂ ਯਾਦ ਕੀਤਾ। ਵਿਦਿਆਰਥੀਆਂ ਨੇ ਆਪਣੀ ਕਲਾਸਾਂ ਨੂੰ ਰੰਗ ਬਿਰੰਗੇ ਰੰਗਾਂ ਗੁਬਾਰਿਆਂ ਤੇ ਸਜਾਵਟੀ ਸਮਾਨ ਨਾਲ ਸਜਾਇਆ। ਇਸ ਮੌਕੇ 'ਤੇ ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ, ਰਾਹੋਂ ਰੋਡ ਨਵਾਂਸ਼ਹਿਰ ਡਾਇਰੈਕਟਰ ਸੁਖਰਾਜ ਸਿੰਘ ਕੈਂਡੀ ਨੇ ਵਿਦਿਆਰਥੀਆਂ ਨੂੰ ਬਹੁਤ ਹੀ ਅਵਲ ਢੰਗ ਨਾਲ ਪ੍ਰੇਰਿਤ ਕੀਤਾ। ਦੇਸ਼ ਦੀ ਅਜ਼ਾਦੀ ਵਿੱਚ ਸਮਰਪਿਤ ਅਤੇ ਯੋਗਦਾਨ ਦੇਣ ਵਾਲੇ ਘੁਲਾਟੀਆਂ ਨੂੰ ਯਾਦ ਕੀਤਾ ਅਤੇ ਬੱਚਿਆਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਬਾਰੇ ਦੱਸਿਆ। ਦੇਸ਼ ਦੇ ਬਿਨਾਂ ਸਵਾਰਥ ਕੁਝ ਕਰਨ ਲਈ ਅੱਗੇ ਆ ਕੇ ਯਤਨ ਕਰਨ ਲਈ ਕਿਹਾ। ਇਸ ਮੌਕੇ ਪ੍ਰਿਸੀਪਲ ਤੇਜਿੰਦਰ ਕੌਰ ਪਲਵੀ, ਕਮਲਜੀਤ, ਗੀਤਾ ਦੇਵੀ, ਨਵਜੋਤ ਕੌਰ ਹਾਜਰ ਸਨ।



## ਖਾਲਸਾ ਕਾਲਜ ਦੇ ਐੱਮ ਏ ਭਾਗ ਦੂਜਾ ਤੇ ਪਹਿਲਾ ਦਾ ਨਤੀਜਾ ਸ਼ਾਨਦਾਰ



**ਸੁਲਤਾਨਪੁਰ ਲੋਧੀ (ਹਨੀ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐੱਮ.ਏ ਪੰਜਾਬੀ ਭਾਗ ਦੂਜਾ ਅਤੇ ਪਹਿਲਾ ਦੇ ਨਤੀਜੇ 'ਚ ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ। ਐੱਮ.ਏ ਭਾਗ ਦੂਜਾ ਦੀ ਵਿਦਿਆਰਥਣ ਤਾਨੀਆ ਨੇ 7.25 ਸੀ.ਜੀ.ਪੀ.ਏ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ, ਸੰਦੀਪ ਕੌਰ ਨੇ 6.80 ਸੀ.ਜੀ.ਪੀ.ਏ ਹਾਸਲ ਕਰਕੇ ਦੂਜਾ ਅਤੇ ਗੁਰਪ੍ਰੀਤ ਕੌਰ ਨੇ 6.65 ਸੀ.ਜੀ.ਪੀ.ਏ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਐਮ.ਏ ਭਾਗ ਪਹਿਲਾ ਦੀ ਵਿਦਿਆਰਥਣ ਅਨੀਕੇਤ ਕੌਰ ਨੇ 6.80 ਐਸ.ਜੀ.ਪੀ.ਏ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਨਿਸ਼ਾ ਸਿੰਘ ਨੇ 5.60 ਐਸ.ਜੀ.ਪੀ.ਏ ਨਾਲ ਦੂਜਾ ਸਥਾਨ ਹਾਸਲ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ । ਵਿਦਿਆਰਥੀਆਂ ਦੀ ਇਸ ਪ੍ਰਾਪਤੀ ਲਈ ਕਾਰਜਕਾਰੀ ਪ੍ਰਿੰਸੀਪਲ ਪ੍ਰੋ.ਜਸਬੀਰ ਕੌਰ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਮਿਹਨਤੀ ਸਟਾਫ ਦੀ ਸ਼ਲਾਘਾ ਕੀਤੀ । ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜੀ. ਸਵਰਨ ਸਿੰਘ ਅਤੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਸਟਾਫ ਨਾਲ ਇਸ ਪ੍ਰਾਪਤੀ ਲਈ ਖੁਸ਼ੀ ਪ੍ਰਗਟਾਈ ।

## ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਦੀ ਭਲਕੇ ਦੀ ਸੰਗਰੂਰ ਰੈਲੀ ਦੀਆਂ ਤਿਆਰੀਆਂ ਮੁਕੰਮਲ : ਬਿਮਲਾ ਰਾਣੀ

**ਜਲੰਧਰ (ਰਾਜੇਸ਼ ਥਾਪਾ)**- ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਬਿਮਲਾ ਰਾਣੀ ਫਾਜ਼ਿਲਕਾ ਦੀ ਪ੍ਰਧਾਨਗੀ ਹੇਠ ਆਨ ਲਾਈਨ ਕੀਤੀ ਗਈ। ਆਨ ਲਾਈਨ ਮੀਟਿੰਗ ਦੀ ਕਾਰਵਾਈ ਨੂੰ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਚਲਾਇਆ। ਮੀਟਿੰਗ ਵਿੱਚ 16 ਅਗਸਤ ਨੂੰ ਸੰਗਰੂਰ ਵਿਖੇ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਵੱਲੋਂ ਕੀਤੀ ਜਾ ਰਹੀ ਸੂਬਾਈ ਰੈਲੀ ਅਤੇ ਮਾਰਚ ਦੀਆਂ ਤਿਆਰੀਆਂ ਸੰਬੰਧੀ ਪੰਜਾਬ ਦੇ ਵੱਖ ਜ਼ਿਲ੍ਹਿਆਂ ਦੀ ਰਿਪੋਰਟ ਇਕੱਠੀ ਕਰਨ ਉਪਰੰਤ ਸੂਬਾਈ ਪ੍ਰਧਾਨ ਬਿਮਲਾ ਰਾਣੀ ਨੇ ਕਿਹਾ ਕਿ ਮੀਟਿੰਗ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੀਆਂ ਆਗੂਆਂ ਵਲੋਂ ਦਿੱਤੀ ਗਈ ਰਿਪੋਰਟ ਅਨੁਸਾਰ 16 ਅਗਸਤ ਦੀ ਸੰਗਰੂਰ ਵਿਖੇ ਕੀਤੀ ਜਾਣ ਵਾਲੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਪੂਰੇ ਪੰਜਾਬ ਵਿੱਚੋਂ ਮਿੱਡ-ਡੇ-ਮੀਲ ਵਰਕਰਾਂ ਵੱਡੀ ਗਿਣਤੀ ਵਿੱਚ ਸੰਗਰੂਰ ਵਿਖੇ ਰੈਲੀ ਕਰਨ ਉਪਰੰਤ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਵੱਲ ਰੋਹ ਭਰਪੂਰ ਮਾਰਚ ਵੀ ਕਰਨਗੀਆਂ। ਪ੍ਰਧਾਨ ਨੇ ਕਿਹਾ ਕਿ ਮਿੱਡ ਡੇ ਮੀਲ ਵਰਕਰਜ ਯੂਨੀਅਨ ਵਲੋਂ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਦਾ ਨਿਪਟਾਰਾ ਕਰਨ ਲਈ ਗੰਭੀਰਤਾ ਨਾ ਦਿਖਾਉਣ ਸੰਬੰਧੀ ਮਿੱਡ-ਡੇ-ਮੀਲ ਵਰਕਰਾਂ ਵਿੱਚ ਗੁੱਸਾ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਸਾਢੇ ਤਿੰਨ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਕੀਤੇ ਗਏ ਚੋਣ ਵਾਅਦੇ ਅਨੁਸਾਰ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਨਹੀਂ ਕੀਤਾ। 16 ਅਗਸਤ ਦੀ ਸੂਬਾਈ ਰੈਲੀ ਦੀਆਂ ਮੁੱਖ ਮੰਗਾਂ ਮਿੱਡ ਡੇ ਮੀਲ ਵਰਕਰਾਂ ਨੂੰ ਰੈਗੂਲਰ ਕਰਵਾਉਣਾ ਅਤੇ ਉਹਨਾਂ 'ਤੇ ਘੱਟੋ ਘੱਟ ਉਜਰਤ ਨੂੰ ਲਾਗੂ ਕਰਵਾ ਕੇ 18000 ਰੁਪਏ ਮਹੀਨਾ ਮਿਹਨਤਾਨਾ ਪ੍ਰਾਪਤ ਕਰਨਾ ਹੈ। ਜਦੋਂ ਤੱਕ ਰੈਗੂਲਰ ਕਰਨ ਅਤੇ ਘੱਟੋ ਘੱਟ ਉਜਰਤ ਲਾਗੂ ਨਹੀਂ ਹੁੰਦੀ ਉੱਥੋਂ ਤੱਕ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਚੋਣ ਵਾਅਦੇ ਅਨੁਸਾਰ ਆਪਣੇ ਮਾਣ ਭੱਤੇ ਨੂੰ ਦੁੱਗਣਾ ਕਰਵਾ ਕੇ ਮਾਣ ਭੱਤਾ 6000 ਰੁਪਏ ਮਹੀਨਾ ਤੁਰੰਤ ਲਾਗੂ ਕਰਨ ਲਈ ਲਗਾਤਾਰ ਸੰਘਰਸ਼ ਚਲਾ ਕੇ ਪੰਜਾਬ ਸਰਕਾਰ ਨੂੰ ਅਤਿ ਮਜਬੂਰ ਕਰਨਾ ਹੈ। ਮਿੱਡ ਡੇ ਮੀਲ ਵਰਕਰਾਂ ਨੂੰ ਦਿੱਤਾ ਜਾਂਦਾ ਮਾਮੂਲੀ ਜਿਹਾ ਮਾਣ ਭੱਤਾ ਦੇਣ ਲਈ ਵਾਰ ਵਾਰ ਵੱਖ-ਵੱਖ ਬੈਂਕਾਂ ਵਿੱਚ ਖਾਤਾ ਖੋਲ੍ਹਣ ਲਈ ਖੱਜਲ ਖੁਆਰ ਕਰਨਾ ਵੀ ਬੰਦ ਕੀਤਾ ਜਾਵੇ ਅਤੇ ਜੋ ਪਹਿਲਾਂ ਹੀ ਬੈਂਕ ਖਾਤੇ ਚੱਲ ਰਹੇ ਹਨ, ਉਹਨਾਂ ਵਿੱਚ ਹੀ ਮਾਣ ਭੱਤਾ ਲਾਗਾਤਾਰ ਪਾਇਆ ਜਾਵੇ। ਸਾਲ ਦੌਰਾਨ ਦੋ ਵਰਦੀਆਂ ਨਹੀਂ ਦਿੱਤੀਆਂ ਜਾ ਰਹੀਆਂ, ਹਰ 25 ਬੱਚਿਆਂ ਪਿੱਛੇ ਇੱਕ ਹੋਰ ਵਾਧੂ ਵਰਕਰ ਨਹੀਂ ਰੱਖੀ ਜਾ ਰਹੀ, ਮਿੱਡ -ਡੇ-ਮੀਲ ਵਰਕਰਾਂ ਤੋਂ ਜਬਰੀ ਹੋਰ ਵਾਧੂ ਕੰਮ ਲੈਣੇ ਬੰਦ ਨਹੀਂ ਕੀਤੇ ਜਾ ਰਹੇ, ਸਰਵਿਸ ਬੁੱਕਾਂ ਨਹੀਂ ਲਗਾਈਆਂ ਜਾ ਰਹੀਆਂ, ਪਛਾਣ ਪੱਤਰ ਜਾਰੀ ਨਹੀਂ ਕੀਤੇ ਜਾ ਰਹੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਪ੍ਰਵੀਨ ਕੌਰ ਫਤਿਹਗੜ੍ਹ ਸਾਹਿਬ, ਕਮਲਜੀਤ ਕੌਰ ਹੁਸ਼ਿਆਰਪੁਰ, ਮਮਤਾ ਸੈਦਪੁਰ ਪ੍ਰਧਾਨ ਕਪੂਰਥਲਾ, ਕਮਲੇਸ਼ ਕੌਰ ਪ੍ਰਧਾਨ ਰੋਪੜ, ਸਿਮਰਨਜੀਤ ਕੌਰ ਜਲੰਧਰ ਜਲੰਧਰ, ਰਿੰਪੀ ਰਾਣੀ ਪ੍ਰਧਾਨ ਨਵਾਂਸ਼ਹਿਰ, ਸੰਤੋਸ਼ ਪਾਸੀ ਪ੍ਰਧਾਨ ਪਠਾਨਕੋਟ, ਜਸਵੀਰ ਕੌਰ ਪ੍ਰਧਾਨ ਲੁਧਿਆਣਾ, ਇਕਬਾਲ ਕੌਰ ਪ੍ਰਧਾਨ ਪਟਿਆਲਾ, ਜਸਵੀਰ ਕੌਰ ਤਾਰਨਤਾਰਨ ਤੋਂ ਇਲਾਵਾ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਅਤੇ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਸ਼ਾਮਲ ਸਨ।


ਸਾਰੇ ਦੇਸ਼ ਵਾਸੀਆਂ ਨੂੰ

79ਵੇਂ ਸੁਤੰਤਰਤਾ ਦਿਵਸ

ਦੀਆਂ ਹਾਰਦਿਕ ਸ਼ੁੱਭਕਾਮਨਾਵਾਂ

Government of India



"ਜੇਕਰ ਅੱਜ ਦੁਨੀਆ ਸੋਚਦੀ ਹੈ ਕਿ ਭਾਰਤ ਇੱਕ ਵੱਡੀ ਛਾਲ ਲਗਾਉਣ ਦੇ ਲਈ ਤਿਆਰ ਹੈ, ਤਾਂ ਉਸ ਦੇ ਪਿੱਛੇ 11 ਵਰ੍ਹਿਆਂ ਦਾ ਇੱਕ ਸ਼ਕਤੀਸ਼ਾਲੀ ਲਾਂਚਪੈਡ ਹੈ।"
-ਨਰਿੰਦਰ ਮੋਦੀ

CBC 46101/13/0016/2526

ਲਾਲ ਕਿਲ੍ਹੇ ਦੀ ਫਸੀਲ ਤੋਂ ਸੁਤੰਤਰਤਾ ਸਮਾਰੋਹ ਦਾ ਸਿੱਧਾ ਪ੍ਰਸਾਰਨ **ਸਵੇਰੇ 6:30 ਵਜੇ** ਤੋਂ ਦੂਰਦਰਸ਼ਨ ਨੈੱਟਵਰਕ 'ਤੇ।

# 79ਵੇਂ ਆਜ਼ਾਦੀ ਦਿਹਾੜੇ 'ਤੇ ਕਾਦੀਆਂ ਵਿਸ਼ੇਸ਼ ਸਪਲੀਮੈਂਟ


## ਸੰਦੇਸ਼

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹਾਂ। ਆਜ਼ਾਦੀ ਦਿਹਾੜੇ 'ਤੇ ਕਾਦੀਆਂ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਯਾਦਵਿੰਦਰ ਸਿੰਘ ਮਲਹੋਤਰਾ ਨੂੰ ਮੁਬਾਰਕਬਾਦ ਦਿੰਦੇ ਹਾਂ।

-ਸਤਨਾਮ ਸਿੰਘ, ਨਾਇਬ ਤਹਿਸੀਲਦਾਰ, ਕਾਦੀਆਂ

## ਹੋਮਿਉਪੈਥਿਕ ਦੇ ਚਮਤਕਾਰ ਮੁਰਾਦ ਕਲੀਨਿਕ

ਮੁਹੱਲਾ ਪ੍ਰੇਮ ਨਗਰ, ਘੋੜੇ ਵਾਲਾ ਚੌਕ, ਕਾਦੀਆਂ

ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਆਧੁਨਿਕ ਦੌਰ 'ਹੋਮਿਉਪੈਥਿਕ ਦਵਾਈਆਂ ਨੇ ਜਿਹੜਾ ਕੰਮ ਕੀਤਾ ਹੈ। ਇਸ ਜਵਾਬ ਨਹੀਂ ਸਾਡੇ ਕੋਲ, ਹਰ ਤਰ੍ਹਾਂ ਦੇ ਮਰੀਜ ਹਰ ਰੋਜ਼ ਠੀਕ ਹੋ ਰਹੇ ਹਨ। ਸਾਡੇ ਕੋਲ ਹਰ ਬਿਮਾਰੀ ਦਾ ਇਲਾਜ ਮੌਜੂਦ ਹੈ। ਹੋਮਿਉਪੈਥਿਕ ਦਾ ਚਮਤਕਾਰ ਇੱਕ ਵਾਰ ਜ਼ਰੂਰ ਵੇਖਣ ਲਈ ਸਾਡੇ ਕੋਲ ਆਓ ਅਤੇ ਹਰ ਤਰ੍ਹਾਂ ਦੀ ਬਿਮਾਰੀ ਜਿਵੇਂ : ਬੀ ਪੀ, ਸ਼ੂਗਰ, ਗਠੀਆ, ਦਮਾ, ਪ੍ਰੋਸਟੇਟ ਕੈਂਸਰ, ਦਿਮਾਗ ਦੀ ਰਸੌਲੀ, ਹਾਰਟ ਬਲੌਕੇਜ, ਪਾਸਾ ਮਾਰ ਜਾਣ, ਨਸ਼ਾ ਛੁਡਾਉਣ ਦਾ ਚਮਤਕਾਰੀ ਕੰਮ, ਅਲਰਜੀ, ਕਬਜ, ਬਵਾਸੀਰ, ਲੀਵਰ ਕੈਂਸਰ, ਸੀਰੋਸਿਸ ਲੀਵਰ, ਆਤਾਂ ਦੇ ਰੋਗ, ਅਪੈਂਡੀਕਸ, ਹਾਈਡਰੋਸ਼ਿਲ ਹਰਨੀਆਂ, ਨਵੀਂ ਜਾਂ ਪੁਰਾਣੀ ਤੋਂ ਪੁਰਾਣੀ ਮਿਰਗੀ ਦਾ ਛੇਤੀ ਛੁਟਕਾਰਾ, ਚੁਰਵਾਗੀ, ਟੀ ਬੀ, ਹਰ ਤਰ੍ਹਾਂ ਦੇ ਕੈਂਸਰ ਦਾ ਛੇਤੀ ਇਲਾਜ ਕੀਤਾ ਜਾਂਦਾ ਹੈ। ਜਿਨ੍ਹਾਂ ਨੂੰ ਜਵਾਬ ਦਿੱਤਾ ਗਿਆ ਹੋਵੇ ਉਹ ਜ਼ਰੂਰ ਸਾਡੇ ਕੋਲ ਫਾਇਦਾ ਉਠਾਉਣ। ਕੋਈ ਵੀ ਬਿਮਾਰੀ ਸਲਾਹ ਲੈਣ ਅਤੇ ਬੇ ਔਲਾਦ ਵਾਲੇ ਜ਼ਰੂਰ ਮਿਲਣ।

ਪ੍ਰੋਸਟੈਂਟ ਕੈਂਸਰ, ਕਿਡਨੀ ਫੇਲੀਅਰ ਦਾ ਇਲਾਜ ਤਸੱਲੀਬਖਸ਼ ਕੀਤਾ ਜਾਂਦਾ ਹੈ ਤੇ ਡਾਇਲੀਸਸ ਤੋਂ ਜਾਣ ਛੁਡਾਓ।

ਡਾ. ਆਮਿਰ BHMS ਆਧੁਨਿਕ ਰੋਗਾਂ ਦੇ ਮਾਹਿਰ | ਡਾ. ਨਸੀਰ B A-BEMS ਕਰੌਨਿਕ ਬਿਮਾਰੀਆਂ ਦੇ ਮਾਹਿਰ | ਡਾ. ਜ਼ੀਨਤ BHMS ਲੇਡੀਜ ਰੋਗਾਂ ਦੇ ਮਾਹਿਰ

ਫੋਨ : 01872-220353, ਮੋ. 98883-43831, 95920-10892

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ

6ਵੀਂ ਤੋਂ ਬਾਰ੍ਹਵੀਂ

ਮੈਡੀਕਲ ਅਤੇ ਨਾਨ ਮੈਡੀਕਲ ਅੰਗਰੇਜ਼ੀ ਅਤੇ ਪੰਜਾਬੀ ਮਾਧਿਅਮ

### ਸੁਵਿਧਾਵਾਂ

- ਮਿਹਨਤੀ ਅਤੇ ਤਜਰਬੇਕਾਰ ਸਟਾਫ
- ਅੱਠਵੀਂ ਤੱਕ ਮੁਫ਼ਤ ਸਿੱਖਿਆ ਅਤੇ ਖਾਣਾ (ਮਿਡ ਡੇ ਮੀਲ ਸੁਵਿਧਾ)
- ਮੁਫ਼ਤ ਵਰਦੀਆਂ ਅਤੇ ਕਿਤਾਬਾਂ
- ਹਵਾਦਾਰ ਕਮਰੇ ਅਤੇ ਵਧੀਆਂ ਫਰਨੀਚਰ
- ਪੀਣ ਲਈ ਸਾਫ਼ ਪਾਣੀ ਦਾ ਪ੍ਰਬੰਧ
- ਸਾਫ਼ ਸੁਥਰੇ ਬਾਥਰੂਮ ਅਤੇ ਹਰੇ ਭਰੇ ਪਾਰਕ

ਕੰਪਿਊਟਰ ਲੈਬ, ਬੌਧਿਕ ਵਿਕਾਸ ਲਈ ਲਾਈਬ੍ਰੇਰੀ, ਸਾਇੰਸ ਅਤੇ ਮੈਥ ਲੈਬ, ਇੰਟਰਨੈਟ ਦੀ ਸਹੂਲਤ, ਸਰੀਰਕ ਵਿਕਾਸ ਲਈ ਖੇਡ ਦਾ ਮੈਦਾਨ ਅਤੇ ਖੇਡਾਂ ਦਾ ਸਮਾਨ

ਗੁਰਟੇਕ ਸਿੰਘ ਏ ਸੀ ਟੀ | ਡਾ. ਸੁਨੀਤਾ ਕੌਸਲ ਪ੍ਰਿੰਸੀਪਲ

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ,

## ਸਨਰਾਈਜ਼ ਸੀਨੀਅਰ ਸੈਕੰਡਰੀ ਸਕੂਲ ਭਾਮੜੀ

ਪ੍ਰਿੰਸੀਪਲ ਇੰਦਰਜੀਤ ਕੌਰ

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ,

## ਛਾਬੜਾ ਕਲੀਨਿਕ

ਸਿਵਲ ਲਾਇਨ ਚੌਕ, ਕਾਦੀਆਂ

ਇੱਥੇ ਹਰ ਬਿਮਾਰੀ ਦਾ ਇਲਾਜ ਕੀਤਾ ਜਾਂਦਾ ਹੈ।

ਡਾ. ਪ੍ਰਦੀਪ ਕੁਮਾਰ

ਸੰਪਰਕ : 99141-75881

## ਸਹਿਯੋਗੀ ਸੱਜਣ

ਗੁਰਦਿਲਬਾਗ ਸਿੰਘ ਮਾਹਲ ਪ੍ਰਧਾਨ ਪ੍ਰੈਸ ਕਲੱਬ ਕਾਦੀਆਂ | ਨਿਸ਼ਾਨ ਸਿੰਘ ਚਾਹਲ ਪੱਤਰਕਾਰ ਕਾਹਨੂੰਵਾਨ | ਜਸ਼ਨਦੀਪ ਸਿੰਘ ਮਲਹੋਤਰਾ ਕਾਦੀਆਂ | ਗੁਰਪ੍ਰੀਤ ਸਿੰਘ ਕਾਦੀਆਂ | ਜਗਮੀਤ ਸਿੰਘ ਮਲਹੋਤਰਾ ਕਾਦੀਆਂ

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ

ਚਰਨਜੀਤ ਸਿੰਘ ਸਰਪੰਚ | ਕਿਰਨਪ੍ਰੀਤ ਕੌਰ ਪੰਚ | ਰੀਟਾ ਸ਼ਰਮਾ ਪੰਚ | ਅਵਤਾਰ ਸਿੰਘ ਪੰਚ | ਦਵਿੰਦਰ ਸਿੰਘ ਪੰਚ | ਕੁਲਵੰਤ ਸਿੰਘ ਪੰਚ

ਜਾਰੀ ਕਰਤਾ : ਗਰਾਮ ਪੰਚਾਇਤ ਸ਼ੀਹ ਭੱਟੀ (ਕਾਦੀਆਂ)

ਮੋਬਾ. 98141-22815

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ

## Govt Sr. Sec. School Bhattian

ਪ੍ਰਿੰਸੀਪਲ ਸੰਦੀਪ ਸਿੰਘ | ਜਸਵਿੰਦਰ ਸਿੰਘ ਮੈਥ ਟੀਚਰ

## ਖੇਤੀਬਾੜੀ ਦਫ਼ਤਰ ਅਤੇ ਕਿਸਾਨ ਭਲਾਈ ਵਿਭਾਗ, ਕਾਦੀਆਂ

ਕਿਸਾਨ ਵੀਰ ਪੰਜਾਬ ਨੂੰ ਹਰਿਆ ਭਰਿਆ ਰੱਖਣ ਅਤੇ ਪ੍ਰਦੂਸ਼ਣ ਮੁਕਤ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਕਣਕ ਦੀ ਬਿਜਾਈ ਕਰਨ।

ਹਰਪ੍ਰੀਤ ਸਿੰਘ ਬੇਪਾਰਾਏ A. E. O. ਵਿਸਥਾਰ ਅਫਸਰ ਕਾਦੀਆਂ

## ਸਿੱਖ ਹੈਰੀਟੇਜ ਮਾਡਲ ਹਾਈ ਸਕੂਲ, ਹਰਚੋਵਾਲ (ਗੁਰਦਾਸਪੁਰ)

Affiliation No. G-0004537 (P.S.E.B.)

### ਸਕੂਲ ਦੇ ਪ੍ਰੋਗਰਾਮ ਅਤੇ ਸਹੂਲਤਾਂ

- Smart Classes, Training for Competitve Exams.
- Career Guidance Program,
- Playgrounds
- Science & Computer Labs
- Library
- ਸ਼ਖ਼ਸੀਅਤ ਵਿਕਾਸ ਪ੍ਰੋਗਰਾਮ
- ਸਿੱਖ-ਮਾਰਸ਼ਲ ਆਰਟ ਗੱਤਕਾ ਅਤੇ ਕਰਾਟੇ
- ਗੁਰਬਾਣੀ ਕੀਰਤਨ (ਤੰਤੀ ਸਾਜਾਂ ਨਾਲ)
- ਗੁਰਬਾਣੀ ਸੰਥਿਆ
- ਸਿੱਖ ਸੱਭਿਆਚਾਰ ਅਤੇ ਧਾਰਮਿਕ ਗਤੀਵਿਧੀਆਂ
- ਮੰਚ ਕਲਾ

ਮੋਬਾ. 97799-75425, 98157-23193

### ਪੰਜਾਬ ਦਾ ਸ਼ਾਂਤੀ ਨਿਕੇਤਨ

## ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ

(ਬਟਾਲਾ, ਟਾਂਡਾ ਤੇ ਗੁਰਦਾਸਪੁਰ ਤੋਂ 27 ਕਿਲੋਮੀਟਰ) (ਗੁਰਾਸਪੁਰ ਤੋਂ ਸ੍ਰੀ ਹਰਗੋਬਿੰਦਪੁਰ ਰੋਡ, ਨੇੜੇ ਹਰਚੋਵਾਲ)

ਪਿਛਲੇ 47 ਸਾਲਾਂ ਤੋਂ ਚੱਲ ਰਹੇ ਹੋਸਟਲ ਵਿੱਚ, ਬੀ. ਏ. ਅਤੇ ਬੀ ਸੀ ਏ ਲਈ ਲੋੜਵੰਦ ਅਤੇ ਧਾਰਮਿਕ ਮਾਹੌਲ ਵਿੱਚ ਰਹਿ ਕੇ ਵਿਦਿਆ ਪ੍ਰਾਪਤੀ ਕਰਨ ਦੀਆਂ ਚਾਹਵਾਨ ਬੇਟੀਆਂ ਬਿਲਕੁੱਲ ਮੁਫ਼ਤ ਦਾਖਲਾ ਪ੍ਰਾਪਤ ਕਰ ਸਕਦੀਆਂ ਹਨ। ਕਾਲਜ ਵਿੱਚ ਹੋਸਟਲ ਤੇ ਪੜ੍ਹਾਈ ਬਿਲਕੁੱਲ ਮੁਫ਼ਤ ਹੈ।

(ਦਾਖ਼ਲਾ-ਦਾਖ਼ਲਾ ਟੈਸਟ ਅਤੇ ਜੋ ਪਹਿਲਾਂ ਆਏ ਸੋ ਦਾਖ਼ਲਾ ਪਹਿਲਾ ਪਾਏ ਅਧੀਨ)

ਸਕੂਲ ਹੋਸਟਲ 6ਵੀਂ ਤੋਂ 12ਵੀਂ ਤੱਕ ਮਾਮੂਲੀ ਤੇ ਨਾ-ਮਾਤਰ ਖਰਚੇ ਨਾਲ

ਦਾਖ਼ਲਾ ਸ਼ੁਰੂ ਹੈ | ਹੋਸਟਲ 'ਚ ਸੀਮਤ ਸੀਟਾਂ

ਪ੍ਰਿੰਸੀਪਲ ਸਵਰਨ ਸਿੰਘ ਵਿਰਕ

ਸੰਪਰਕ : 98727-55884, 98152-78844, 98143-78844

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ

R.B.

## Naresh Chander Baldev Raj ਭੱਠੇ ਵਾਲੇ

ਨਰੇਸ਼ ਚੰਦਰ ਬਲਦੇਵ ਰਾਜ, ਬਸਰਾਵਾਂ, ਕਾਦੀਆਂ

Basrawan, Qadian

Rajiv Bajaj, Mob. 98156-21923

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ

## M/s KHOKHAR SERVICE STATION

Indian Oil Petrol Pump Batala Road, Qadian (Gsp.)

ਗੁਰਜੀਤ ਸਿੰਘ

## ਹੋਵਾ ਸਾਫੀ ਹੋਮਿਓਪੈਥਿਕ ਕਲੀਨਿਕ

ਹਰਚੋਵਾਲ ਰੋਡ ਨੰਗਲ ਬਾਗਬਾਨਾਂ

ਇੱਥੇ ਹਰ ਪ੍ਰਕਾਰ ਦੀ ਬਿਮਾਰੀ ਦੀ ਇਲਾਜ ਵਧੀਆ ਤਰੀਕੇ ਨਾਲ ਕੀਤਾ ਜਾਂਦਾ ਹੈ।

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ

ਹੈਡਮਾਸਟਰ ਵਿਜੈ ਕੁਮਾਰ (ਬੀ ਐਨ ਓ)

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਬਸਰਾਵਾਂ

ਸਰਪੰਚ ਰੂਪ ਸਿੰਘ | ਨੰਬਰਦਾਰ ਜਸਵੰਤ ਸਿੰਘ | ਸਰਪੰਚ ਸੰਤਿੰਦਰ ਸਿੰਘ ਸੇਖਵਾਂ | ਸਰਪੰਚ ਸਰਵਨ ਸਿੰਘ ਨਗਰ ਪੰਤੀ ਸੇਖਵਾਂ

ਹਰਜਿੰਦਰ ਸਿੰਘ ਐੱਸ ਐੱਚ ਓ ਥਾਣਾ ਸੇਖਵਾਂ

ਗੁਰਨਾਮ ਸਿੰਘ ਐੱਸ ਐੱਚ ਓ ਥਾਣਾ ਕਾਹਨੂੰਵਾਨ

## ਸੰਦੇਸ਼

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹਾਂ। ਆਜ਼ਾਦੀ ਦਿਹਾੜੇ 'ਤੇ ਕਾਦੀਆਂ ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਯਾਦਵਿੰਦਰ ਸਿੰਘ ਮਲਹੋਤਰਾ ਨੂੰ ਮੁਬਾਰਕਬਾਦ ਦਿੰਦੇ ਹਾਂ।

ਸੁਖਜੀਤ ਸਿੰਘ ਬਾਜਵਾ ਬੀ ਡੀ ਪੀ ਓ, ਕਾਹਨੂੰਵਾਨ | ਗੱਜਣ ਸਿੰਘ ਸੈਕਟਰੀ ਬਲਾਕ ਕਾਹਨੂੰਵਾਨ

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ,

ਸੁਖਚੈਨ ਸਿੰਘ ਸਕੱਤਰ

ਬੀ ਡੀ ਓ ਦਫ਼ਤਰ, ਕਾਦੀਆਂ

ਡਾ. ਲਖਵਿੰਦਰ ਸਿੰਘ ਸੰਧੂ ਐਲਖ ਜ਼ਿਲ੍ਹਾ ਪ੍ਰੈਸ ਸਕੱਤਰ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਰਜਿ.) ਜ਼ਿਲ੍ਹਾ ਗੁਰਦਾਸਪੁਰ

ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁੱਭਕਾਮਨਾਵਾਂ

ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਮੌਜੂਦਾ ਵਿਧਾਇਕ ਫਤਿਹਗੜ੍ਹ ਚੂੜੀਆਂ | ਰਵੀਨੰਦਨ ਸਿੰਘ ਬਾਜਵਾ ਸਾਬਕਾ ਚੇਅਰਮੈਨ

## AKAL HOSPITAL

PHYSIOTHERAPY CENTRE

ਸੁਵਿਧਾਵਾਂ : • ਗਰਭਵਤੀ ਔਰਤਾਂ ਦਾ ਚੈਕਅੱਪ •ਨਾਰਮਲ ਡਿਲਵਰੀ •ਸਜੇਰੀਅਨ (ਵੱਡਾ ਅਪਰੇਸ਼ਨ) ਡਲਿਵਰੀ • ਬੱਚੇਦਾਨੀ ਦੀ ਰਸੌਲੀਆਂ ਦਾ ਅਪ੍ਰੇਸ਼ਨ •ਬਾਂਝਪਨ ਦਾ ਇਲਾਜ •ਔਰਤਾਂ ਦੀ ਹਰ ਬਿਮਾਰੀ ਦਾ ਚੈਕਅੱਪ ਅਤੇ ਇਲਾਜ • ਭਾਰ ਪੈਣ ਦੀ ਸ਼ਿਕਾਇਤ 537 •ਪਿੱਤੇ ਦੀ ਪੱਥਰੀ ਰਸੌਲੀਆਂ ਦਾ ਅਪ੍ਰੇਸ਼ਨ •ਲੈਪਰੋਸਕੋਪਿਕ/ਦੂਰਬੀਨ ਰਾਹੀਂ ਅਪ੍ਰੇਸ਼ਨ •ਸ਼ੂਗਰ, ਬੀ ਪੀ ਅਤੇ ਬੁਖਾਰ (ਟਾਈਫਾਈਡ, ਡੇਂਗੂ, ਮਲੇਰੀਆ ਆਦਿ) ਦਾ ਇਲਾਜ •ਜੋੜਾਂ ਦਾ ਦਰਦ ਅਤੇ ਸਰਵਾਇਕਲ •ਕਮਰ ਦਰਦ •ਗੋਡਿਆਂ ਦੀ ਦਰਦ •ਮੋਢੇ ਦੀ ਦਰਦ •ਜੋੜਾਂ ਦਾ ਦਰਦ • ਗਿੱਟੇ ਦੀ ਦਰਦ

ਡਾ. ਗੁਰਬਾਜ ਸਿੰਘ

ਇੱਥੇ ਬਹੁਤ ਹੀ ਘੱਟ ਰੇਟਾਂ 'ਤੇ ਅਪ੍ਰੇਸ਼ਨ ਕੀਤੇ ਜਾਂਦੇ ਹਨ।

ਨੋਟ : ਇੱਥੇ ਅਪ੍ਰੇਸ਼ਨ ਦੇ ਬਾਅਦ ਫਿਜ਼ੀਓਥਰੈਪੀ ਡਿਸਕ ਦੀਆਂ ਸਮੱਸਿਆਵਾਂ ਦਾ ਨਵੀਂ ਤਕਨੀਕ ਵਾਲੀਆਂ ਮਸ਼ੀਨਾਂ ਨਾਲ ਬਿਹਤਰ ਇਲਾਜ ਕੀਤਾ ਜਾਂਦਾ ਹੈ।

ਇਸਤਰੀ ਰੋਗਾਂ ਦੇ ਮਾਹਿਰ ਡਾਕਟਰ ਹਰ ਸਮੇਂ 24 ਘੰਟੇ ਹਾਜ਼ਰ ਰਹਿੰਦੇ ਹਨ।

Opp. Church, Batala Road Qadian (M) 94785-93134

## ਸੇਂਟ ਜੋਸਫ ਕਾਨਵੈਂਟ ਸਕੂਲ

ਡੱਲਾ ਮੋੜ ਕਾਦੀਆਂ

ਅਸੀਂ ਪ੍ਰਮਾਤਮਾ ਦਾ ਧੰਨਵਾਦ ਕਰਦੇ ਹਾਂ ਕਿ ਉਸਦੇ ਆਸ਼ੀਰਵਾਦ ਸਦਕਾ ਸਾਡਾ ਸਕੂਲ ਬੁਲੰਦੀਆਂ ਨੂੰ ਛੂ ਰਿਹਾ ਹੈ।ਇਹ ਆਪਣੇ ਟੀਚੇ ਤੇ, ਸਕੂਲ ਦੇ ਡਾਇਰੈਕਟਰ ਫਾਦਰ ਵਿਲੀਅਮ ਸਹੋਤਾ, ਪ੍ਰਿੰਸੀਪਲ ਸਿਸਟਰ ਜੋਸੀਆ ਅਤੇ ਵਾਈਸ ਪ੍ਰਿੰਸੀਪਲ ਸਿਸਟਰ ਲਿਟੀ ਦੀ ਅਗਵਾਈ ਹੇਠ ਪਹੁੰਚ ਰਿਹਾ ਹੈ।ਸਕੂਲ ਦਾ ਸਮੂਹ ਸਟਾਫ ਵੀ ਆਪਣੇ ਕੀਮਤੀ ਸਮੇਂ ਅਤੇ ਤਾਕਤ ਨਾਲ ਸਕੂਲ ਨੂੰ ਉਚਾਈਆਂ 'ਤੇ ਲੈ ਕੇ ਜਾ ਰਿਹਾ ਹੈ।ਸਕੂਲ ਨਰਸਰੀ ਤੋਂ ਲੈ ਕੇ ਦਸਵੀਂ ਤੱਕ ਦੀਆਂ ਸਾਰੀਆਂ ਲੋੜੀਂਦੀਆਂ ਸਹੂਲਤਾਂ ਨੂੰ ਪੂਰਾ ਕਰ ਰਿਹਾ ਹੈ।ਸਕੂਲ 'ਚ ਜੋ ਲਾਈਬਰੇਰੀ ਹੈ ਉਹ ਬੱਚਿਆਂ ਦੀ ਰੁਚੀ ਨੂੰ ਧਿਆਨ 'ਚ ਰੱਖਦੇ ਹੋਏ ਗਿਆਨ ਭਰਪੂਰ ਕਿਤਾਬਾਂ ਅਤੇ ਆਈ ਸੀ ਐਸ ਸੀ ਬੋਰਡ ਦੇ ਪੈਟਰਨ ਸੰਬੰਧੀ ਕਿਤਾਬਾਂ ਨੂੰ ਪੂਰਾ ਕਰਦੀ ਹੈ।ਫਿਜਿਕਸ, ਕੈਮਿਸਟਰੀ, ਬਾਓਲੋਜੀ ਲੈਬ, ਦੋ ਕੰਪਿਊਟਰ ਲੈਬ, ਅੰਗਰੇਜ਼ੀ ਭਾਸ਼ਾ ਲੈਬ, ਇੱਕ ਆਡੀਟੋਰੀਅਮ, ਇੱਕ ਐਸ ਯੂ ਪੀ ਡਬਲਊ ਕਮਰਾ, ਦੋ ਸਿਕ ਰੂਮ ਲੜਕੇ ਅਤੇ ਲੜਕੀਆਂ ਲਈ ਵੱਖਰੇ- ਵੱਖਰੇ, ਦੋ ਖੇਡਾਂ ਦੇ ਮੈਦਾਨ ਹਨ। ਸਕੂਲ ਦੀ ਮੈਨੇਜਮੈਂਟ ਬੱਚਿਆਂ ਦੇ ਟਰਿੱਪ ਵੀ ਲੈ ਕੇ ਜਾਂਦੀ ਹੈ।ਕਮਜ਼ੋਰ ਬੱਚਿਆਂ ਵੱਲ ਵੱਧ ਤੋਂ ਵੱਧ ਧਿਆਨ ਦਿੱਤਾ ਜਾਂਦਾ ਹੈ।ਸਕੂਲ ਦੀ ਤਰੱਕੀ ਪਿੱਛੇ ਸਾਡੀ ਮੈਨੇਜਮੈਂਟ, ਸਮੂਹ ਸਟਾਫ ਅਤੇ ਮਾਪਿਆਂ ਦਾ ਹੱਥ ਹੈ ਜੋ ਹਮੇਸ਼ਾ ਸਕੂਲ ਦੇ ਸ਼ੁੱਭ ਚਿੰਤਕ ਬਣ ਕੇ ਸਕੂਲ ਦੇ ਨਾਲ ਖੜੇ ਹਨ।

ਫਾਦਰ ਵਿਲੀਅਮ ਸਹੋਤਾ | ਸਿਸਟਰ ਜੋਸੀਆ

## ਧੰਨਵਾਦ

ਆਜ਼ਾਦੀ ਦਿਹਾੜੇ 'ਤੇ ਕਾਦੀਆਂ ਵਿਸ਼ੇਸ਼ ਸਪਲੀਮੈਂਟ ਕੱਢਣ 'ਚ ਜਿਨ੍ਹਾਂ ਸੱਜਣਾਂ ਮਿੱਤਰਾਂ ਨੇ ਮੈਨੂੰ ਸਹਿਯੋਗ ਦਿੱਤਾ, ਮੈਂ ਉਨ੍ਹਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਉਹ ਮੈਨੂੰ ਇਸੇ ਤਰ੍ਹਾਂ ਅੱਗੋਂ ਤੋਂ ਵੀ ਸਹਿਯੋਗ ਦਿੰਦੇ ਰਹਿਣਗੇ।

ਯਾਦਵਿੰਦਰ ਸਿੰਘ ਮਲਹੋਤਰਾ ਪੱਤਰਕਾਰ ਕਾਦੀਆਂ

ਮੋਬਾ.98144-68242


# 79ਵੇਂ ਆਜ਼ਾਦੀ ਦਿਹਾੜੇ ਮੌਕੇ ਸ੍ਰੀ ਮੁਕਤਸਰ ਸਾਹਿਬ ਤੋਂ ਵਿਸ਼ੇਸ਼ ਸਪਲੀਮੈਂਟ


ਨਵਾਂ ਡਾ. ਬਲਦੇਵ ਰਾਜ ਹਸਪਤਾਲ | ਸਹੂਲਤਾਂ ਵੱਡੇ ਸ਼ਹਿਰਾਂ ਵਾਲੀਆਂ, ਖਰਚਾ ਛੋਟੇ ਸ਼ਹਿਰਾਂ ਵਾਲਾ

## MMC ਮੁਕਤਸਰ ਮੈਡੀਸਿਟੀ ਹਸਪਤਾਲ

ਬਠਿੰਡਾ ਰੋਡ, ਨੇੜੇ ਗੁਰਦੁਆਰਾ ਤਰਨਤਾਰਨ ਸਾਹਿਬ, ਸ੍ਰੀ ਮੁਕਤਸਰ ਸਾਹਿਬ

ਸਾਬਕਾ ਫੌਜੀਆਂ ਲਈ ECHS Scheme ਤਹਿਤ ਬਿਲਕੁਲ ਮੁਫ਼ਤ ਇਲਾਜ

We are Now Empanelled with ECHS Scheme

ਮੈਡੀਸਨ ਵਿਭਾਗ | ਦਿਲ ਦੇ ਰੋਗਾਂ ਦਾ ਵਿਭਾਗ | ਆਪ੍ਰੇਸ਼ਨਾਂ ਦਾ ਵਿਭਾਗ | ਆਰਥੋ ਵਿਭਾਗ | ਜੱਚਾ-ਬੱਚਾ ਵਿਭਾਗ | ਯੂਰੋਲੋਜੀ ਵਿਭਾਗ

Dr. Sudhir Raj M.D. Medicine (M. 92167-82777)

Dr Gaurav K Sisodia DM Cardiologist

P.R.O.'s: ਚਰਨਜੀਤ ਸਿੰਘ M. 98722-07390 | ਭੂਸ਼ਨ ਕਾਂਤੀ M. 92167-02229 | ਕਰਮਬੀਰ ਸਿੰਘ M. 99883-65255 | ਜਗਜੀਤ ਸਿੰਘ M. 98763-16130

ਆਜ਼ਾਦੀ ਦਿਹਾੜੇ ਦੀ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈ

## CDELI

Modern Bistro

Sh.No. 6-7, KKP Road, Opp. Govt. College, Sri Muktsar Sahib 90413-06841

ਆਜ਼ਾਦੀ ਦਿਹਾੜੇ ਦੀ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈ

## ਐਲ.ਡੀ.ਆਰ. ਕੌਨਵੈਂਟ ਸਕੂਲ

ਸੀ.ਬੀ.ਐਸ.ਈ. ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ

ਨਰਸਰੀ ਤੋਂ 10ਵੀਂ ਤੱਕ

ਇੰਗਲਿਸ਼ ਮੀਡੀਅਮ ਕੋ ਐਜੂਕੇਸ਼ਨ

ਮੋ: 98729-68260, 95307- 40408

ਪਿੰਡ ਲੰਬੀ ਢਾਬ, ਜਿਲ੍ਹਾ ਸ੍ਰੀ ਮੁਕਤਸਰ ਸਾਹਿਬ

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

## HOTEL MADAAN CONTINENTAL

(A Unit of MADAAN HOTEL)

- BEER BAR LOUNGE
- FINE DINNING
- RESTAURANT/ BANQUET
- RESTAURANT/ KITTY PARTY HALL
- ICE-CREAM/COFFEE SHOP

KOTKAPURA ROAD, SRI MUKTSAR SAHIB, M. 99146-89052

ਧੰਨਵਾਦ- ਅਸੀਂ ਧੰਨਵਾਦੀ ਹਾਂ ਉਹਨਾਂ ਇਸ਼ਤਿਹਾਰ ਦਾਤਾਵਾਂ ਦੇ ਜਿਨ੍ਹਾਂ ਨੇ ਸਾਨੂੰ ਇਹ ਵਿਸ਼ੇਸ਼ ਸਪਲੀਮੈਂਟ ਕੱਢਣ ਵਿਚ ਸਹਿਯੋਗ ਦਿੱਤਾ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ।

ਪੱਤਰਕਾਰ ਪੂਜਾ ਮੋ: 70096-05872

ਸ਼ਮਿੰਦਰਪਾਲ ਸਿੰਘ ਸਟਾਫ ਰਿਪੋਰਟਰ, ਨਵਾਂ ਜ਼ਮਾਨਾ, ਸ੍ਰੀ ਮੁਕਤਸਰ ਸਾਹਿਬ, ਮੋ: 70090-13100

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

ਮੋਹਿਤ ਕੁਮਾਰ ਮੰਡੀ ਬਰੀਵਾਲਾ, ਸ੍ਰੀ ਮੁਕਤਸਰ ਸਾਹਿਬ

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

Rakesh Jasuja
M. 85282-44000
CA Aayush Jasuja
M.70096-04184
+44 7894 988976
Ansh Jasuja
M. 96539-33000

M/s. Kotu Ram Mool Chand
Jalalabad (W)

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

## ਡਾ. ਅਗਮ ਸਮੀਕਸ਼ਾ ਫਾਊਂਡੇਸ਼ਨ

ਹੈੱਡ ਆਫਿਸ ਆਸ਼ੀਰਵਾਦ ਹਸਪਤਾਲ ਬਠਿੰਡਾ ਰੋਡ, ਸ੍ਰੀ ਮੁਕਤਸਰ ਸਾਹਿਬ

ਡਾ. ਵਿਕਰਮਜੀਤ 98140-99391 | ਡਾ. ਰੰਜੂ ਸਿੰਗਲਾ 98150-97970

ਡਾ. ਅਗਮ ਸਮੀਕਸ਼ਾ ਫਾਊਂਡੇਸ਼ਨ ਤਹਿਤ ਹੁਣ ਸਾਰੇ ਅਪ੍ਰੇਸ਼ਨ ਸਿਰਫ਼ ਪੰਜ ਹਜ਼ਾਰ ਰੁਪਏ ਵਿੱਚ ਹੀ ਕੀਤੇ ਜਾਂਦੇ ਹਨ। (ਦਵਾਈਆਂ ਅਤੇ ਟੈਸਟ ਤੋਂ ਇਲਾਵਾ)

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

ਡਾ. ਸਪਨਾ ਕੇ. ਸਿਸੋਦੀਆ

ਗੁਰਦੇ ਦੇ ਰੋਗਾਂ ਦੇ ਮਾਹਿਰ (ਡਾਇਲਾਸਿਸ)

## ਊਸ਼ਾ ਬਾਂਸਲ ਨਰਸਿੰਗ ਹੋਮ

ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

ਇੱਥੇ ਹਰ ਤਰ੍ਹਾਂ ਦੇ ਲੋਨ ਕਰਵਾਏ ਜਾਂਦੇ ਹਨ। ਜਿਵੇਂ ਕਿ ਹੋਮ ਲੋਨ, ਪਰਸਨਲ ਲੋਨ, ਪਰਚੇਜ ਹਾਊਸ ਲੋਨ, ਲਿਮਟ, ਕਾਰ ਲੋਨ, ਐਜੂਕੇਸ਼ਨ ਲੋਨ ਅਤੇ ਹੋਰ ਕਈ ਤਰ੍ਹਾਂ ਦੇ ਲੋਨ ਕਰਵਾਏ ਜਾਂਦੇ ਹਨ। ਬਹੁਤ ਘੱਟ ਵਿਆਜ ਦਰ ਤੇ ਕਰਵਾਏ ਜਾਂਦੇ ਹਨ।

Sanjeev Kumar
Please Contact for any query 98141-11175

15 ਅਗਸਤ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

## ਖੇੜਾ ਕਰਿਆਨਾ ਸਟੋਰ

ਇਥੇ ਹਰ ਤਰ੍ਹਾਂ ਦੇ ਕਰਿਆਨੇ ਦਾ ਸਮਾਨ ਸਾਫ ਸੁਥਰਾ ਅਤੇ ਬਾਜ਼ਾਰ ਨਾਲੋਂ ਵਾਜਬ ਰੇਟਾਂ ਤੇ ਮਿਲਦਾ ਹੈ

M/S ਮੁਕੰਦ ਲਾਲ ਮਨੋਹਰ ਲਾਲ

ਸਦਰ ਬਾਜ਼ਾਰ ਸ੍ਰੀ ਮੁਕਤਸਰ ਸਾਹਿਬ ਫੋਨ ਨੰਬਰ. 98156-39000

## MALOUT INSTITUTE OF MANAGEMENT & INFORMATION TECHNOLOGY

PUNJAB GOVT. ENGG. & MANAGEMENT COLLEGE

Affiliated to I.K.G., Punjab Technical University Jalandhar

Approved by AICTE, New Delhi




Session 2025-26

ADMISSION OPEN

Get upto 100% Scholarships

98759-50050
98759-50060

B.TECH (CSE | IT | ME | ECE)
MBA | B.Sc. (NON MED.)
BBA | BCA | B.COM
PGDCA

HOSTEL FEES @6300 Per Year | EXCELLENT PLACEMENTS | FULLY WI-FI CAMPUS | PMSS FOR SC/ST STUDENTS

*Terms and conditions apply

MIMIT MALOUT

NEW GRAIN MARKET, NEAR BUS STAND, MALOUT

For Registration Visit : www.mimitmalout.ac.in Email : admissions@mimitmalout.ac.in

# ਸੁਤੰਤਰਤਾ ਦਿਵਸ ਤੇ ਸਮਾਣਾ ਦਾ ਵਿਸ਼ੇਸ਼ ਸਪਲੀਮੈਂਟ

ਅਸੀਂ 79 ਵੇਂ ਆਜਾਦੀ ਦਿਹਾੜੇ ਤੇ ਸਮੂਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਅਜਾਦੀ ਦਿਹਾੜੇ ਦੀਆਂ ਸੁੱਭ ਕਾਮਨਾਵਾਂ ਦਿੰਦੇ ਹਾਂ। ਅਜਾਦੀ ਦਿਹਾੜੇ ਤੇ ਸਮਾਣਾ ਦਾ ਵਿਸੇਸ਼ ਸਪਲੀਮੈਂਟ ਕੱਢਣ ਤੇ ਪੱਤਰਕਾਰ ਇਕਬਾਲ ਸਿੰਘ ਬੱਲ, ਪੱਤਰਕਾਰ ਗੁਰਪਿਆਰ ਸਿੰਘ ਬੱਲ ਅਤੇ ਅਦਾਰਾ ਨਵਾਂ ਜਮਾਨਾ ਨੂੰ ਮੁਬਾਰਕਬਾਦ ਦਿੰਦੇ ਹਾਂ। ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਪੱਤਰਕਾਰ ਅਤੇ ਅਦਾਰਾ ਨਵਾਂ ਜਮਾਨਾ ਦਾ ਸਮੂਹ ਸਟਾਫ ਦਿਨ ਦੁੱਗਨੀ ਰਾਤ ਚੁੱਗਣੀ ਤਰੱਕੀ ਕਰੇ।



ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀਕਰਨ ਬੋਰਡ ਪੰਜਾਬ | ਸ. ਚੇਤਨ ਸਿੰਘ ਜੌੜਾਮਾਜਰਾ ਵਿਧਾਇਕ ਹਲਕਾ ਸਮਾਣਾ | ਸ. ਗੁਰਵਿੰਦਰ ਸਿੰਘ ਗੋਰਵ ਸੰਧੂ ਸੀਨੀਅਰ ਕਾਂਗਰਸੀ ਆਗੂ | ਸ. ਰਛਪਾਲ ਸਿੰਘ ਜੌੜਾਮਾਜਰਾ ਕਨਵੀਨਰ ਆਲ ਇੰਡੀਆ ਕਾਂਗਰਸ ਕਿਸਾਨ ਸੈੱਲ | ਪ੍ਰਵੀਨ ਸ਼ਰਮਾ ਉਘੇ ਸਮਾਜ ਸੇਵਕ | ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਉਘੇ ਸਿੱਖਿਆ ਸਾਸ਼ਤਰੀ ਅਤੇ ਜਰਨਲਿਸਟ | ਡਾ. ਮਦਨ ਮਿੱਤਲ ਪ੍ਰਧਾਨ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ | ਸ਼ਾਮ ਲਾਲ ਦੱਤ ਮੈਂਬਰ ਸਟੈਂਡਿੰਗ ਕਮੇਟੀ ਮੰਡੀਕਰਨ ਬੋਰਡ, ਪੰਜਾਬ ਪ੍ਰਧਾਨ ਵਪਾਰ ਮੰਡਲ ਸਮਾਣਾ

## ਅਜਾਦੀ ਦਿਹਾੜੇ ਦੀਆਂ ਲੱਖ ਲੱਖ ਮੁਬਾਰਕਾਂ




ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਪੱਤਰਕਾਰ ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ

ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਪੱਤਰਕਾਰ ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ








ਪੈਰਾਡਾਈਜ ਇੰਟਰਨੈਸ਼ਨਲ ਸਕੂਲ, ਘੱਗਾ ਵੱਲੋਂ ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਅਦਾਰਾ ਨਵਾਂ ਜਮਾਨਾ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ




ਡੀ.ਏ.ਵੀ ਸਕੂਲ ਸਮਾਣਾ ਵੱਲੋਂ ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਅਦਾਰਾ ਨਵਾਂ ਜਮਾਨਾ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ




ਅਸੀਂ ਅਜਾਦੀ ਦਿਹਾੜੇ ਤੇ ਸਮਾਣਾ ਦਾ ਵਿਸੇਸ਼ ਸਪਲੀਮੈਂਟ ਕੱਢਣ ਤੇ ਪੱਤਰਕਾਰ ਗੁਰਪਿਆਰ ਸਿੰਘ ਬੱਲ ਅਤੇ ਅਦਾਰਾ ਨਵਾਂ ਜਮਾਨਾ ਨੂੰ ਮੁਬਾਰਕਬਾਦ ਦਿੰਦੇ ਹਾਂ। ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਅਦਾਰਾ ਨਵਾਂ ਜਮਾਨਾ ਦਾ ਸਮੂਹ ਸਟਾਫ ਦਿਨ ਦੁੱਗਨੀ ਰਾਤ ਚੁੱਗਣੀ ਤਰੱਕੀ ਕਰੇ।



ਐਡਵੋਕੇਟ ਦਵਿੰਦਰ ਸਿੰਘ ਢਿੱਲੋਂ ਸਮਾਣਾ | ਐਡਵੋਕੇਟ ਕਰਮਜੀਤ ਸਿੰਘ ਰੰਧਾਵਾ ਸਮਾਣਾ | ਪਰਵਿੰਦਰ ਸਿੰਘ ਚੱਠਾ (ਪਿੰਕਾ ਨਸੂਪੁਰ) ਯੂ.ਐਸ.ਏ, ਅਮਰੀਕਾ | ਮੁੱਖਤਿਆਰ ਸਿੰਘ (ਬੱਬੂ) ਚੀਮਾ ਯੂ.ਐਸ.ਏ. (ਅਮਰੀਕਾ) | ਗਗਨ ਨਿਰਮਾਨ ਯੂ.ਐਸ.ਏ. (ਅਮਰੀਕਾ) | ਭੁਪਿੰਦਰ ਸਿੰਘ (ਸੋਨੂੰ ਚੀਮਾ) ਯੂ.ਐਸ.ਏ. (ਅਮਰੀਕਾ) | ਨਰਿੰਦਰ ਸਿੰਘ (ਮੋਨੂੰ ਚੀਮਾ)




## ਪ੍ਰਸਾਸ਼ਨਿਕ ਅਧਿਕਾਰੀ

ਅਸੀਂ 79 ਵੇਂ ਆਜਾਦੀ ਦਿਹਾੜੇ ਤੇ ਸਮਾਣਾ ਦਾ ਸਪਲੀਮੈਂਟ ਕੱਢਣ ਲਈ ਪੱਤਰਕਾਰ ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ, ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਅਜਾਦੀ ਦਿਹਾੜੇ ਦੀਆਂ ਸੱਭ ਕਾਮਨਾਵਾਂ ਦਿੰਦੇ ਹਾਂ।



ਰਿਚਾ ਗੋਇਲ ਐਸ.ਡੀ.ਐਮ. ਸਮਾਣਾ | ਸਰਵੇਸ ਰਾਜਨ ਤਹਿਸੀਲਦਾਰ ਸਮਾਣਾ | ਗੁਰਬੰਸ ਸਿੰਘ ਨਾਇਬ ਤਹਿਸੀਲਦਾਰ ਸਮਾਣਾ | ਫਤਿਹ ਸਿੰਘ ਬਰਾੜ ਡੀ.ਐਸ.ਪੀ. ਸਮਾਣਾ | ਇੰਸ. ਜਸਪ੍ਰੀਤ ਸਿੰਘ ਐਸ.ਐਚ.ਓ. ਸਿਟੀ ਸਮਾਣਾ | ਇੰਸ. ਅੰਕੁਰਦੀਪ ਸਿੰਘ ਐਸ.ਐਚ.ਓ. CIA ਸਮਾਣਾ | ਭਰਪੂਰ ਸਿੰਘ, ਸੈਕਟਰੀ ਮਾਰਕੀਟ ਕਮੇਟੀ, ਸਮਾਣਾ | ਬਰਜਿੰਦਰ ਸਿੰਘ ਈ.ਓ. ਸਮਾਣਾ | ਕੰਵਰਦੀਪ ਸਿੰਘ ਐਕਸੀਅਨ ਬਿਜਲੀ ਬੋਰਡ

ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਅਦਾਰਾ ਨਵਾਂ ਜਮਾਨਾ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ




ਐਡਵੋਕੇਟ ਨਵਦੀਪ ਸਿੰਘ ਢਿਲੋਂ ਪ੍ਰਧਾਨ ਬਾਰ ਐਸੋਸੀਏਸ਼ਨ, ਸਮਾਣਾ | ਐਡਵੋਕੇਟ ਸੰਦੀਪ ਜਿੰਦਲ ਮੀਤ ਪ੍ਰਧਾਨ ਬਾਰ ਐਸੋ. ਸਮਾਣਾ | ਐਡਵੋਕੇਟ ਕਸ਼ਮੀਰ ਸਿੰਘ ਚੂੰਬਰ ਸੈਕਟਰੀ ਬਾਰ ਐਸੋ. ਸਮਾਣਾ

ਦਾ ਮਾਈਲ ਸਟੋਨ ਅਕੈਡਮੀ ਸਮਾਣਾ ਵੱਲੋਂ ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਅਦਾਰਾ ਨਵਾਂ ਜਮਾਨਾ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ




ਲਾਇਨਜ ਕਲੱਬ ਸਮਾਣਾ ਗੋਲਡ ਵੱਲੋਂ ਅਜਾਦੀ ਦਿਵਸ ਮੋਕੇ ਸਮਾਣਾ ਤੇ ਵਿਸੇਸ਼ ਸਪਲੀਮੈਂਟ ਕੱਢਣ ਲਈ ਅਦਾਰਾ ਨਵਾਂ ਜਮਾਨਾ ਅਤੇ ਸਮੂਚੇ ਦੇਸ਼ ਵਾਸੀਆਂ ਨੂੰ ਅਜਾਦੀ ਦਿਹਾੜੇ ਦੀਆਂ ਬਹੁਤ ਬਹੁਤ ਮੁਬਾਰਕਾਂ



ਪ੍ਰਧਾਨ ਅਨੂਪ ਗੋਇਲ | ਜਰਨਲ ਸਕੱਤਰ ਮਨੀਸ਼ ਸਿੰਗਲਾ | ਕੈਸ਼ੀਅਰ ਲਵ ਮਿੱਤਲ | ਵਿਨੀਤ ਗਰਗ ਪੀ.ਆਰ.ਓ

ਅਸੀਂ 79 ਵੇਂ ਆਜਾਦੀ ਦਿਹਾੜੇ ਤੇ ਸਮਾਣਾ ਦਾ ਸਪਲੀਮੈਂਟ ਕੱਢਣ ਲਈ ਪੱਤਰਕਾਰ ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਅਜਾਦੀ ਦਿਹਾੜੇ ਦੀਆਂ ਸੁੱਭ ਕਾਮਨਾਵਾਂ ਦਿੰਦੇ ਹਾਂ।



ਸ੍ਰੀਮਤੀ ਪ੍ਰਨੀਤ ਕੌਰ ਸਾਬਕਾ ਵਿਦੇਸ਼ ਮੰਤਰੀ | ਸੁਰਿੰਦਰ ਸਿੰਘ ਖੇੜਕੀ ਹਲਕਾ ਇੰਚ. ਭਾਜਪਾ, ਸਮਾਣਾ | ਗੁਰਪ੍ਰੀਤ ਸਿੰਘ ਫਤਿਹਮਾਜਰੀ ਸਰਕਲ ਪ੍ਰਧਾਨ, ਸਮਾਣਾ


## ਘਰਾਂ ਦੀ ਰੋਣਕ



ਸੁਭਨੀਤ ਸਿੰਘ ਗੈਵੀ ਕਿੱਡ-ਜੀ ਸਮਾਰਟ ਸਕੂਲ | ਨਵਿਯਾ ਡੀ.ਏ.ਵੀ. ਸਕੂਲ ਸਮਾਣਾ | ਸਮਾਇਰਾ ਜੀ.ਪੀ.ਐਸ ਸਕੂਲ | ਆਰਵ

ਸੁਰਜੀਤ ਸਿੰਘ ਦਈਆ ਸੀਨੀਅਰ ਆਗੂ ਆਪ ਸਮਾਣਾ












ਸਮਾਣਾ ਇਲਾਕੇ ਦਾ ਸਭ ਤੋਂ ਵਧੀਆ ਅਤੇ ਸਸਤਾ (ਅਰੋੜਾ ਹਸਪਤਾਲ) ਸਮਾਣਾ ਜਿਥੇ ਹਰੇਕ ਤਰ੍ਹਾਂ ਦੀ ਬਿਮਾਰੀ ਦਾ ਤਸੱਲੀ ਬਖਸ਼ ਇਲਾਜ ਕੀਤਾ ਜਾਂਦਾ ਹੈ ਅਤੇ ਹਰ ਤਰ੍ਹਾਂ ਦੇ ਆਪਰੇਸ਼ਨ ਹੱਥ ਨਾਲ ਅਤੇ ਦੂਰਬੀਨ ਨਾਲ ਕੀਤੇ ਜਾਂਦੇ ਹਨ ਅਤੇ ਬੇ-ਔਲਾਦ ਜੋੜਿਆਂ ਦਾ IVF & Test Tube Baby ਦੁਆਰਾ ਮਾਪੇ ਬਣਨ ਦਾ ਸੁਪਨਾ ਸਾਕਾਰ ਕੀਤਾ ਜਾਂਦਾ ਹੈ ਅਤੇ ਮੋਟਾਪਾ ਘਟਾਓਣ ਲਈ ਸਫਲ ਇਲਾਜ ਕੀਤਾ ਜਾਂਦਾ ਹੈ।




ਸੈਲਰ ਐਸੋਸੀਏਸ਼ਨ ਸ਼ਹਿਰੀ ਵੱਲੋਂ ਅਸੀਂ 79 ਵੇਂ ਆਜਾਦੀ ਦਿਹਾੜੇ ਤੇ ਸਮਾਣਾ ਦਾ ਸਪਲੀਮੈਂਟ ਕੱਢਣ ਲਈ ਪੱਤਰਕਾਰ ਇਕਬਾਲ ਸਿੰਘ ਬੱਲ ਗੁਰਪਿਆਰ ਸਿੰਘ ਬੱਲ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਅਜਾਦੀ ਦਿਹਾੜੇ ਦੀਆਂ ਸੁੱਭ ਕਾਮਨਾਵਾਂ ਦਿੰਦੇ ਹਾਂ।



ਸੁਰੇਸ਼ ਕੁਮਾਰ ਭੋਲਾ ਪ੍ਰਧਾਨ ਸੈਲਰ ਐਸੋਸੀਏਸ਼ਨ ਸ਼ਹਿਰੀ ਸਮਾਣਾ

ਆਜ਼ਾਦੀ ਦਿਵਸ ਦੀਆਂ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ




## ਧੰਨਵਾਦ



ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ ਪੱਤਰਕਾਰ ਰੋਜ਼ਾਨਾ ਨਵਾਂ ਜ਼ਮਾਨਾ ਸਮਾਣਾ ਵੱਲੋਂ 79ਵੇਂ ਆਜ਼ਾਦੀ ਦਿਹਾੜੇ 'ਤੇ ਸਮੁੱਚੇ ਦੇਸ਼ ਵਾਸੀਆਂ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਲੱਖ-ਲੱਖ ਮੁਬਾਰਕਾਂ ਦਿੰਦੇ ਹਾਂ।



ਅਸੀਂ ਤਹਿ ਦਿਲੋਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਆਜ਼ਾਦੀ ਦਿਹਾੜੇ 'ਤੇ ਸਪਲੀਮੈਂਟ ਕੱਢਣ ਲਈ ਸਾਡਾ ਸਹਿਯੋਗ ਦਿੱਤਾ ਹੈ। ਅਸੀਂ ਭਵਿੱਖ ਵਿੱਚ ਵੀ ਉਨ੍ਹਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਸਾਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।



ਸ. ਗੁਰਵਿੰਦਰ ਸਿੰਘ-ਗੋਰਵ ਸੰਧੂ ਸੀਨੀਅਰ ਕਾਂਗਰਸੀ ਆਗੂ

ਅਜਾਦੀ ਦਿਹਾੜੇ ਤੇ ਸਮਾਣਾ ਦਾ ਵਿਸੇਸ਼ ਸਪਲੀਮੈਂਟ ਕੱਢਣ ਤੇ ਪੱਤਰਕਾਰ ਗੁਰਪਿਆਰ ਸਿੰਘ ਬੱਲ, ਪੱਤਰਕਾਰ ਇਕਬਾਲ ਸਿੰਘ ਬੱਲ ਅਤੇ ਅਦਾਰਾ ਨਵਾਂ ਜਮਾਨਾ ਨੂੰ ਮੁਬਾਰਕਬਾਦ ਦਿੰਦਾ ਹਾਂ। ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਅਦਾਰਾ ਨਵਾਂ ਜਮਾਨਾ ਦਾ ਸਮੂਹ ਸਟਾਫ ਦਿਨ ਦੁੱਗਨੀ ਰਾਤ ਚੁੱਗਣੀ ਤਰੱਕੀ ਕਰੇ।